Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 203 | Friday, October 15, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਪੰਜਾਬ ਕਾਂਗਰਸ ਦਾ ਰੱਫੜ: ਸਿੱਧੂ ਨੇ ਹਾਈ ਕਮਾਨ ਨਾਲ ਬੈਠਕ ਪਿੱਛੋਂ ਕਿਹਾ : ਰਾਹੁਲ ਤੇ ਪ੍ਰਿਅੰਕਾ ਦਾ ਕਿਹਾ ਮੰਨਾਂਗਾ


ਪੰਨਾ 05

# ਅੱਜ ਪ੍ਰੋਵਿੰਸ ਦੇ ਕਿਊ ਆਰ ਕੋਡ ਤੇ ਵੈਰੀਫਿਕੇਸ਼ਨ ਐਪ ਦਾ ਪਸਾਰ ਕਰ ਸਕਦੇ ਹਨ ਫੋਰਡ

ਓਨਟਾਰੀਓ, 14 ਅਕਤੂਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਸ਼ੁੱਕਰਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਕੀਤੇ ਜਾਣ ਦੀ ਸੰਭਾਵਨਾ ਹੈ ਜਿਸ ਵਿੱਚ ਉਹ ਪ੍ਰੋਵਿੰਸ ਦੇ ਕਿਊ ਆਰ ਕੋਡ ਤੇ ਵੈਰੀਫਿਕੇਸ਼ਨ ਐਪ ਦਾ ਪਸਾਰ ਕਰ ਸਕਦੇ ਹਨ। ਇਸ ਨਾਲ ਕਾਰੋਬਾਰਾਂ ਨੂੰ ਪਰੂਫ ਆਫ ਵੈਕਸੀਨੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਵਿੱਚ ਮਦਦ ਮਿਲੇਗੀ।



ਇਸ ਦੌਰਾਨ ਫੋਰਡ ਦੇ ਨਾਲ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਹੋਣਗੇ। ਇਹ ਪ੍ਰੈੱਸ ਕਾਨਫਰੰਸ ਸਵੇਰੇ 11:00 ਵਜੇ ਹੋਣ ਦੀ ਸੰਭਾਵਨਾ ਹੈ। ਡਿਜੀਟਲ ਐਪ 22 ਅਕਤੂਬਰ ਨੂੰ, ਭਾਵ ਇੱਕ ਹਫਤੇ ਤੱਕ ਲਾਂਚ ਕੀਤਾ ਜਾ ਸਕਦਾ ਹੈ। ਪਰ ਗੂਗਲ ਤੇ ਐਪਲ ਐਪ ਸਟੋਰ ਪਲੇਟਫਾਰਮਜ਼ ਤੋਂ ਇਸ ਨੂੰ ਪਹਿਲਾਂ ਹੀ ਰਲੀਜ਼ ਕਰ ਦਿੱਤਾ ਗਿਆ ਲੱਗਦਾ ਹੈ। ...ਬਾਕੀ ਪੰਨਾ 6 'ਤੇ

## ਸਾਬਕਾ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਹਸਪਤਾਲ ਦਾਖਲ

ਕੈਲੇਫੋਰਨੀਆ, 14 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਨੂੰ ਗੈਰ ਕੋਵਿਡ ਸਬੰਧੀ ਇਨਫੈਕਸ਼ਨ ਦੇ ਚੱਲਦਿਆਂ ਯੂਨੀਵਰਸਿਟੀ ਆਫ ਕੈਲੇਫੋਰਨੀਆ ਦੇ ਇਰਵੀਨ ਮੈਡੀਕਲ ਸੈਂਟਰ ਦੀ ਇੰਟੈਂਸਿਵ ਕੇਅਰ ਯੂਨਿਟ ਵਿੱਚ ਦਾਖਲ ਕਰਵਾਇਆ ਗਿਆ ਹੈ।



ਯੂਨੀਵਰਸਿਟੀ ਆਫ ਕੈਲੇਫੋਰਨੀਆ ਦੇ ਇਰਵੀਨ ਮੈਡੀਕਲ ਸੈਂਟਰ ਦੇ ਚੇਅਰ ਡਾ. ਅਲਪੇਸ਼ ਆਮਿਨ ਤੇ ਕਲਿੰਟਨ ਦੀ ਨਿਜੀ ਪ੍ਰਾਇਮਰੀ ਡਾਕਟਰ ਲੀਜ਼ਾ ਬਾਰਡੈਕ ਵੱਲੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਵਿੱਚ ਆਖਿਆ ਗਿਆ ਕਿ ਉਨ੍ਹਾਂ ਨੂੰ ਆਈਸੀਯੂ ਵਿੱਚ ਨਿਗਰਾਨੀ ਲਈ ਤੇ ਐਂਟੀਬਾਇਓਟਿਕਸ ਤੇ ਫਲੂਡਜ਼ ਲਈ ਭਰਤੀ ਕਰਵਾਇਆ ਗਿਆ ਹੈ। ...ਬਾਕੀ ਪੰਨਾ 6 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

# ਓਟੂਲ ਖਿਲਾਫ ਮੋਰਚਾ ਖੋਲ੍ਹਣ ਵਾਲੇ ਨੈਸ਼ਨਲ ਕਾਊਂਸਲ ਦੇ ਮੈਂਬਰ ਨੂੰ ਕੀਤਾ ਗਿਆ ਸਸਪੈਂਡ

ਓਨਟਾਰੀਓ, 14 ਅਕਤੂਬਰ (ਪੋਸਟ ਬਿਊਰੋ) : ਐਰਿਨ ਓਟੂਲ ਦੀ ਲੀਡਰਸ਼ਿਪ ਦੇ ਸਬੰਧ ਵਿੱਚ ਆਪਣੇ ਆਪ ਹੀ ਮੁਲਾਂਕਣ ਦੀ ਸ਼ੁਰੂਆਤ ਕਰਨ ਵਾਲੇ ਕੰਜ਼ਰਵੇਟਿਵ ਪਾਰਟੀ ਦੀ ਨੈਸ਼ਨਲ ਕਾਊਂਸਲ ਦੇ ਮੈਂਬਰ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

ਬਰਟ ਚੈਨ ਓਨਟਾਰੀਓ ਤੋਂ ਨੁਮਾਇੰਦੇ ਵਜੋਂ ਪਾਰਟੀ ਦੀ ਨੈਸ਼ਨਲ ਕਾਊਂਸਲ ਵਿੱਚ ਬੈਠਦਾ ਸੀ ਜਦੋਂ ਉਸ ਨੇ ਇਹ ਸੋਚ ਕੇ ਓਟੂਲ ਖਿਲਾਫ ਦਸਤਖ਼ਤ ਇੱਕਠੇ ਕਰਵਾਉਣ ਲਈ ਆਨਲਾਈਨ ਪਟੀਸ਼ਨ ਦੀ ਸ਼ੁਰੂਆਤ ਕਰਵਾ ਦਿੱਤੀ ਕਿ ਕਾਊਂਸਲ 2023 ਤੋਂ ਪਹਿਲਾਂ ਰਾਇਸ਼ੁਮਾਰੀ ਕਰਵਾ ਲਵੇਗੀ।



ਕੰਜ਼ਰਵੇਟਿਵਾਂ ਦੀ ਚੋਣਾਂ ਵਿੱਚ ਹੋਈ ਹਾਰ ਦੇ 24 ਘੰਟੇ ਦੇ ਅੰਦਰ ਹੀ ਉਸ ਨੇ ਇਹ ਪਟੀਸ਼ਨ ਲਾਂਚ ਕਰ ਦਿੱਤੀ ਤੇ ਇਸ ਨੇ ਹੀ ਓਟੂਲ ਦੇ ਕਾਰਜਕਾਲ ਉੱਤੇ ਪਹਿਲਾ ਸਵਾਲ ਉਠਾਇਆ।

ਚੈਨ ਨੇ ਆਖਿਆ ਕਿ ਮੈਂਬਰਾਂ ਦਾ ਇਹ ਮੰਨਣਾ ਹੈ ਕਿ ਓਟੂਲ ਨੇ ਪਾਰਟੀ ਦੀਆਂ ਕਦਰਾਂ ਕੀਮਤਾਂ ਨਾਲ ਧੋਖਾ ਕੀਤਾ ਹੈ। ਪਾਰਟੀ ਦੇ ਪ੍ਰੈਜ਼ੀਡੈਂਟ ਰੌਬ ਬਾਥਰਸਨ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਚੈਨ ਦੀ ਇਸ ਹਰਕਤ ਕਾਰਨ ਉਨ੍ਹਾਂ ਨੂੰ ਹਾਸਲ ਹੋਈਆਂ ਸ਼ਿਕਾਇਤਾਂ ਤੋਂ ਬਾਅਦ ਉਸ ਨੂੰ 60 ਦਿਨਾਂ ਲਈ ਸਸਪੈਂਡ ਕੀਤਾ ਗਿਆ ਹੈ ਤੇ ਇਸ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਇੱਕ ਫੇਸਬੁੱਕ ਪੋਸਟ ਵਿੱਚ ਚੈਨ ਨੇ ਆਖਿਆ ਕਿ ਉਸ ਨੂੰ ਇਸ ਲਈ ਸਸਪੈਂਡ ਕੀਤਾ ਗਿਆ ਹੈ ਤਾਂ ਕਿ ਅਜਿਹੇ ਕੰਜ਼ਰਵੇਟਿਵ ਮੈਂਬਰਾਂ ਨੂੰ ਚੁੱਪ ਕਰਵਾਇਆ ਜਾ ਸਕੇ ਜਿਨ੍ਹਾਂ ਦਾ ਐਰਿਨ ਓਟੂਲ ਦੀ ਲੀਡਰਸ਼ਿਪ ਤੋਂ ਭਰੋਸਾ ਉੱਠ ਚੁੱਕਿਆ ਹੈ।

## ਰਨਰ ਅਪ ਟੀਮ



ਤੀਜੀ ਵਾਰ ਆਰਪੀਐਲ ਦੇ ਮੁਕਾਬਲੇ ਵਿਚੋਂ ਸੈਂਚੁਰੀ ਟਵੈਂਟੀ ਵਨ ਪ੍ਰੈਜ਼ੀਡੈਂਟ ਰਿਐਲਿਟੀ ਦੀ ਕ੍ਰਿਕਟ ਟੀਮ ਇਸ ਵਾਰ ਵੀ ਰਨਰ ਅਪ ਰਹੀ। ਸੈਂਚੁਰੀ ਟਵੈਂਟੀ ਵਨ ਪ੍ਰੈਜ਼ੀਡੈਂਟ ਰਿਐਲਿਟੀ ਵਲੋਂ ਜਿੱਥੇ ਕ੍ਰਿਕਟ ਟੀਮ ਦੇ ਜੇਤੂ ਰਹੇ ਖਿਡਾਰੀਆਂ ਨੂੰ ਉਥੇ ਨਾਲ ਹੀ ਬ੍ਰੋਕਰੇਜ ਦੇ ਪ੍ਰਾਡਿਊਸਰਜ਼ ਲਈ ਨਾਈਗਰਾ ਫਾਲਜ਼ ਵਿਖੇ ਸ਼ਾਨਦਾਰ ਡਿਨਰ ਦਾ ਆਯੋਜਨ ਕੀਤਾ ਗਿਆ। ਤਸਵੀਰ ਵਿਚ ਸੈਂਚੁਰੀ ਟਵੈਂਟੀ ਵਨ ਪ੍ਰੈਜ਼ੀਡੈਂਟ ਰਿਐਲਿਟੀ ਦੀ ਆਰਪੀਐਲ ਕ੍ਰਿਕਟ ਟੀਮ ਦੇ ਖਿਡਾਰੀ, ਟਾਪ ਪ੍ਰਾਡਿਊਸਰਸ ਤੇ ਲਿਸਟਰਜ਼ ਨਜ਼ਰ ਆ ਰਹੇ ਹਨ। ਇਸ ਦੇ ਨਾਲ ਹੀ ਸੈਂਚੁਰੀ ਟਵੈਂਟੀ ਵਨ ਪ੍ਰੈਜ਼ੀਡੈਂਟ ਰਿਐਲਿਟੀ ਦੇ ਬ੍ਰੋਕਰ ਆਫ ਰੈਕਰਡ ਗੈਰੀ ਭੋਰਾ ਵਲੋਂ ਸਭ ਨੂੰ ਸ਼ੁਭ ਇੱਛਾਵਾਂ ਦਿੱਤੀਆਂ ਗਈਆਂ ਤੇ ਧੰਨਵਾਦ ਕੀਤਾ ਗਿਆ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

INSURANCE MART
INSURANCE COMPANY
- Life Insurance
- Critical Illness
- Disability
- Super Visa
- Home and Auto Insurance
Gurdip Gill
(647)767-6665
gurdipgill1@hotmail.ca

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Dubai Jewellers
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਨਵੰਬਰ ਤੋਂ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਲਈ ਆਪਣੀਆਂ ਸਰਹੱਦਾਂ ਖੋਲ੍ਹੇਗਾ ਅਮਰੀਕਾ

ਕੈਨਮਰ, ਅਲਬਰਟਾ, 14 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਕਾਰਨ ਲੰਮੇਂ ਸਮੇਂ ਤੱਕ ਬੰਦ ਰਹਿਣ ਤੋਂ ਬਾਅਦ ਨਵੰਬਰ ਵਿੱਚ ਅਮਰੀਕਾ ਵੱਲੋਂ ਜ਼ਮੀਨੀ ਤੇ ਸਮੁੰਦਰੀ ਸਰਹੱਦ ਨੂੰ ਗੈਰ ਜ਼ਰੂਰੀ ਟਰੈਵਲ ਲਈ ਖੋਲ੍ਹ ਦਿੱਤਾ ਜਾਵੇਗਾ।

ਮੰਗਲਵਾਰ ਰਾਤ ਨੂੰ ਵ੍ਹਾਈਟ ਹਾਊਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਕੈਨੇਡਾ ਤੇ ਮੈਕਸਿਕੋ ਤੋਂ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਵਿਜ਼ੀਟਰਜ਼ ਲਈ ਅਗਲੇ ਮਹੀਨੇ ਤੋਂ ਸਰਹੱਦਾਂ ਖੋਲ੍ਹ ਦਿੱਤੀਆਂ ਜਾਣਗੀਆਂ। ਪਰ ਅਧਿਕਾਰੀਆਂ ਵੱਲੋਂ ਇਹ ਸਪਸ਼ਟ ਨਹੀਂ ਕੀਤਾ ਗਿਆ ਹੈ ਕਿ ਕਿਹੜੀ ਵੈਕਸੀਨਜ਼ ਲਵਾਉਣ ਵਾਲਿਆਂ ਨੂੰ ਸਵੀਕਾਰਿਆ ਜਾਵੇਗਾ ਤੇ ਜਾਂ ਫਿਰ ਮਿਕਸਡ ਡੋਜ਼ਾਂ ਵਾਲਿਆਂ ਦਾ ਵੀ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਜਾਵੇਗਾ ਜਾਂ ਨਹੀਂ।




ਵ੍ਹਾਈਟ ਹਾਊਸ ਅਧਿਕਾਰੀਆਂ ਵੱਲੋਂ ਇਹ ਜਾਣਕਾਰੀ ਵੀ ਨਹੀਂ ਦਿੱਤੀ ਗਈ ਕਿ ਕੋਵਿਡ-19 ਲਈ ਐਸਟ੍ਰਾਜ਼ੈਨੇਕਾ ਵੈਕਸੀਨ, ਜਿਸ ਦੀ ਅਮਰੀਕਾ ਵਿੱਚ ਵਰਤੋਂ ਦੀ ਇਜਾਜ਼ਤ ਨਹੀਂ ਹੈ, ਲਵਾਉਣ ਵਾਲਿਆਂ ਨੂੰ ਅਮਰੀਕਾ ਆਉਣ ਦੀ ਖੁੱਲ੍ਹ ਹੋਵੇਗੀ ਜਾਂ ਨਾ। ਇਸ ਸਮੇਂ ਇਸ ਬਾਬਤ ਕੋਈ ਜਵਾਬ ਨਹੀਂ ਦਿੱਤਾ ਗਿਆ ਹੈ। ਇਹੋ ਸਵਾਲ ਮਿਕਸਡ ਡੋਜ਼ ਲਵਾਉਣ ਲਈ ਵੀ ਖਰਾ ਬੈਠਦਾ ਹੈ। ਮਾਰਚ 2020 ਤੋਂ ਹੀ ਨੋਵਲ ਕਰੋਨਾਵਾਇਰਸ ਦੇ ਦੁਨੀਆ ਭਰ ਵਿੱਚ ਫੈਲਣ ਤੋਂ ਬਾਅਦ ਅਮਰੀਕਾ ਵੱਲੋਂ ਗੈਰ ਜ਼ਰੂਰੀ ਟਰੈਵਲ ਸਬੰਧੀ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ।

ਪਿਛਲੇ 90 ਦਿਨਾਂ ਤੋਂ ਕੋਵਿਡ-19 ਦਾ ਨੈਗੇਟਿਵ ਸਬੂਤ ਦੇ ਕੇ ਜਾਂ ਕੋਵਿਡ-19 ਤੋਂ ਠੀਕ ਹੋਣ ਦਾ ਸਬੂਤ ਪੇਸ਼ ਕਰਕੇ ਤੇ ਅਜਿਹੇ ਹੀ ਕੁੱਝ ਹਾਲਾਤ ਤਹਿਤ ਅਮਰੀਕਾ ਲਈ ਏਅਰ ਟਰੈਵਲ ਸ਼ੁਰੂ ਕਰ ਦਿੱਤਾ ਗਿਆ ਸੀ।

## ਮਹਿਲਾ ਉੱਤੇ ਜਿਨਸੀ ਹਮਲਾ ਕਰਨ ਦੇ ਦੋਸ਼ ਵਿੱਚ ਪੰਜਾਬੀ ਨੂੰ ਕੀਤਾ ਗਿਆ ਚਾਰਜ

ਬਰੈਂਪਟਨ, 14 ਅਕਤੂਬਰ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਦੇ ਸਾਹਮਣੇ ਇੱਕ ਮਹਿਲਾ ਉੱਤੇ ਜਿਨਸੀ ਹਮਲਾ ਹੋਣ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਇਹ ਜਾਣਕਾਰੀ ਪੀਲ ਪੁਲਿਸ ਨੇ ਦਿੱਤੀ।

ਦਿੱਤੀ।

7 ਅਕਤੂਬਰ ਨੂੰ ਰਾਤੀਂ 10:45 ਵਜੇ ਪੁਲਿਸ ਨੇ ਦੱਸਿਆ ਕਿ ਇੱਕ ਮਹਿਲਾ ਆਪਣੇ ਘਰ, ਜੋ ਕਿ ਵਿਲੀਅਮਜ਼ ਪਾਰਕਵੇਅ ਤੇ ਵ੍ਹਾਈਟਵਾਸ਼ ਵੇਅ ਨੇੜੇ ਸਥਿਤ ਹੈ, ਦੇ ਬਾਹਰ ਖੜ੍ਹੀ ਸੀ, ਜਦੋਂ ਇੱਕ ਵਿਅਕਤੀ ਨੇ ਪਿੱਛਿਓਂ ਆ ਕੇ ਉਸ ਮਹਿਲਾ ਉੱਤੇ ਜਿਨਸੀ ਹਮਲਾ ਕੀਤਾ। ਪੁਲਿਸ ਨੇ ਦੱਸਿਆ ਕਿ ਅਜਿਹਾ ਕਰਨ ਤੋਂ ਬਾਅਦ ਉਹ ਵਿਅਕਤੀ ਪੈਦਲ ਹੀ ਉੱਥੋਂ ਫਰਾਰ ਹੋ ਗਿਆ। ਉਸ ਮਹਿਲਾ ਨੂੰ ਮਾਮੂਲੀ ਸੱਟਾਂ ਵੀ ਲੱਗੀਆਂ।

9 ਅਕਤੂਬਰ ਨੂੰ ਜਾਂਚਕਾਰਾਂ ਨੇ



29 ਸਾਲਾ ਹਰਪ੍ਰੀਤ ਭੁੱਲਰ ਨੂੰ ਇਸ ਮਾਮਲੇ ਦੇ ਸਬੰਧ ਵਿੱਚ ਗ੍ਰਿਫਤਾਰ ਕਰ ਲਿਆ। ਭੁੱਲਰ ਖਿਲਾਫ ਜਿਨਸੀ ਹਮਲੇ ਦਾ ਇੱਕ ਮਾਮਲਾ ਤੇ 5000 ਡਾਲਰ ਤਹਿਤ ਸ਼ਰਾਰਤ ਕਰਨ ਦਾ ਇੱਕ ਮਾਮਲਾ ਦਰਜ ਕੀਤਾ ਹੈ। ਜਾਂਚਕਾਰਾਂ ਨੇ ਦੱਸਿਆ ਕਿ ਭੁੱਲਰ ਵੱਲੋਂ ਹੋਰਨਾਂ ਮਹਿਲਾਵਾਂ ਨੂੰ ਵੀ ਆਪਣਾ ਸ਼ਿਕਾਰ ਬਣਾਇਆ ਗਿਆ ਹੋ ਸਕਦਾ ਹੈ ਤੇ ਉਨ੍ਹਾਂ ਆਖਿਆ ਕਿ ਮਸ਼ਕੂਕ ਨੂੰ ਪਛਾਨਣ ਤੋਂ ਬਾਅਦ ਜੇ ਕੋਈ ਹੋਰ ਮਹਿਲਾ ਵੀ ਇਸ ਤਰ੍ਹਾਂ ਦੀ ਕਿਸੇ ਹਰਕਤ ਬਾਰੇ ਜਾਣਕਾਰੀ ਦੇਣਾ ਚਾਹੁੰਦੀ ਹੈ ਤਾਂ ਉਹ ਸਾਹਮਣੇ ਆ ਸਕਦੀ ਹੈ।

# ਟਰੂਡੋ ਨਾਲ ਜਲਦ ਤੋਂ ਜਲਦ ਆਹਮੋ ਸਾਹਮਣੀਂ ਮੁਲਾਕਾਤ ਕਰਨੀ ਚਾਹੁੰਦੇ ਹਨ ਮੈਕਰੌਨ

ਓਟਵਾ, 14 ਅਕਤੂਬਰ (ਪੋਸਟ ਬਿਊਰੋ) : ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਜਲਦ ਤੋਂ ਜਲਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਆਹਮੋ ਸਾਹਮਣੀਂ ਮੁਲਾਕਾਤ ਕਰਨੀ ਚਾਹੁੰਦੇ ਹਨ।

ਕੈਨੇਡਾ ਲਈ ਫਰਾਂਸ ਦੀ ਅੰਬੈਸਡਰ ਕਰੀਨ ਰਿਸਪਲ ਨੇ ਆਖਿਆ ਕਿ ਮਹਾਂਮਾਰੀ ਤੋਂ ਪਹਿਲਾਂ ਦੋਵਾਂ ਮੁਲਕਾਂ ਦਰਮਿਆਨ ਅਧੂਰੇ ਪਏ ਬਿਜ਼ਨਸ ਨੂੰ ਮੁੜ ਸਿਰੇ ਲਾਉਣ ਤੋਂ ਇਲਾਵਾ ਮੈਕਰੌਨ ਪਿਛਲੇ ਮਹੀਨੇ ਅਮਰੀਕਾ, ਬ੍ਰਿਟੇਨ ਤੇ ਆਸਟਰੇਲੀਆ ਦਰਮਿਆਨ ਕਾਇਮ ਕੀਤੇ ਗਏ ਗੱਠਜੋੜ ਔਕਸ ਬਾਰੇ ਟਰੂਡੋ ਦੇ ਵਿਚਾਰ ਵੀ ਸੁਣਨਾ ਚਾਹੁੰਦੇ ਹਨ। ਇਨ੍ਹਾਂ ਤਿੰਨਾਂ ਮੁਲਕਾਂ ਵੱਲੋਂ ਬਣਾਏ ਗਏ ਇਸ ਔਕਸ ਗੱਠਜੋੜ ਕਾਰਨ ਮੈਕਰੌਨ ਕਾਫੀ ਖਫਾ ਹਨ ਤੇ ਉਹ ਇਸ ਨੂੰ





ਆਪਣੇ ਭਰੋਸੇਮੰਦ ਭਾਈਵਾਲਾਂ ਵੱਲੋਂ ਪਿੱਠ ਵਿੱਚ ਛੁਰਾ ਮਾਰਨ ਬਰਾਬਰ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ ਇਸ ਗੱਠਜੋੜ ਵਿੱਚ ਸ਼ਾਮਲ ਨਾ ਕੀਤੇ ਜਾਣ ਨਾਲ ਟਰੂਡੋ ਨੂੰ ਕੋਈ ਫਰਕ ਪੈਂਦਾ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਗੱਠਜੋੜ ਪ੍ਰਮਾਣੂ ਸਬਮਰੀਨਜ਼ ਆਸਟਰੇਲੀਆ ਨੂੰ ਵੇਚਣ ਦਾ ਮਾਮਲਾ ਹੈ, ਜਿਸ ਵਿੱਚ ਕੈਨੇਡਾ ਨੂੰ ਕੋਈ ਦਿਲਚਸਪੀ ਨਹੀਂ। ਇੱਥੇ ਦੱਸਣਾ ਬਣਦਾ ਹੈ ਕਿ ਔਕਸ ਨੂੰ ਇਸ ਲਈ ਕਾਇਮ ਕੀਤਾ ਗਿਆ ਹੈ ਤਾਂ ਕਿ ਇੰਡੋ-ਪੈਸੇਫਿਕ ਵਿੱਚ ਚੀਨ ਦੇ ਵੱਧ ਰਹੇ ਦਬਦਬੇ ਦਾ ਸਾਹਮਣਾ ਕਰਨ ਲਈ ਆਸਟਰੇਲੀਆ ਦੇ ਹੱਥ ਮਜ਼ਬੂਤ ਕੀਤੇ ਜਾ ਸਕਣ। ਪ੍ਰਮਾਣੂ ਸਬਮਰੀਨਜ਼ ਦੇ ਫਲੀਟ ਨਾਲ ਆਸਟਰੇਲੀਆ ਨੂੰ ਲੈਸ ਕਰਨਾ ਦੀ ਗਰੁੱਪ ਨੂੰ ਕਾਇਮ ਕਰਨ ਦਾ ਮੁੱਖ ਮਕਸਦ ਹੈ। ਇਸ ਦੇ ਨਾਲ ਹੀ ਇਸ ਡੀਲ ਨਾਲ ਤਿੰਨਾਂ ਦੇਸ਼ਾਂ ਦਰਮਿਆਨ ਡਿਫੈਂਸ ਇੰਡਸਟਰੀ ਵਿੱਚ ਸਹਿਯੋਗ ਹੋਰ ਵਧੇਗਾ।

ਫਰਾਂਸ ਦੇ ਰਾਸ਼ਟਰਪਤੀ ਨੂੰ ਇਸ ਮਾਮਲੇ ਵਿੱਚ ਗੁੱਸਾ ਇਸ ਲਈ ਆਇਆ ਕਿਉਂਕਿ ਉਸ ਦੇ ਡਿਫੈਂਸ ਕਾਂਟਰੈਕਟਰਜ਼ ਵੀ ਪ੍ਰਮਾਣੂ ਸਬਮਰੀਨਜ਼ ਬਣਾਉਂਦੇ ਹਨ। ਮੈਕਰੌਨ ਨੇ ਵਾਸ਼ਿੰਗਟਨ ਤੋਂ ਆਪਣੇ ਅੰਬੈਸਡਰ ਨੂੰ ਵਾਪਿਸ ਸੱਦ ਕੇ ਇਸ ਸਬੰਧ ਵਿੱਚ ਆਪਣਾ ਗੁੱਸਾ ਪ੍ਰਗਟਾਇਆ। ਭਾਵੇਂ ਅੰਬੈਸਡਰ ਆਪਣੇ ਅਹੁਦੇ ਉੱਤੇ ਮੁੜ ਆ ਗਏ ਹਨ ਪਰ ਮੈਕਰੌਨ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਬਾਇਡਨ ਪ੍ਰਸ਼ਾਸਨ ਵੱਲੋਂ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਵੀ ਪਤਾ ਲੱਗਿਆ ਹੈ ਕਿ ਮੈਕਰੌਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨਾਲ ਮੀਟਿੰਗ ਕਰਨ ਉੱਤੇ ਕੰਮ ਕਰ ਰਹੇ ਹਨ।

ਇਸ ਦੌਰਾਨ ਟਰੂਡੋ ਦੇ ਤਰਜ਼ਮਾਨ ਐਲੈਕਸ ਵੈੱਲਸਟੈੱਡ ਨੇ ਇੱਕ ਈਮੇਲ ਵਿੱਚ ਆਖਿਆ ਕਿ ਪ੍ਰਧਾਨ ਮੰਤਰੀ ਵੀ ਜਲਦ ਤੋਂ ਜਲਦ ਰਾਸ਼ਟਰਪਤੀ ਮੈਕਰੌਨ ਨਾਲ ਮੁਲਾਕਾਤ ਕਰਨਗੇ।

## ਟੋਰਾਂਟੋ ਜ਼ੂ ਦਾ ਦੌਰਾ ਕਰਨ ਤੋਂ ਪਹਿਲਾਂ ਮਹਿਮਾਨਾਂ ਦਾ ਪੂਰੀ ਤਰ੍ਹਾਂ ਵੈਕਸੀਨੇਟ ਹੋਣਾ ਜ਼ਰੂਰੀ

ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਜ਼ੂ ਵੱਲੋਂ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਸਾਰੇ ਵਿਜ਼ੀਟਰਜ਼ ਲਈ ਇਹ ਸ਼ਰਤ ਰੱਖੀ ਜਾ ਰਹੀ ਹੈ ਕਿ ਮਸ਼ਹੂਰ ਟੂਰਿਸਟ ਅਟਰੈਕਸ਼ਨ ਆਉਣ ਤੋਂ ਪਹਿਲਾਂ ਕੋਵਿਡ-19 ਖਿਲਾਫ ਪੂਰੀ ਵੈਕਸੀਨੇਸ਼ਨ ਕਰਵਾ ਕੇ ਹੀ ਆਉਣ।

ਇਸ ਨਵੀਂ ਨੀਤੀ, ਜਿਸ ਦਾ ਐਲਾਨ ਬੁੱਧਵਾਰ ਨੂੰ ਕੀਤਾ ਗਿਆ, ਤਹਿਤ ਮਹਿਮਾਨਾਂ, ਮੈਂਬਰਾਂ, ਬਿਜ਼ਨਸ ਪਾਰਟਨਰਜ਼ ਤੇ ਕਾਂਟਰੈਕਟਰਜ਼ ਨੂੰ ਜ਼ੂ ਵਿੱਚ ਦਾਖਲ ਹੋਣ ਤੋਂ ਪਹਿਲਾਂ ਆਪਣੇ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਦਾ ਸਬੂਤ ਦੇਣਾ ਹੋਵੇਗਾ। ਇੱਕ ਨਿਊਜ਼ ਰਲੀਜ਼ ਵਿੱਚ ਜ਼ੂ ਨੇ ਆਖਿਆ ਕਿ ਭਾਵੇਂ ਫੈਸਿਲਿਟੀਜ਼ ਕੋਲ ਲੋਕਾਂ ਦੇ ਮਨੋਰੰਜਨ ਲਈ ਕਈ ਆਊਟਡਰ ਸਪੇਸਿਜ਼ ਹਨ, ਕਈ ਇੰਡੋਰ ਸਪੇਸਿਜ਼ ਅਜਿਹੀਆਂ ਹਨ ਜਿੱਥੇ ਮਹਿਮਾਨ ਅਕਸਰ ਜਾਣਾ ਪਸੰਦ ਕਰਦੇ ਹਨ। ਜ਼ੂ ਨੇ ਆਖਿਆ



ਕਿ ਉਨ੍ਹਾਂ ਨੂੰ ਆਪਣੇ ਮਹਿਮਾਨਾਂ, ਸਟਾਫ ਤੇ ਜਾਨਵਰਾਂ ਨੂੰ ਕੋਵਿਡ-19 ਤੋਂ ਬਚਾਉਣ ਲਈ ਹਰ ਤਰ੍ਹਾਂ ਦੀ ਅਹਿਤਿਆਤ ਵਰਤਣੀ ਹੋਵੇਗੀ। ਟੋਰਾਂਟੋ ਜ਼ੂ ਦੇ ਸੀਈਓ ਡੌਲਫ ਡੀਜੌਂਗ ਨੇ ਇੱਕ ਲਿਖਤੀ ਬਿਆਨ ਵਿੱਚ ਆਖਿਆ ਕਿ ਕਈ ਜਾਨਵਰ, ਜਿਵੇਂ ਕਿ ਗੁਰਿੱਲਾ, ਓਰੈਂਗੋਟੈਨ, ਚੀਤਾ ਤੇ ਸ਼ੇਰ ਆਦਿ ਵੀ ਕੋਵਿਡ-19 ਕਾਰਨ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਹਨ। ਸਾਨੂੰ ਉਨ੍ਹਾਂ ਦੀ ਹਿਫਾਜ਼ਤ ਵੀ ਕਰਨੀ ਹੋਵੇਗੀ। ਇਹ ਪਾਲਿਸੀ 25 ਅਕਤੂਬਰ ਤੋਂ ਲਾਗੂ ਹੋਵੇਗੀ।

## 16 ਸਾਲਾ ਲੜਕੇ ਦੇ ਕਤਲ ਦੇ ਸਬੰਧ ਵਿੱਚ ਟੀਨੇਜਰ ਲੜਕੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਸਰਵਿਸ ( ਟੀ ਪੀ ਐਸ ) ਵੱਲੋਂ ਜੁਲਾਈ ਵਿੱਚ 16 ਸਾਲਾ ਕੇਡਨ ਫਰਾਂਸਿਜ਼ ਦੇ ਗੋਲੀ ਮਾਰ ਕੇ ਕੀਤੇ ਗਏ ਕਤਲ ਦੇ ਸਬੰਧ ਵਿੱਚ ਇੱਕ ਟੀਨੇਜਰ ਕੁੜੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

15 ਸਾਲਾ ਲੜਕੀ ਨੂੰ ਬੁੱਧਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਉਸ ਨੂੰ ਚਾਰਜ ਕੀਤਾ ਗਿਆ। ਉਸ ਨੂੰ ਅੱਜ ਸਵੇਰੇ 10:00 ਵਜੇ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ। 3 ਜੁਲਾਈ ਨੂੰ ਸ਼ਾਮੀਂ 6:00 ਵਜੇ ਗੋਲੀ ਚੱਲਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਹਾਈਵੇਅ 401 ਤੇ ਕੈਨੇਡੀ ਰੋਡ ਨੇੜੇ ਅੰਡ੍ਰਿਮ ਕਰੀਸੈਂਟ ਉੱਤੇ ਸੱਦਿਆ ਗਿਆ।

ਫਰਾਂਸਿਜ਼ ਮੌਕੇ ਉੱਤੇ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ



ਗਿਆ। ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਉਸ ਸਮੇਂ ਇਹ ਆਖਿਆ ਸੀ ਕਿ ਫਰਾਂਸਿਜ਼ ਆਪਣੇ ਦੋਸਤਾਂ ਨਾਲ ਰਸਤੇ ਉੱਤੇ ਜਾ ਰਿਹਾ ਸੀ ਜਦੋਂ ਇੱਕ ਕਾਲੇ ਰੰਗ ਦੀ ਐਸਯੂਵੀ ਇੱਕ ਜਾਂ ਵੱਧ ਮਸ਼ਕੂਕ ਆਏ ਤੇ ਉਨ੍ਹਾਂ ਉਸ ਉੱਤੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਕੋਈ ਹੋਰ ਜ਼ਖ਼ਮੀ ਨਹੀਂ ਹੋਇਆ।

ਟੀ ਪੀ ਐਸ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਅਜੇ ਵੀ ਚੱਲ ਰਹੀ ਹੈ।

# ਤੀਰ ਕਮਾਨ ਨਾਲ ਹਮਲਾ ਕਰਕੇ ਇੱਕ ਵਿਅਕਤੀ ਨੇ ਲਈ 5 ਵਿਅਕਤੀਆਂ ਦੀ ਜਾਨ, 2 ਜ਼ਖ਼ਮੀ

ਓਸਲੋ, 14 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਨੌਰਵੇ ਦੇ ਕੌਂਗਸਬਰਗ ਟਾਊਨ ਵਿੱਚ ਇੱਕ ਵਿਅਕਤੀ ਵੱਲੋਂ ਤੀਰ ਕਮਾਨ ਨਾਲ ਕੀਤੇ ਗਏ ਹਮਲੇ ਕਾਰਨ ਪੰਜ ਵਿਅਕਤੀ ਮਾਰੇ ਗਏ ਤੇ ਦੋ ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਲੋਕਲ ਪੁਲਿਸ ਨੇ ਦਿੱਤੀ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੁਲਿਸ ਚੀਫ ਓਏਵਿੰਡ ਆਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕੁੱਝ ਵਿਅਕਤੀਆਂ ਉੱਤੇ ਹਮਲੇ ਲਈ ਮਸ਼ਕੂਕ ਨੇ ਤੀਰ ਕਮਾਨ ਦੀ ਵਰਤੋਂ ਕੀਤੀ। ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕਿਤੇ ਇਸ ਦੌਰਾਨ ਹੋਰ ਹਥਿਆਰਾਂ ਦੀ ਵਰਤੋਂ ਤਾਂ ਨਹੀਂ ਕੀਤੀ ਗਈ। ਇਹ ਵੀ ਦੱਸਿਆ ਗਿਆ ਕਿ ਇਸ ਵਿਅਕਤੀ ਨੇ ਇੱਕਲਿਆਂ ਹੀ ਇਨ੍ਹਾਂ



ਹਮਲਿਆਂ ਨੂੰ ਅੰਜਾਮ ਦਿੱਤਾ। ਜ਼ਖ਼ਮੀਆਂ ਵਿੱਚ ਇੱਕ ਸ਼ਖਸ ਛੁੱਟੀ ਉੱਤੇ ਗਿਆ ਪੁਲਿਸ ਅਧਿਕਾਰੀ ਵੀ ਸੀ।

2011 ਤੋਂ ਬਾਅਦ ਨੌਰਵੇ ਵਿੱਚ ਹੋਇਆ ਇਹ ਸੱਭ ਤੋਂ ਖਤਰਨਾਕ ਹਮਲਾ ਦੱਸਿਆ ਜਾ ਰਿਹਾ ਹੈ। ਉਸ ਸਮੇਂ ਸੱਜੇ ਪੱਖੀ ਸੋਚ ਵਾਲੇ ਐਂਡਰਜ਼ ਬਹਿਰਿੰਗ ਬ੍ਰੇਵਿਕ ਨੇ 77 ਲੋਕਾਂ ਨੂੰ ਮਾਰ ਮੁਕਾਇਆ ਸੀ, ਜਿਨ੍ਹਾਂ ਵਿੱਚੋਂ ਬਹੁਤੇ ਯੂਥ ਕੈਂਪ ਵਿੱਚ ਹਿੱਸਾ ਲੈਣ ਆਏ ਟੀਨੇਜਰਜ਼ ਸਨ। ਇਹ ਹਮਲਾ ਰਾਜਧਾਨੀ ਓਸਲੋ ਤੋਂ 68 ਕਿਲੋਮੀਟਰ ਦੂਰ ਦੱਖਣ ਪੂਰਬੀ ਨੌਰਵੇ ਦੇ ਕੌਂਗਸਬਰਗ ਇਲਾਕੇ ਵਿੱਚ ਹੋਇਆ। ਸਰਕਾਰ ਨੇ ਦੱਸਿਆ ਕਿ ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਰੈਸਟੋਰੈਂਟ ਦੇ ਬਾਹਰ ਚੱਲੀ ਗੋਲੀ ਵਿੱਚ ਇੱਕ ਹਲਾਕ

ਸਕਾਰਬਰੋ, 14 ਅਕਤੂਬਰ ( ਪੋਸਟ ਬਿਊਰੋ) : ਬੁੱਧਵਾਰ ਦੇਰ ਰਾਤ ਸਕਾਰਬਰੋ ਵਿੱਚ ਇੱਕ ਰੈਸਟੋਰੈਂਟ ਦੇ ਪਾਰਕਿੰਗ ਲੌਟ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਘਟਨਾ ਮੌਰਨਿੰਗਸਾਈਡ ਤੇ ਸ਼ੈਪਰਡ ਐਵਨਿਊ ਨੇੜੇ ਸਥਿਤ ਸਿਨੇਮਾਰਟ ਡਰਾਈਵ ਉੱਤੇ ਬੋਸਟਨ ਪਿਜ਼ਾ ਪਾਰਕਿੰਗ ਲੌਟ ਵਿੱਚ ਰਾਤੀਂ 11:30 ਵਜੇ ਦੇ ਨੇੜੇ ਤੇੜੇ ਵਾਪਰੀ। ਪੈਰਾਮੈਡਿਕਸ ਨੇ ਆਖਿਆ ਕਿ ਇੱਕ ਵਿਅਕਤੀ ਨੂੰ ਮੌਕੇ ਤੋਂ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਪਰ ਬਾਅਦ ਵਿੱਚ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਉਸ ਵਿਅਕਤੀ ਨੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਦਮ ਤੋੜ ਦਿੱਤਾ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਉਸ ਦੀ ਉਮਰ 40ਵਿਆਂ ਵਿੱਚ ਸੀ।

ਪੁਲਿਸ ਵੱਲੋਂ ਮਸ਼ਕੂਕਾਂ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਮਾਮਲੇ ਦੀ ਜਾਂਚ ਹੋਮੀਸਾਈਡ ਡਿਟੈਕਟਿਵਸ ਨੇ ਆਪਣੇ ਹੱਥ ਵਿੱਚ ਲੈ ਲਈ ਹੈ।

# ਜਿਨ੍ਹਾਂ ਰੈਜ਼ੀਡੈਂਟਸ ਦੀ ਸੈਕਿੰਡ ਡੋਜ਼ ਪੈਂਡਿੰਗ ਹੈ ਉਨ੍ਹਾਂ 'ਤੇ ਧਿਆਨ ਕੇਂਦਰਿਤ ਕਰੇਗਾ ਟੋਰਾਂਟੋ

ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ) : ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਤੇ ਅੰਸ਼ਕ ਤੌਰ ਉੱਤੇ ਵੈਕਸੀਨੇਸ਼ਨ ਕਰਵਾ ਚੁੱਕੇ ਟੋਰਾਂਟੋ ਵਾਸੀਆਂ ਵਿਚਲੇ ਪਾੜੇ ਨੂੰ ਖ਼ਤਮ ਕਰਨ ਲਈ ਟੋਰਾਂਟੋ ਹੁਣ ਉਨ੍ਹਾਂ 50,000 ਰੈਜ਼ੀਡੈਂਟਸ ਉੱਤੇ ਆਪਣਾ ਧਿਆਨ ਕੇਂਦਰਿਤ ਕਰੇਗਾ ਜਿਨ੍ਹਾਂ ਨੇ ਅਜੇ ਤੱਕ ਕੋਵਿਡ-19 ਦੀ ਆਪਣੀ ਦੂਜੀ ਡੋਜ਼ ਨਹੀਂ ਲਵਾਈ।

ਇਸ ਸਮੇਂ ਟੋਰਾਂਟੋ ਦੇ 123,000 ਰੈਜ਼ੀਡੈਂਟਸ ਅਜਿਹੇ ਹਨ ਜਿਨ੍ਹਾਂ ਵੱਲੋਂ




ਕੋਵਿਡ-19 ਵੈਕਸੀਨ ਦੀ ਸਿਰਫ ਪਹਿਲੀ ਡੋਜ਼ ਹੀ ਲਵਾਈ ਗਈ ਹੈ। 48,200 ਲੋਕ ਅਜਿਹੇ ਹਨ ਜਿਨ੍ਹਾਂ ਨੂੰ ਸੈਕਿੰਡ ਡੋਜ਼ ਲੱਗਣ ਦੀ ਮਿਤੀ ਵੀ ਟੱਪ ਚੁੱਕੀ ਹੈ। ਇਸ ਨਵੀਂ ਰਣਨੀਤੀ ਤਹਿਤ ਮੰਗਲਵਾਰ ਨੂੰ ਦਿੱਤੀ ਗਈ ਬ੍ਰੀਫਿੰਗ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਜਿਨ੍ਹਾਂ ਨੇ ਅੰਸ਼ਕ ਤੌਰ ਉੱਤੇ ਵੈਕਸੀਨੇਸ਼ਨ ਕਰਵਾਈ ਹੈ ਉਨ੍ਹਾਂ ਤੱਕ ਸਿਟੀ ਵੱਲੋਂ ਫੋਨ ਕਾਲਜ਼ ਤੇ ਟੈਕਸਟ ਮੈਸੇਜਿਜ਼ ਰਾਹੀਂ ਪਹੁੰਚ ਕੀਤੀ ਜਾਵੇਗੀ। ਇਨ੍ਹਾਂ ਮੈਸੇਜਿਜ਼ ਤੇ ਫੋਨ ਕਾਲਜ਼ ਰਾਹੀਂ ਉਹ ਅੜਿੱਕੇ ਦੂਰ ਕੀਤੇ ਜਾਣਗੇ ਜਿਹੜੇ ਵੈਕਸੀਨੇਸ਼ਨ ਦੇ ਸਬੰਧ ਵਿੱਚ ਲੋਕਾਂ ਨੂੰ ਘੇਰੀ ਬੈਠੇ ਹਨ। ਬੋਰਡ ਆਫ ਹੈਲਥ ਦੇ ਚੇਅਰ ਜੋਅ ਕ੍ਰੈਸੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਉਸੇ ਤਰ੍ਹਾਂ ਹੀ ਹੋਵੇਗਾ ਜਿਵੇਂ ਤੁਹਾਡੀ ਡੈਂਟਿਸਟ ਜਾਂ ਡਾਕਟਰ ਦੀ ਅਪੁਆਇੰਟਮੈਂਟ ਲਈ ਤੁਹਾਨੂੰ ਚੇਤੇ ਕਰਵਾਇਆ ਜਾਂਦਾ ਹੈ। ਇਸ ਸਮੇਂ ਤੁਹਾਨੂੰ ਤੁਹਾਡੀ ਸੈਕਿੰਡ ਡੋਜ਼ ਲਈ ਚੇਤੇ ਕਰਵਾਇਆ ਜਾਵੇਗਾ। ਅਸੀਂ ਇਹ ਵੀ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਕੀ ਕਲੀਨਿਕ ਤੱਕ ਪਹੁੰਚਣ ਲਈ ਤੁਹਾਨੂੰ ਰਾਈਡ ਦੀ ਲੋੜ ਹੈ?

ਟੀਕਾ ਲਵਾਉਣ ਲਈ ਜਾਣ ਵਾਸਤੇ ਤੁਹਾਨੂੰ ਚਾਈਲਡਕੇਅਰ ਦੀ ਲੋੜ ਹੈ? ਕੀ ਤੁਸੀਂ ਆਪਣੇ ਤੌਖਲੇ ਮਿਟਾਉਣ ਲਈ ਕਿਸੇ ਪਬਲਿਕ ਹੈਲਥ ਨਰਸ ਤੋਂ ਆਪਣੇ ਸਵਾਲਾਂ ਦੇ ਜਵਾਬ ਚਾਹੁੰਦੇ ਹੋ? ਅਜਿਹਾ ਇਸ ਲਈ ਤਾਂ ਕਿ ਤੁਹਾਡੇ ਮਨ ਦੀ ਦੁਚਿੱਤੀ ਨੂੰ ਖ਼ਤਮ ਕੀਤਾ ਜਾ ਸਕੇ।

ਇੱਥੇ ਦੱਸਣਾ ਬਣਦਾ ਹੈ ਕਿ ਟੋਰਾਂਟੋ ਦੇ 86 ਫੀ ਸਦੀ ਰੈਜ਼ੀਡੈਂਟਸ ਤੋਂ ਵੱਧ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲਵਾ ਚੁੱਕੇ ਹਨ ਤੇ 82 ਫੀ ਸਦੀ ਤੋਂ ਵੱਧ ਪੂਰੀ ਤਰ੍ਹਾਂ ਇਮਿਊਨਾਈਜ਼ਡ ਹਨ। ਸਿਟੀ ਦਾ ਕਹਿਣਾ ਹੈ ਕਿ ਉਸ ਦਾ ਟੀਚਾ ਜਲਦ ਤੋਂ ਜਲਦ 90 ਫੀ ਸਦੀ ਰੈਜ਼ੀਡੈਂਟਸ ਨੂੰ ਪੂਰੀ ਤਰ੍ਹਾਂ ਵੈਕਸੀਨੇਟ ਕਰਨਾ ਹੈ।

ਬੇਸਮੈਂਟਸ ਕਿਰਾਏ ਲਈ ਖਾਲੀ
ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੌਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਐਨ 95 ਮਾਸਕ ਪਾਉਣ ਵਾਲੇ ਅਧਿਆਪਕਾਂ ਖਿਲਾਫ ਅਨੁਸ਼ਾਸਨੀ ਕਾਰਵਾਈ ਕਰਨ ਦੀ ਯੌਰਕ ਬੋਰਡ ਨੇ ਦਿੱਤੀ ਧਮਕੀ

ਓਨਟਾਰੀਓ, 14 ਅਕਤੂਬਰ (ਪੋਸਟ ਬਿਊਰੋ) : ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਅਧਿਆਪਕਾਂ ਲਈ ਆਪਣੀ ਅਜੀਬ ਮਾਸਕ ਪਾਲਿਸੀ ਲਿਆਉਣ ਤੋਂ ਟਸ ਤੋਂ ਮਸ ਨਹੀਂ ਹੋ ਰਿਹਾ। ਜਿਹੜੇ ਅਧਿਆਪਕ ਐਨ95 ਵਰਗੇ ਵਧੇਰੇ ਪ੍ਰੋਟੈਕਟਿਵ ਮਾਸਕ ਪਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਵੀ ਅਜਿਹਾ ਕਰਨ ਤੋਂ ਰੋਕਿਆ ਜਾ ਰਿਹਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਵਧੇਰੇ ਪ੍ਰੋਟੈਕਸ਼ਨ ਲਈ ਅਧਿਆਪਕ ਕਲਾਸਾਂ ਵਿੱਚ ਐਨ 95 ਵਰਗੇ ਮਾਸਕ ਪਾਉਣਾ ਚਾਹੁੰਦੇ ਹਨ ਪਰ ਯੌਰਕ ਪਬਲਿਕ ਬੋਰਡ ਵੱਲੋਂ ਤਿੰਨ ਅਧਿਆਪਕਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜੇ ਉਹ ਅਜਿਹਾ ਕਰਨਗੇ ਤਾਂ ਉਨ੍ਹਾਂ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਬੋਰਡ ਵੱਲੋਂ ਜਾਰੀ ਕੀਤੇ ਜਾਣ ਵਾਲੇ ਘੱਟ ਪ੍ਰੋਟੈਕਸ਼ਨ ਵਾਲੇ ਨੀਲੇ ਰੰਗ ਦੇ ਸਰਜੀਕਲ ਮਾਸਕ ਪਾਉਣ ਦੀ ਹੀ ਅਧਿਆਪਕਾਂ ਨੂੰ ਇਜਾਜ਼ਤ ਹੈ।

ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਦੇ ਬੁਲਾਰੇ ਨੇ ਆਖਿਆ ਕਿ ਉਹ ਕਿਸੇ ਵਿਅਕਤੀਗਤ ਕੇਸ ਬਾਰੇ ਗੱਲ ਨਹੀਂ ਕਰ ਸਕਦੇ ਫਿਰ ਵੀ ਸਟਾਫ ਤੇ ਵਿਦਿਆਰਥੀਆਂ ਦੀ ਸਿਹਤ ਤੇ ਸੇਫਟੀ ਲਈ ਸਾਰੇ ਸਟਾਫ ਮੈਂਬਰਾਂ ਤੋਂ ਰੈਗੂਲੇਟਿੰਗ ਅਧਿਕਾਰੀਆਂ ਵੱਲੋਂ ਮੁਹੱਈਆ ਕਰਵਾਏ ਜਾਣ ਵਾਲੇ ਪਰਸਨਲ ਪ੍ਰੋਟੈਕਟਿਵ ਇਕਿਊਪਮੈਂਟ ( ਪੀ ਪੀ ਈ ) ਦੀ ਵਰਤੋਂ ਕਰਨ ਦੀ ਹੀ ਉਮੀਦ ਕੀਤੀ ਜਾਂਦੀ ਹੈ।



ਇੱਕ ਐਲੀਮੈਂਟਰੀ ਟੀਚਰ ਨੇ ਦੱਸਿਆ ਕਿ ਉਸ ਕੋਲ ਉਹ ਬੱਚੇ ਪੜ੍ਹਨ ਆਉਂਦੇ ਹਨ ਜਿਨ੍ਹਾਂ ਦੀ ਨਿੱਕੀ ਉਮਰ ਕਾਰਨ ਵੈਕਸੀਨੇਸ਼ਨ ਨਹੀਂ ਹੋਈ ਤੇ ਅਜਿਹੇ ਵਿੱਚ ਉੱਚ ਕੁਆਲਿਟੀ ਦਾ ਮਾਸਕ ਪਾਉਣ ਨਾਲ ਸਾਰਿਆਂ ਦਾ ਹੀ ਬਚਾਅ ਹੋ ਸਕਦਾ ਹੈ। ਪਰ ਉਨ੍ਹਾਂ ਦੇ ਪ੍ਰਿੰਸੀਪਲ ਤੇ ਬੋਰਡ ਨੇ ਉਨ੍ਹਾਂ ਨੂੰ ਆਖਿਆ ਕਿ ਜਿਹੜੇ ਸਰਜੀਕਲ ਮਾਸਕ ਉਨ੍ਹਾਂ ਨੂੰ ਮੁਹੱਈਆ ਕਰਵਾਏ ਗਏ ਹਨ ਉਹੀ ਪਾਏ ਜਾਣ। ਉਨ੍ਹਾਂ ਨੂੰ ਇਹ ਧਮਕੀ ਵੀ ਦਿੱਤੀ ਗਈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਨੂੰ ਫੌਰੀ ਸਸਪੈਂਡ ਕਰ ਦਿੱਤਾ ਜਾਵੇਗਾ।

# ਜਿਨਸੀ ਸ਼ੋਸ਼ਣ ਦੇ ਦੋਸ਼ਾਂ ਕਾਰਨ ਆਰਮੀ ਕਮਾਂਡਰ ਦੀ ਫੌਜ ਦੇ ਸਰਬਉੱਚ ਅਹੁਦੇ ਉੱਤੇ ਕੀਤੀ ਜਾਣ ਵਾਲੀ ਪ੍ਰਮੋਸ਼ਨ ਟਲੀ

ਓਟਵਾ, 14 ਅਕਤੂਬਰ (ਪੋਸਟ ਬਿਊਰੋ) : ਕੈਨੇਡੀਅਨ ਆਰਮੀ ਕਮਾਂਡਰ ਲੈਫਟੀਨੈਂਟ ਜਨਰਲ ਟ੍ਰੈਵਰ ਕੈਡੀਊ ਦੀ ਫੌਜ ਦੇ ਸਰਬਉੱਚ ਅਹੁਦੇ ਉੱਤੇ ਕੀਤੀ ਜਾਣ ਵਾਲੀ ਪ੍ਰਮੋਸ਼ਨ ਹਾਲ ਦੀ ਘੜੀ ਮੁਲਤਵੀ ਕਰ ਦਿੱਤੀ ਗਈ ਹੈ। ਅਜਿਹਾ ਉਨ੍ਹਾਂ ਖਿਲਾਫ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਚੱਲ ਰਹੀ ਜਾਂਚ ਕਾਰਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸਤੰਬਰ ਦੇ ਸ਼ੁਰੂ ਵਿੱਚ ਇੱਕ ਸੀਨੀਅਰ ਮਹਿਲਾ ਸੈਨਿਕ ਨੇ ਕੈਡਿਊ ਖਿਲਾਫ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਸੀ ਜਿਸ ਸਬੰਧ ਵਿੱਚ ਇਸ ਮਹਿਲਾ ਸੈਨਿਕ ਵੱਲੋਂ ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸ ( ਸੀ ਐਫ ਐਨ ਆਈ ਐਸ ), ਜੋ ਕਿ ਕੈਨੇਡੀਅਨ ਮਿਲਟਰੀ ਪੁਲਿਸ ਦਾ ਜਾਂਚ ਕਰਨ ਵਾਲਾ ਵਿੰਗ ਹੈ, ਨਾਲ ਵੀ ਗੱਲ ਕੀਤੀ ਗਈ ਸੀ।



ਕੈਡਿਊ ਨੇ 7 ਸਤੰਬਰ ਨੂੰ ਆਰਮੀ ਕਮਾਂਡਰ ਦਾ ਅਹੁਦਾ ਸਾਂਭਣਾ ਸੀ, ਪਰ ਇਸ ਤੋਂ ਦੋ ਦਿਨ ਪਹਿਲਾਂ ਕਾਰਜਕਾਰੀ ਡਿਫੈਂਸ ਚੀਫ ਜਨਰਲ ਵੇਅਨ ਆਇਰ ਨੂੰ ਜਦੋਂ ਸੀਐਫਐਨਆਈਐਸ ਵੱਲੋਂ ਇਸ ਜਾਂਚ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਨੇ ਇਸ ਸਮਾਰੋਹ ਨੂੰ ਮੁਲਤਵੀ ਕਰ ਦਿੱਤਾ। ਡਿਫੈਂਸ ਡਿਪਾਰਟਮੈਂਟ ਤੇ ਕੈਨੇਡੀਅਨ ਆਰਮਡ ਫੋਰਸਿਜ਼ ਨੇ ਇੱਕ ਸਾਂਝੇ ਬਿਆਨ ਵਿੱਚ ਆਖਿਆ ਕਿ ਇਸ ਸਮਾਰੋਹ ਨੂੰ ਮੁਲਤਵੀ ਕੀਤੇ ਜਾਣ ਤੋਂ ਭਾਵ ਲੈਫਟੀਨੈਂਟ ਜਨਰਲ ਕੈਡਿਊ ਖਿਲਾਫ ਅਭਿਯੋਗ ਚਲਾਉਣਾ ਨਹੀਂ ਹੈ।

ਕੈਡਿਊ 29 ਸਾਲਾਂ ਤੋਂ ਫੌਜ ਵਿੱਚ ਹਨ ਤੇ ਉਹ ਬੋਸਨੀਆ ਤੇ ਅਫਗਾਨਿਸਤਾਨ ਮਿਸ਼ਨ ਉੱਤੇ ਵੀ ਜਾ ਚੁੱਕੇ ਹਨ। ਪਿੱਛੇ ਜਿਹੇ ਉਹ ਚੀਫ ਆਫ ਦ ਡਿਫੈਂਸ ਸਟਾਫ ਦੇ ਸਲਾਹਕਾਰ ਵਜੋਂ ਕੰਮ ਕਰ ਰਹੇ ਸਨ। ਇੱਕ ਲਿਖਤੀ ਬਿਆਨ ਵਿੱਚ ਕੈਡਿਊ ਨੇ ਆਖਿਆ ਕਿ ਇਹ ਦੋਸ਼ ਝੂਠੇ ਹਨ ਪਰ ਉਨ੍ਹਾਂ ਦੀ ਚੰਗੀ ਤਰ੍ਹਾਂ ਜਾਂਚ ਹੋਣੀ ਜ਼ਰੂਰੀ ਹੈ ਤਾਂ ਕਿ ਸੱਚ ਬਾਹਰ ਆ ਸਕੇ।

# ਗਲਾ ਘੁੱਟਣ ਕਾਰਨ ਹੋਈ ਸੀ ਪਟੀਟੋ ਦੀ ਮੌਤ : ਕੌਰੋਨਰ

ਫਲੋਰਿਡਾ, 14 ਅਕਤੂਬਰ (ਪੋਸਟ ਬਿਊਰੋ) : ਗੈਬੀ ਪਟੀਟੋ ਦੀ ਮੌਤ ਗਲਾ ਘੁੱਟਣ ਕਾਰਨ ਹੋਈ, ਇਸ ਦਾ ਖੁਲਾਸਾ ਮੰਗਲਵਾਰ ਨੂੰ ਕੌਰੋਨਰ ਵੱਲੋਂ ਕੀਤਾ ਗਿਆ। ਇਸ ਦੌਰਾਨ ਪਟੀਟੋ ਦੇ ਲਾਪਤਾ ਮੰਗੇਤਰ ਬ੍ਰਾਇਨ ਲਾਂਡਰੇ ਦੀ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਪੁਲਿਸ ਇਸ ਕਤਲ ਲਈ ਉਸ ਨੂੰ ਹੀ ਜ਼ਿੰਮੇਵਾਰ ਮੰਨ ਰਹੀ ਹੈ।



ਕੌਰੋਨਰ ਡਾ. ਬ੍ਰੈਂਟ ਬਲੂ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਉੱਤਰੀ ਵਿਓਮਿੰਗ, ਟੈਟਨ ਕਾਊਂਟੀ ਵਿੱਚ ਸਥਿਤ ਗ੍ਰੈਂਡ ਟੈਟਨ ਨੈਸ਼ਨਲ ਪਾਰਕ ਦੀ ਸਰਹੱਦ ਦੇ ਨਾਲ ਲੱਗਦੇ ਏਰੀਆ ਵਿੱਚ ਅਵਿਕਸਤ ਕੈਂਪਿੰਗ ਏਰੀਆ ਦੇ ਨੇੜੇ 19 ਸਤੰਬਰ ਨੂੰ 22 ਸਾਲਾ ਪਟੀਟੋ ਦੀ ਲਾਸ਼ ਮਿਲਣ ਤੋਂ ਤਿੰਨ ਤੋਂ ਚਾਰ ਹਫਤੇ ਪਹਿਲਾਂ ਉਸ ਦੀ ਮੌਤ ਹੋ ਚੁੱਕੀ ਸੀ। ਇਹ ਸਪਸ਼ਟ ਨਹੀਂ ਹੋ ਸਕਿਆ ਕਿ ਮੌਤ ਦੇ ਕਾਰਨਾਂ ਦੀ ਪੁਸ਼ਟੀ ਕੀਤੇ ਜਾਣ ਤੋਂ ਬਾਅਦ ਲਾਂਡਰੇ ਉੱਤੇ ਹੋਰ ਚਾਰਜਿਜ਼ ਲਾਏ ਜਾਣਗੇ ਜਾਂ ਨਹੀਂ।

ਜ਼ਿਕਰਯੋਗ ਹੈ ਕਿ ਲਾਂਡਰੇ ਨਾਲ ਕਰਾਸ ਕੰਟਰੀ ਰੋਡ ਟਰਿੱਪ ਉੱਤੇ ਗਈ ਪਟੀਟੋ ਅਚਾਨਕ ਲਾਪਤਾ ਹੋ ਗਈ ਸੀ। ਦੂਜੇ ਪਾਸੇ ਫਲੋਰਿਡਾ ਦੀ ਪੁਲਿਸ ਲਾਂਡਰੇ ਦੀ ਭਾਲ ਕਰ ਰਹੀ ਹੈ। ਕਈ ਦਿਨਾਂ ਤੱਕ ਪਟੀਟੋ ਦੇ ਮਾਪਿਆਂ ਵੱਲੋਂ ਉਸ ਨੂੰ ਕੀਤੇ ਗਏ ਟੈਕਸਟ ਮੈਸੇਜਿਜ਼ ਤੇ ਕਾਲਜ਼ ਦਾ ਕੋਈ ਜਵਾਬ ਨਾ ਮਿਲਣ ਤੋਂ ਬਾਅਦ 11 ਸਤੰਬਰ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਗਈ।

ਦੂਜੇ ਪਾਸੇ ਜਾਂਚਕਾਰਾਂ ਵੱਲੋਂ ਲਾਂਡਰੇ ਦੀ ਭਾਲ ਵਿੱਚ 24,000 ਏਕੜ ਦਾ ਫਲੋਰਿਡਾ ਨੇਚਰ ਪ੍ਰਿਜ਼ਰਵ ਇਲਾਕਾ ਬਿਨਾ ਕਿਸੇ ਸਫਲਤਾ ਦੇ ਗਾਹਿਆ ਜਾ ਚੁੱਕਿਆ ਹੈ। ਉਨ੍ਹਾਂ ਵੱਲੋਂ ਇਸ ਏਰੀਆ ਉੱਤੇ ਆਪਣਾ ਧਿਆਨ ਕੇਂਦਰਿਤ ਇਸ ਲਈ ਕੀਤਾ ਗਿਆ ਕਿਉਂਕਿ ਲਾਂਡਰੇ ਦੇ ਮਾਪਿਆਂ ਵੱਲੋਂ ਇਹ ਆਖਿਆ ਗਿਆ ਸੀ ਕਿ ਉਹ ਉੱਧਰ ਗਿਆ ਹੋ ਸਕਦਾ ਹੈ। ਅਧਿਕਾਰੀਆਂ ਵੱਲੋਂ ਲਾਂਡਰੇ ਦੀ ਭਾਲ ਲਈ ਹੈਲੀਕਾਪਟਰਜ਼, ਡਰੋਨਜ਼, ਸੂਹੀਆ ਕੁੱਤਿਆਂ ਦੀ ਮਦਦ ਲਈ ਜਾ ਰਹੀ ਹੈ। ਇਸ ਸਰਚ ਏਰੀਆ ਦਾ 75 ਫੀ ਸਦੀ ਹਿੱਸਾ ਪਾਣੀ ਦੇ ਹੇਠਾਂ ਹੈ। ਪਰ ਅਜੇ ਤੱਕ ਪੁਲਿਸ ਨੂੰ ਕੋਈ ਸਫਲਤਾ ਹਾਸਲ ਨਹੀਂ ਹੋਈ ਹੈ।

# ਆਪਣੀ ਕੋਵਿਡ-19 ਵੈਕਸੀਨ ਦੀ ਰੈਸਿਪੀ ਸਾਂਝੀ ਕਰਨ ਲਈ ਤਿਆਰ ਨਹੀਂ ਮੌਡਰਨਾ

ਰੋਮ, 14 ਅਕਤੂਬਰ (ਪੋਸਟ ਬਿਊਰੋ) : ਆਪਣੀ ਕੋਵਿਡ-19 ਵੈਕਸੀਨ ਦੀ ਰੈਸਿਪੀ ਕਿਸੇ ਹੋਰ ਨਾਲ ਸਾਂਝਾ ਕਰਨ ਦਾ ਮੌਡਰਨਾ ਦਾ ਕੋਈ ਇਰਾਦਾ ਨਹੀਂ ਹੈ। ਬੀਤੇ ਦਿਨੀਂ ਕੰਪਨੀ ਦੇ ਐਗਜ਼ੈਕਟਿਵਜ਼ ਦਾ ਮੰਨਣਾ ਹੈ ਕਿ ਆਪਣੀ ਵੈਕਸੀਨ ਦੇ ਉਤਪਾਦਨ ਵਿੱਚ ਵਾਧਾ ਕਰਕੇ ਇਸ ਦੀ ਗਲੋਬਲ ਸਪਲਾਈ ਵੀ ਆਪ ਹੀ ਕਰਨ ਵਿੱਚ ਅਕਲਮੰਦੀ ਹੈ। ਇਹ ਜਾਣਕਾਰੀ ਸੋਮਵਾਰ ਨੂੰ ਕੰਪਨੀ ਦੇ ਚੇਅਰਮੈਨ ਵੱਲੋਂ ਦਿੱਤੀ ਗਈ। ਇੱਕ ਇੰਟਰਵਿਊ ਵਿੱਚ ਚੇਅਰਮੈਨ ਨੂਬਰ ਆਫਿਆਨ ਨੇ ਆਖਿਆ ਕਿ ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਨੇ ਮੌਡਰਨਾ ਉੱਤੇ ਆਪਣਾ ਫੌਰਮੂਲਾ ਸਾਂਝਾ ਕਰਨ ਲਈ ਦਬਾਅ ਪਾਇਆ ਸੀ। ਆਫਿਆਨ ਨੇ ਆਖਿਆ ਕਿ ਕੰਪਨੀ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਸ ਨਤੀਜੇ ਉੱਤੇ ਪਹੁੰਚੀ ਹੈ



ਕਿ ਭਾਵੇਂ ਮੈਸੈਂਜਰ ਆਰਐਨਏ ਤਕਨਾਲੋਜੀ ਨੂੰ ਸਾਂਝਾ ਕਰਨ ਨਾਲ ਉਤਪਾਦਨ ਵਿੱਚ ਵਾਧਾ ਹੋਵੇਗਾ ਤੇ 2022 ਵਿੱਚ ਕਈ ਬਿਲੀਅਨ ਵਾਧੂ ਡੋਜ਼ਾਂ ਡਲਿਵਰ ਕੀਤੀਆਂ ਜਾ ਸਕਣਗੀਆਂ ਪਰ ਕੰਪਨੀ ਦਾ ਮੰਨਣਾਂ ਇਹ ਹੈ ਕਿ ਅਗਲੇ ਛੇ ਤੋਂ ਨੌਂ ਮਹੀਨੇ ਤੱਕ ਉਹ ਆਪ ਹੀ ਉੱਚ ਮਿਆਰੀ ਵੈਕਸੀਨ ਤਿਆਰ ਕਰਨਾ ਚਾਹੁੰਦੀ ਹੈ ਤਾਂ ਕਿ ਉਹ ਅਸਰਦਾਰ ਰਹਿ ਸਕੇ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ ਤੇ ਹੋਰਨਾਂ ਏਜੰਸੀਆਂ ਵੱਲੋਂ ਫੌਰਮੂਲਾ ਸਾਂਝਾ ਕਰਨ ਦੀਆਂ ਅਪੀਲਾਂ ਦੇ ਸਬੰਧ ਵਿੱਚ ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੇ ਦਬਾਅ ਤੋਂ ਲੱਗਦਾ ਹੈ ਕਿ ਸਾਡੀ ਵੈਕਸੀਨ ਤਿਆਰ ਕਰਨ ਦੀ ਓਨੀ ਸਮਰੱਥਾ ਨਹੀਂ ਹੈ ਪਰ ਅਜਿਹਾ ਨਹੀਂ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ ਸਾਡੀ ਸਮਰੱਥਾ ਹੈ। ਉਨ੍ਹਾਂ ਆਖਿਆ ਕਿ ਮੌਡਰਨਾਂ ਨੂੰ ਕੋਵਿਡ-19 ਵੈਕਸੀਨ ਤਿਆਰ ਕਰਨ ਲਈ ਪਲੇਟਫਾਰਮ ਤਿਆਰ ਕਰਨ ਵਾਸਤੇ ਦਸ ਸਾਲ ਦਾ ਸਮਾਂ ਤੇ 2.5 ਬਿਲੀਅਨ ਡਾਲਰ ਦਾ ਖਰਚ ਆਇਆ।

# ਕੈਨੇਡੀਅਨ ਬਾਰਡਰ ਉੱਤੇ ਕਸਟਮਜ਼ ਦੇ ਵਿਵਾਦ ਕਾਰਨ ਅਮਰੀਕਾ ਦੀ ਫਿੱਸ਼ ਸਟਿੱਕ ਤੇ ਫਿਲੇ ਸਪਲਾਈ ਨੂੰ ਖਤਰਾ

ਪੋਰਟਲੈਂਡ, ਮੇਨ, 14 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਤੇ ਕੈਨੇਡਾ ਦੀ ਸਰਹੱਦ ਉੱਤੇ ਕਸਟਮਜ਼ ਦੇ ਵਿਵਾਦ ਦੇ ਚੱਲਦਿਆਂ ਫਿੱਸ਼ ਸਟਿੱਕਸ ਤੇ ਫਾਸਟ ਫੂਡ ਸੈਂਡਵਿਚਿਜ਼ ਵਰਗੀਆਂ ਮਸ਼ਹੂਰ ਵਸਤਾਂ ਵਿੱਚ ਵਰਤੀ ਜਾਣ ਵਾਲੀ ਅਹਿਮ ਮੱਛੀ ਦੀ ਸਪਲਾਈ, ਜੋ ਅਮਰੀਕਾ ਕਰਦਾ ਹੈ, ਵਿੱਚ ਵਿੱਘਣ ਪੈ ਸਕਦਾ ਹੈ। ਅਲਾਸਕਾ ਪੌਲਕ ਦੀ ਸਪਲਾਈ ਚੇਨ ਬੜੀ ਗੁੰਝਲਦਾਰ ਹੈ। ਅਮਰੀਕਾ ਵਿੱਚ ਵੱਡੀ ਪੱਧਰ ਉੱਤੇ ਕਮਰਸ਼ੀਅਲ ਫਿਸ਼ਰੀ ਦੇ ਹਿੱਸੇ ਵਜੋਂ ਫੜੇ ਜਾਣ ਤੋਂ ਬਾਅਦ ਇਸ ਮੱਛੀ ਨੂੰ ਸਮੁੰਦਰੀ ਜਹਾਜ਼ ਰਾਹੀਂ ਨਿਊ ਬਰੰਜ਼ਵਿੱਕ, ਕੈਨੇਡਾ, ਤੇ ਮੇਨ ਨਾਲ ਲੱਗਦੀ ਸਰਹੱਦ ਨੇੜੇ ਲਿਆਂਦਾ ਜਾਂਦਾ ਹੈ। ਫਿਰ ਉਹ ਰੇਲ ਕਾਰਾਂ ਰਾਹੀਂ 100 ਫੁੱਟ ਦੀ ਦੂਰੀ ਉੱਤੇ ਕੈਨੇਡਾ ਦੇ ਅੰਦਰ ਲਿਜਾਈ ਜਾਂਦੀ ਹੈ, ਫਿਰ ਇਸ ਨੂੰ ਟਰੱਕਾਂ ਉੱਤੇ ਲੱਦ ਕੇ ਇਸ ਨੂੰ ਸਰਹੱਦ ਪਾਰ ਕਰਕੇ ਅਮਰੀਕਾ ਪਹੁੰਚਾਇਆ ਜਾਂਦਾ ਹੈ। ਯੂਐਸ ਕਸਟਮਜ਼ ਤੇ ਬਾਰਡਰ ਪ੍ਰੋਟੈਕਸ਼ਨ ਵੱਲੋਂ ਇਹ ਦੋਸ਼ ਲਾਇਆ ਗਿਆ ਹੈ ਕਿ ਸ਼ਿੱਪਰਜ਼ ਜੋਨਜ਼ ਐਕਟ ਦੀ ਉਲੰਘਣਾਂ ਕਰ ਰਹੇ ਹਨ।




ਇਸ ਐਕਟ ਤਹਿਤ ਇਹ ਸ਼ਰਤ ਹੈ ਕਿ ਅਮਰੀਕਾ ਦੀਆਂ ਬੰਦਰਗਾਹਾਂ ਦਰਮਿਆਨ ਸ਼ਿੱਪ ਕੀਤੀਆਂ ਗਈਆਂ ਵਸਤਾਂ ਨੂੰ ਅਮਰੀਕਾ ਦੀ ਮਲਕੀਅਤ ਵਾਲੇ ਬੇੜਿਆਂ ਉੱਤੇ ਹੀ ਟਰਾਂਸਪੋਰਟ ਕੀਤਾ ਜਾ ਸਕਦਾ ਹੈ। ਰਿਕਾਰਡਸ ਅਨੁਸਾਰ ਏਜੰਸੀ ਵੱਲੋਂ ਸ਼ਿੱਪਰਜ਼ ਨੂੰ ਇਸ ਸਬੰਧ ਵਿੱਚ 350 ਮਿਲੀਅਨ ਡਾਲਰ ਦਾ ਜੁਰਮਾਨਾ ਵੀ ਕੀਤਾ ਜਾ ਚੁੱਕਿਆ ਹੈ। ਦੋ ਸ਼ਿਪਿੰਗ ਕੰਪਨੀਆਂ ਵੱਲੋਂ ਇਸ ਸਬੰਧ ਵਿੱਚ ਫੈਡਰਲ ਅਦਾਲਤ ਵਿੱਚ ਕੇਸ ਵੀ ਕੀਤਾ ਗਿਆ ਹੈ ਤੇ ਇਸ ਨਿਯਮ ਨੂੰ ਅਣਉਚਿਤ ਤੇ ਅਣਕਿਆਸਿਆ ਦੱਸਿਆ ਗਿਆ ਹੈ।

## ਕਾਰ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਇੱਕ ਹਲਾਕ

ਬਰੈਂਪਟਨ, 14 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਪੀਲ ਪੁਲਿਸ ਵੱਲੋਂ ਬਰੈਂਪਟਨ ਵਿੱਚ ਇੱਕ ਕਾਰ ਤੇ ਮੋਟਰਸਾਈਕਲ ਦਰਮਿਆਨ ਹੋਏ ਘਾਤਕ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸੋਮਵਾਰ ਨੂੰ ਸ਼ਾਮੀਂ 6:00 ਵਜੇ ਦੇ ਨੇੜੇ ਤੇੜੇ ਵੈਸਟਬਰੁੱਕ ਐਵਨਿਊ ਤੇ ਕੌਟਰੇਲ ਬੋਲੀਵੀਆਰਡ ਉੱਤੇ ਹੋਏ ਇਸ ਹਾਦਸੇ ਦੀ ਜਾਣਕਾਰੀ ਮਿਲੀ। ਜਾਂਚਕਾਰਾਂ ਨੇ ਦੱਸਿਆ ਕਿ ਹਾਦਸਾ ਕਾਫੀ ਜ਼ੋਰਦਾਰ ਸੀ, ਜਿਸ ਕਾਰਨ ਮੋਟਰਸਾਈਕਲ ਸਵਾਰ ਦੀ ਹਸਪਤਾਲ ਵਿੱਚ ਮੌਤ ਹੋ ਗਈ। ਇਸ ਸਬੰਧ ਵਿੱਚ ਹੋਰ ਕੋਈ ਜਾਣਕਾਰੀ ਹਾਲ ਦੀ ਘੜੀ ਜਾਰੀ ਨਹੀਂ ਕੀਤੀ ਗਈ ਹੈ।

# ਸਕੂਲਾਂ ਵਿੱਚ ਕੋਵਿਡ-19 ਦੇ ਪਸਾਰ ਕਾਰਨ ਚਿੰਤਤ ਮਾਪੇ ਚਾਹੁੰਦੇ ਹਨ ਵਿਦਿਆਰਥੀ ਤੇ ਸਟਾਫ ਪਾ ਕੇ ਰੱਖਣ ਮਾਸਕ : ਸਰਵੇ

ਓਟਵਾ, 14 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਇੱਕ ਤਾਜ਼ਾ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਬਹੁਗਿਣਤੀ ਮਾਪਿਆਂ ਦਾ ਕਹਿਣਾ ਹੈ ਕਿ ਸਕੂਲਾਂ ਵਿੱਚ ਅਜੇ ਵੀ ਤੇਜ਼ੀ ਨਾਲ ਫੈਲ ਰਹੇ ਕੋਵਿਡ-19 ਕਾਰਨ ਉਹ ਕਾਫੀ ਚਿੰਤਤ ਹਨ ਤੇ ਉਹ ਚਾਹੁੰਦੇ ਹਨ ਕਿ ਬੱਚੇ ਤੇ ਸਟਾਫ ਮਾਸਕ ਪਾਉਣ।

ਯੂਨੀਵਰਸਿਟੀ ਆਫ ਸਸਕੈਚਵਨ ਵਿਖੇ ਕੈਨੇਡੀਅਨ ਹੱਬ ਫੌਰ ਅਪਲਾਈਡ ਐਂਡ ਸੋਸ਼ਲ ਰਿਸਰਚ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ 1000 ਤੋਂ ਵੱਧ ਲੋਕਾਂ ਤੋਂ ਇਹ ਪੁੱਛਿਆ ਗਿਆ ਕਿ ਅਜੇ ਵੀ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਸਮੇਂ ਕੋਈ ਚਿੰਤਾ ਤਾਂ ਨਹੀਂ ਹੁੰਦੀ ਤੇ ਜੇ ਹੁੰਦੀ ਹੈ ਤਾਂ ਉਹ ਕੀ ਹੈ। ਉਨ੍ਹਾਂ ਤੋਂ ਇਹ ਵੀ ਪੁੱਛਿਆ ਗਿਆ ਕਿ ਕਿਹੜੇ ਪਬਲਿਕ ਹੈਲਥ ਆਰਡਰਜ਼ ਲਾਗੂ ਹੋਣੇ ਚਾਹੀਦੇ ਹਨ।

ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 89 ਫੀ ਸਦੀ ਨੇ ਆਖਿਆ ਕਿ ਉਹ ਵੈਕਸੀਨੇਸ਼ਨ ਕਰਵਾ ਚੁੱਕੇ ਹਨ। ਇਨ੍ਹਾਂ ਵਿੱਚੋਂ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਦੇ ਮਾਪਿਆਂ ਵਿੱਚੋਂ 81 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਦੇ ਬੱਚੇ ਵੀ ਵੈਕਸੀਨੇਸ਼ਨ ਕਰਵਾ ਚੁੱਕੇ ਹਨ। ਰਿਸਰਚ ਦੇ ਡਾਇਰੈਕਟਰ ਜੇਸਨ ਡਿਸਾਨੋ ਨੇ ਆਖਿਆ ਕਿ ਜਿਹੜੇ ਲੋਕ ਵੈਕਸੀਨੇਸ਼ਨ ਕਰਵਾ ਚੁੱਕੇ ਹਨ ਤੇ ਜਿਨ੍ਹਾਂ ਦੇ ਬੱਚੇ ਵੀ ਵੈਕਸੀਨੇਸ਼ਨ ਕਰਵਾ ਚੁੱਕੇ ਹਨ ਉਹ ਚਾਹੁੰਦੇ ਹਨ ਕਿ ਸਕੂਲਾਂ ਵਿੱਚ ਬੱਚੇ ਤੇ ਸਟਾਫ ਮਾਸਕ ਪਾ ਕੇ ਰੱਖਣ।



ਦੇਸ਼ ਭਰ ਵਿੱਚ ਮਹਾਂਮਾਰੀ ਦੀ ਚੌਥੀ ਵੇਵ ਦੌਰਾਨ ਮਾਪੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਲੈ ਕੇ ਚਿੰਤਤ ਵੀ ਹਨ ਤੇ ਉਨ੍ਹਾਂ ਉੱਤੇ ਬਰੀਕੀ ਨਾਲ ਨਜ਼ਰ ਵੀ ਰੱਖ ਰਹੇ ਹਨ। ਉਨ੍ਹਾਂ ਦੱਸਿਆ ਕਿ 70 ਫੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਉਹ ਸਕੂਲਾਂ ਵਿੱਚ ਅਜੇ ਵੀ ਕੋਵਿਡ-19 ਦੇ ਪਸਾਰ ਨੂੰ ਲੈ ਕੇ ਚਿੰਤਤ ਹਨ। 69 ਫੀ ਸਦੀ ਪੋਸਟ ਸੈਕੰਡਰੀ ਇੰਸਟੀਚਿਊਸ਼ਨਜ਼ ਵਿੱਚ ਵਾਇਰਸ ਦੇ ਪਸਾਰ ਨੂੰ ਲੈ ਕੇ ਚਿੰਤਤ ਹਨ।

# ਫੈਡਰਲ ਅਦਾਲਤ ਨੇ ਫੋਰਟਿਨ ਦੀ ਵੈਕਸਿਨ ਵੰਡ ਦੇ ਇੰਚਾਰਜ ਵਜੋਂ ਬਹਾਲੀ ਦੀ ਅਪੀਲ ਕੀਤੀ ਖਾਰਜ

ਓਟਵਾ, 14 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਦੀ ਕੋਵਿਡ-19 ਵੈਕਸੀਨ ਵੰਡ ਦੇ ਇੰਚਾਰਜ ਵਜੋਂ ਬਹਾਲੀ ਲਈ ਕੋਸਿ਼ਸ਼ ਕਰ ਰਹੇ ਮੇਜਰ ਜਨਰਲ ਡੈਨੀ ਫੋਰਟਿਨ ਨੂੰ ਉਸ ਸਮੇਂ ਨਿਰਾਸ਼ਾ ਹੱਥ ਲੱਗੀ ਜਦੋਂ ਫੈਡਰਲ ਕੋਰਟ ਨੇ ਫੈਸਲਾ ਉਨ੍ਹਾਂ ਦੇ ਖਿਲਾਫ ਸੁਣਾਇਆ। ਅਦਾਲਤ ਨੇ ਇਹ ਵੀ ਆਖਿਆ ਕਿ ਫੋਰਟਿਨ ਨੂੰ ਇਸ ਤਰ੍ਹਾਂ ਹਟਾਏ ਜਾਣ ਬਾਰੇ ਪਹਿਲਾਂ ਕੈਨੇਡੀਅਨ ਆਰਮਡ ਫੋਰਸਿਜ਼ ਨਾਲ ਆਪਣੀ ਸ਼ਿਕਾਇਤ ਦਾ ਨਿਪਟਾਰਾ ਕਰਨਾ ਹੋਵੇਗਾ।

ਮੰਗਲਵਾਰ ਨੂੰ ਜਾਰੀ ਇਸ ਬਿਆਨ ਵਿੱਚ ਜੱਜ ਐਨ ਮੈਰੀ ਮੈਕਡੌਨਲਡ ਨੇ ਫੋਰਟਿਨ ਦੀ ਗੁਜ਼ਾਰਿਸ਼ ਖਾਰਜ ਕਰ ਦਿੱਤੀ। ਉਨ੍ਹਾਂ ਆਖਿਆ ਕਿ ਇਹ ਮਾਮਲਾ ਅਪਰਿਪੱਕ ਸੀ ਤੇ ਅਦਾਲਤ ਵਿੱਚ ਇਸ ਮਸਲੇ ਦਾ ਹੱਲ ਲੱਭਣ ਲਈ ਆਉਣ ਤੋਂ ਪਹਿਲਾਂ ਇਸ ਸੀਨੀਅਰ ਮਿਲਟਰੀ ਅਧਿਕਾਰੀ ਨੂੰ ਆਪਣੇ ਅੰਦਰੂਨੀ ਮਸਲਿਆਂ ਨੂੰ ਪਹਿਲ ਦੇ ਆਧਾਰ ਉੱਤੇ ਹੱਲ ਕਰਨਾ ਚਾਹੀਦਾ ਸੀ।



ਸਤੰਬਰ ਵਿੱਚ ਦੋ ਰੋਜ਼ਾ ਸੁਣਵਾਈ ਵਿੱਚ ਜੱਜ ਨੇ ਫੋਰਟਿਨ ਦੀ ਲੀਗਲ ਟੀਮ ਤੇ ਸਰਕਾਰ ਦੇ ਉਸ ਵਿਵਾਦ ਨੂੰ ਸੁਣਿਆ ਜਿਸ ਵਿੱਚ ਸਰਕਾਰ ਵੱਲੋਂ ਇਸ ਸੀਨੀਅਰ ਫੌਜੀ ਅਧਿਕਾਰੀ ਨੂੰ ਇਸ ਅਹੁਦੇ ਤੋਂ ਹਟਾਇਆ ਗਿਆ। ਜ਼ਿਕਰਯੋਗ ਹੈ ਕਿ ਫੋਰਟਿਨ ਦੇ ਵਕੀਲਾਂ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਸਿਹਤ ਮੰਤਰੀ ਪੈਟੀ ਹਾਜ਼ਦੂ ਤੇ ਰੱਖਿਆ ਮੰਤਰੀ ਹਰਜੀਤ ਸੱਜਣ ਵੱਲੋਂ ਫੋਰਟਿਨ ਨੂੰ ਹਟਾਉਣ ਲਈ ਸਿਆਸੀ ਦਖਲਅੰਦਾਜ਼ੀ ਕੀਤੀ ਗਈ।

ਇੱਥੇ ਦੱਸਣਾ ਬਣਦਾ ਹੈ ਕਿ ਇਸ ਸੀਨੀਅਰ ਮਿਲਟਰੀ ਆਫੀਸਰ ਨੂੰ ਕੈਨੇਡਾ ਦੇ ਵਾਈਸ ਪ੍ਰੈਜ਼ੀਡੈਂਟ ਆਫ ਲਾਜਿਸਟਿਕਸ ਐਂਡ ਆਪਰੇਸ਼ਨਜ਼ ਦੀ ਭੂਮਿਕਾ ਤੋਂ ਮਈ ਵਿੱਚ ਉਸ ਸਮੇਂ ਹਟਾ ਦਿੱਤਾ ਗਿਆ ਸੀ ਜਦੋਂ ਮਿਲਟਰੀ ਪੁਲਿਸ ਨੇ ਮੇਜਰ ਖਿਲਾਫ ਜਿਨਸੀ ਮਾਮਲੇ ਵਿੱਚ ਜਾਂਚ ਦੀ ਸ਼ੁਰੂਆਤ ਕੀਤੀ ਸੀ। ਇਹ ਮਾਮਲਾ 1988 ਦਾ ਉਸ ਸਮੇਂ ਦਾ ਸੀ ਜਦੋਂ ਸੇਂਟ ਜੀਨ ਕਿਊਬਿਕ ਵਿੱਚ ਰਾਇਲ ਮਿਲਟਰੀ ਕਾਲਜ ਵਿੱਚ ਫੋਰਟਿਨ ਵਿਦਿਆਰਥੀ ਸਨ।

# ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਨਾਲ 2 ਹਲਾਕ, 3 ਜ਼ਖ਼ਮੀ

ਟੋਰਾਂਟੋ, 14 ਅਕਤੂਬਰ ( ਪੋਸਟ ਬਿਊਰੋ) : ਬੀਤੇ ਦਿਨੀਂ ਪੱਛਮੀ ਸਿਰੇ ਉੱਤੇ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਅ ਜਾਣ ਕਾਰਨ ਦੋ ਵਿਅਕਤੀ ਮਾਰੇ ਗਏ ਜਦਕਿ 3 ਹੋਰ ਜ਼ਖ਼ਮੀ ਹੋ ਗਏ।

ਇਹ ਹਾਦਸਾ ਸਪਰਿੰਗ ਐਂਡ ਪਾਰਕਸਾਈਡ ਡਰਾਈਵਜ਼ ਉੱਤੇ ਮੰਗਲਵਾਰ ਨੂੰ ਦੁਪਹਿਰੇ 4:40 ਦੇ ਨੇੜੇ ਤੇੜੇ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇੱਕ ਕਾਲੇ ਰੰਗ ਦੀ ਬੀਐਮਡਬਲਿਊ ਪੂਰੀ ਤੇਜ਼ ਰਫਤਾਰ ਨਾਲ ਪਾਰਕਸਾਈਡ ਡਰਾਈਵ ਉੱਤੇ ਦੱਖਣ ਵੱਲ ਜਾ ਰਹੀ ਸੀ। ਇਸ ਗੱਡੀ ਨੇ ਅਜਿਹੀ ਗੱਡੀ ਨੂੰ ਟੱਕਰ ਮਾਰੀ ਜਿਹੜੀ ਟਰੈਫਿਕ ਵਿੱਚ ਉਡੀਕ ਕਰ ਰਹੀ ਸੀ। ਇਸ ਨਾਲ ਅਜਿਹਾ ਚੇਨ ਰਿਐਕਸ਼ਨ ਸ਼ੁਰੂ ਹੋਇਆ ਕਿ ਇੱਕ ਗੱਡੀ ਦੂਜੀ ਵਿੱਚ ਤੇ ਦੂਜੀ ਤੀਜੀ ਵਿੱਚ ਜਾ ਟਕਰਾਈਆਂ।



ਇਸ ਘਟਨਾ ਵਿੱਚ 71 ਸਾਲਾ ਪੁਰਸ਼ ਤੇ 69 ਸਾਲਾ ਮਹਿਲਾ ਦੀ ਮੌਤ ਹੋ ਗਈ। ਇਹ ਵੀ ਮੰਨਿਆਂ ਜਾ ਰਿਹਾ ਹੈ ਕਿ ਦੋਵੇਂ ਇੱਕੋ ਗੱਡੀ ਵਿੱਚ ਸਵਾਰ ਸਨ। ਪਰ ਪੁਲਿਸ ਇਹ ਪਤਾ ਨਹੀਂ ਲਾ ਪਾਈ ਕਿ ਦੋਵਾਂ ਦਾ ਆਪਸ ਵਿੱਚ ਕੀ ਰਿਸ਼ਤਾ ਸੀ। ਇੱਕ 38 ਸਾਲਾ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਦਕਿ ਦੋ ਹੋਰਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ।

# ਪੁਰੋਲੇਟਰ ਹਾਇਰ ਕਰੇਗੀ 2400 ਵਰਕਰਜ਼

ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ): ਪੁਰੋਲੇਟਰ ਇਨਕਾਰਪੋਰੇਸ਼ਨ ਵੱਲੋਂ ਹਜ਼ਾਰਾਂ ਦੀ ਗਿਣਤੀ ਵਿੱਚ ਵਰਕਰਜ਼ ਨੂੰ ਹਾਇਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਇਸ ਦੇ ਨਾਲ ਹੀ ਕੰਪਨੀ ਆਪਣੇ ਫਲੀਟ ਵਿੱਚ ਗੱਡੀਆਂ ਦੀ ਗਿਣਤੀ ਵੀ ਵਧਾਉਣ ਜਾ ਰਹੀ ਹੈ। ਇਹ ਉਮੀਦ ਕੀਤੀ ਜਾ ਰਹੀ ਹੈ ਕਿ ਇਹ ਕੰਪਨੀ ਦਾ ਮਸ਼ਰੂਫ ਹਾਲੀਡੇਅ ਸੀਜ਼ਨ ਰਹਿਣ ਵਾਲਾ ਹੈ।

ਇਹ ਸ਼ਿਪਿੰਗ ਕੰਪਨੀ ਦੀ ਮਲਕੀਅਤ ਬਹੁਤਾ ਕਰਕੇ ਕੈਨੇਡਾ ਪੋਸਟ ਕੋਲ ਹੈ। ਕੰਪਨੀ ਦਾ ਕਹਿਣਾ ਹੈ ਕਿ ਉਹ ਆਪਣੀ ਵਰਕਫੋਰਸ ਤੇ ਫਲੀਟ ਨੂੰ 15-15 ਫੀ ਸਦੀ ਵਧਾਉਣ ਜਾ ਰਹੀ ਹੈ। ਕੰਪਨੀ 2400 ਨਵੇਂ ਮੁਲਾਜ਼ਮ ਆਪਣੀ ਟੀਮ ਵਿੱਚ ਸ਼ਾਮਲ ਕਰਨ ਦਾ ਇਰਾਦਾ ਰੱਖਦੀ ਹੈ। ਪੁਰੋਲੇਟਰ ਨੂੰ ਆਸ ਹੈ ਕਿ ਇਹ ਵਰਕਰਜ਼ ਨਵੰਬਰ ਦੇ ਸ਼ੁਰੂ ਤੋਂ ਦਸੰਬਰ ਦੇ ਅੰਤ ਤੱਕ 54 ਮਿਲੀਅਨ ਪੈਕੇਜਿਜ਼ ਸੰਭਾਲ ਪਾਏਗੀ। ਪਿਛਲੇ ਸਾਲ ਨਾਲੋਂ ਇਹ 10 ਫੀ ਸਦੀ ਜ਼ਿਆਦਾ ਹੋਣਗੇ।

ਕ੍ਰਿਸਮਸ ਵਾਲੇ ਹਫਤੇ ਵਿੱਚ ਕੰਪਨੀ ਨੂੰ 7.1 ਮਿਲੀਅਨ ਪੈਕੇਜਿਜ਼ ਸਾਂਭਣੇ ਪੈਣਗੇ, ਜੋ ਪਿਛਲੇ ਸਾਲ ਦੇ ਮੁਕਾਬਲੇ 20 ਫੀ ਸਦੀ ਵੱਧ ਸੀ। ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਦੌਰਾਨ ਬਲੈਕ ਫਰਾਈਡੇਅ ਤੇ ਸਾਈਬਰ ਮੰਡੇਅ ਸੇਲਜ਼ ਕਾਰਨ ਵੀ ਇਨ੍ਹਾਂ ਦੀ ਡਲਿਵਰੀ 29 ਨਵੰਬਰ ਤੇ 5 ਦਸੰਬਰ ਦਰਮਿਆਨ 1.6 ਮਿਲੀਅਨ ਪਾਰਸਲਜ਼ ਰਹਿ ਸਕਦੀ ਹੈ, 2020 ਦੇ ਮੁਕਾਬਲੇ ਇਹ 9 ਫੀ ਸਦੀ ਦਾ ਇਜਾਫਾ ਹੋਵੇਗਾ।





NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1


# ਅਗਲੇ ਹਫਤੇ ਹੋਰ ਪਾਬੰਦੀਆਂ ਹਟਾਵੇਗੀ ਓਨਟਾਰੀਓ ਸਰਕਾਰ : ਰਿਪੋਰਟ

ਓਨਟਾਰੀਓ, 14 ਅਕਤੂਬਰ (ਪੋਸਟ ਬਿਊਰੋ) : ਅਗਲੇ ਹਫਤੇ ਤੋਂ ਓਨਟਾਰੀਓ ਵੱਲੋਂ ਕੋਵਿਡ-19 ਸਬੰਧੀ ਹੋਰ ਪਾਬੰਦੀਆਂ ਹਟਾ ਲਏ ਜਾਣ ਬਾਬਤ ਜਾਣਕਾਰੀ ਹਾਸਲ ਹੋਈ ਹੈ।

ਕਈ ਰਿਪੋਰਟਾਂ ਅਨੁਸਾਰ ਕਰੋਨਾਵਾਇਰਸ ਦੇ ਮਾਮਲੇ ਘੱਟ ਜਾਣ ਕਾਰਨ ਫੋਰਡ ਸਰਕਾਰ ਕੋਵਿਡ-19 ਸਬੰਧੀ ਕਈ ਪਾਬੰਦੀਆਂ ਵਿੱਚ ਹੋਰ ਢਿੱਲ ਦੇਣ ਦੀ ਤਿਆਰੀ ਕਰ ਰਹੀ ਹੈ। ਇੱਕ ਹਫਤੇ ਪਹਿਲਾ ਓਨਟਾਰੀਓ ਵੱਲੋਂ ਸਪੋਰਟਸ ਵੈਨਿਊ, ਕੰਸਰਟ ਹਾਲਜ਼ ਤੇ ਮੂਵੀ ਥਿਏਟਰਜ਼ ਦੀ ਕਪੈਸਿਟੀ ਲਿਮਿਟ ਹਟਾ ਲਈ ਗਈ ਸੀ। ਅਸਲ ਵਿੱਚ ਪ੍ਰੋਵਿੰਸ ਆਪਣੇ 3 ਪੜਾਵੀ ਰੀਓਪਨਿੰਗ ਪਲੈਨ ਵਿੱਚੋਂ ਬਾਹਰ ਨਿਕਲਣ ਵਾਲਾ ਸੀ ਪਰ ਕੇਸਾਂ ਵਿੱਚ ਵਾਧੇ ਤੇ ਡੈਲਟਾ ਵੇਰੀਐਂਟ ਦੇ ਪੈਰ ਪਸਾਰਨ ਕਾਰਨ ਪ੍ਰੋਵਿੰਸ ਨੂੰ ਆਪਣੀ ਇਹ ਯੋਜਨਾ ਵਿਚਾਲੇ ਹੀ ਛੱਡਣੀ ਪਈ।




ਰਿਪੋਰਟਾਂ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਇਹ ਐਲਾਨ ਅਗਲੇ ਹਫਤੇ ਹੋਣ ਦੀ ਸੰਭਾਵਨਾ ਹੈ। ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਐਲਾਨ ਤੋਂ ਬਾਅਦ ਰੈਸਟੋਰੈਂਟਸ, ਬਾਰਜ਼ ਤੇ ਜਿੰਮਜ਼ ਉੱਤੇ ਲੱਗੀਆਂ ਪਾਬੰਦੀਆਂ ਵੀ ਹਟ ਜਾਣਗੀਆਂ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇੰਡੋਰਜ਼ ਵਿੱਚ ਮਾਸਕ ਪਾ ਕੇ ਰੱਖਣ ਦੀ ਸ਼ਰਤ ਸਮੇਤ ਪਬਲਿਕ ਹੈਲਥ ਪਾਬੰਦੀਆਂ ਪ੍ਰਭਾਵੀ ਰਹਿਣਗੀਆਂ।

## ਅੱਜ ਨਾਮਾ

ਆਇਆ ਫੇਰ ਦੁਸਹਿਰਾ ਹੈ ਜਦੋਂ ਬੇਲੀ,
ਨੇਕੀ ਬਦੀ ਦੀ ਛਿੜੀ ਫਿਰ ਗੱਲ ਬੇਲੀ।
ਛੱਡਦੀ ਬਦੀ ਸੜ੍ਹਿਆਂਦ ਹੈ ਸਦਾ ਵਾਂਗੂੰ,
ਜਿਹੜੀ ਨੇਕੀ ਤੋਂ ਹੁੰਦੀ ਨਾ ਝੱਲ ਬੇਲੀ।
ਰੱਖਦੇ ਲੋਕ ਹਨ ਆਸ ਕਿ ਦਿਨ ਆਊ,
ਆਖਰ ਨੇਕੀ ਦਾ ਦੌਰ ਪਊ ਚੱਲ ਬੇਲੀ।
ਸੁਫਨਾ ਸੱਚ ਨਾ ਨਿਕਲਿਆ ਕਦੇ ਹਾਲੇ,
ਪੈਂਦੀ ਬਦੀ ਨੂੰ ਲੱਗੀ ਨਹੀਂ ਠੱਲ੍ਹ ਬੇਲੀ।
ਫਿਰ ਵੀ ਰਸਮ ਦੀ ਪੂਰਤੀ ਕਰੀ ਜਾਓ,
ਸੁਫਨਾ ਅੰਦਰਲਾ ਅੰਦਰ ਲੁਕੋਈ ਜਾਓ।
ਸੋਹਣਾ ਰਾਵਣ ਦਾ ਬਿੰਬ ਬਣਾ ਪਹਿਲਾਂ,
ਮਗਰੋਂ ਸਾੜ ਉਸ ਨੂੰ ਖੁਸ਼ ਹੋਈ ਜਾਓ।

**ਤੀਸ ਮਾਰ ਖਾਂ**

# ਪੰਜਾਬ ਕਾਂਗਰਸ ਦਾ ਰੱਫੜ: ਸਿੱਧੂ ਨੇ ਹਾਈ ਕਮਾਨ ਨਾਲ ਬੈਠਕ ਪਿੱਛੋਂ ਕਿਹਾ : ਰਾਹੁਲ ਤੇ ਪ੍ਰਿਅੰਕਾ ਦਾ ਕਿਹਾ ਮੰਨਾਂਗਾ



ਨਵੀਂ ਦਿੱਲੀ, 14 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੀ ਕਾਂਗਰਸਵਿੱਚ ਅੰਦਰੂਨੀ ਰੱਫੜ ਨਿਬੇੜਨ ਲਈ ਕਾਂਗਰਸ ਹਾਈ ਕਮਾਨ ਨੇ ਅੱਜਵੀਰਵਾਰ ਨੂੰ ਨਵਜੋਤ ਸਿੰਘ ਸਿੱਧੂ ਨੂੰ ਦਿੱਲੀਸੱਦਿਆ ਸੀ, ਮੀਟਿੰਗ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਇਸ਼ਾਰਾ ਦੇ ਦਿੱਤਾ ਕਿ ਉਹ ਹਾਈ ਕਮਾਨ ਦਾ ਕਿਹਾ ਸਭ ਕੁਝ ਮੰਨਣਗੇ।

ਕਾਂਗਰਸ ਦੇ ਕੇਂਦਰੀ ਜਨਰਲ ਸੈਕਟਰੀ ਕੇ ਸੀ ਵੇਣੂਗੋਪਾਲ ਤੇ ਪੰਜਾਬ ਦੀ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨਾਲ ਬੈਠਕ ਵਿੱਚ ਪੰਜਾਬ ਕਾਂਗਰਸ ਦੇ ਅਸਤੀਫਾ ਦੇ ਚੁੱਕੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਆਪਣਾ ਪੱਖ ਰੱਖਿਆ, ਜਿਸ ਪਿੱਛੋਂ ਇਸ ਬੈਠਕਵਿੱਚ ਪੰਜਾਬ ਕਾਂਗਰਸ ਦੇ ਸੰਗਠਨ ਦੇ ਮਾਮਲਿਆਂ ਉੱਤੇ ਚਰਚਾ ਹੋਈ।ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਬੈਠਕਵਿੱਚ ਨਵਜੋਤ ਸਿੰਘਸਿੱਧੂਨਾਲ ਉਸ ਦੇ ਅਸਤੀਫ਼ੇ ਬਾਰੇ ਵੀ ਖੁੱਲ੍ਹ ਕੇ ਗੱਲਬਾਤ ਹੋਈ।

ਇਸ ਬੈਠਕ ਪਿੱਛੋਂਕਾਂਗਰਸ ਹਾਈ ਕਮਾਂਡ ਵੱਲੋਂਪੰਜਾਬ ਦੇ ਇੰਚਾਰਜ ਅਤੇ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਕਿਹਾ ਕਿ ਹਾਈਕਮਾਨ ਦਾ ਫ਼ੈਸਲਾ ਬਾਅਦ ਵਿੱਚ ਆਵੇਗਾ।ਉਨ੍ਹਾਂ ਦੱਸਿਆ ਕਿ ਬੈਠਕਵਿੱਚ ਨਵਜੋਤ ਸਿੰਘਸਿੱਧੂ ਨੇ ਸਾਫ਼ ਕਿਹਾ ਹੈ ਕਿ ਕਾਂਗਰਸ ਪ੍ਰਧਾਨ ਦਾ ਹਰ ਫ਼ੈਸਲਾ ਉਨ੍ਹਾਂ ਨੂੰ ਮਨਜ਼ੂਰ ਹੈ।ਇਸ ਤੋਂ ਸਾਫ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂਕੰਮ ਕਰਨਾ ਅਤੇ ਸੰਗਠਨ ਦਾ ਢਾਂਚਾ ਬਣਾਉਣਾਚਾਹੀਦਾ ਹੈ। ਰਾਵਤ ਨੇ ਕਿਹਾ ਕਿ ਪਹਿਲਾਂ ਨਵਜੋਤ ਸਿੰਘ ਸਿੱਧੂਤੇ ਚਰਨਜੀਤ ਸਿੰਘ ਚੰਨੀ ਨੇ ਆਪਸ ਵਿੱਚ ਵੀ ਕੁਝ ਮੁੱਦਿਆਂ ਉੱਤੇਗੱਲ ਕੀਤੀ ਸੀ ਅਤੇ ਸਾਨੂੰ ਆਸ ਹੈ ਕਿਜਲਦੀ ਹੱਲ ਨਿਕਲੇਗਾ, ਪਰ ਕੁਝ ਗੱਲਾਂ ਨੂੰ ਸਮਾਂ ਲੱਗਦਾ ਹੈ।

ਕੇਂਦਰੀ ਆਗੂਆਂ ਨਾਲ ਬੈਠਕ ਕਰਨ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ 'ਮੈਂ ਪਾਰਟੀ ਹਾਈ ਕਮਾਨ ਨੂੰ ਪੰਜਾਬ ਰਾਜ ਅਤੇ ਪੰਜਾਬ ਕਾਂਗਰਸ ਬਾਰੇ ਆਪਣੀ ਚਿੰਤਾ ਦੱਸੀ ਹੈ। ਮੈਨੂੰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਪ੍ਰਿਅੰਕਾ ਗਾਂਧੀ ਤੇ ਰਾਹੁਲ ਗਾਂਧੀ ਉੱਤੇ ਪੂਰਾ ਭਰੋਸਾ ਹੈ। ਉਹ ਜੋ ਵੀ ਫ਼ੈਸਲਾ ਲੈਣਗੇ, ਕਾਂਗਰਸ ਤੇ ਪੰਜਾਬ ਦੀ ਭਲਾਈ ਲਈ ਹੋਵੇਗਾ। ਮੈਂ ਉਨ੍ਹਾਂ ਦੇ ਨਿਰਦੇਸ਼ਾਂ ਦਾ ਪਾਲਣ ਕਰਾਂਗਾ।' ਇਸ ਤੋਂ ਸੰਕੇਤ ਮਿਲਿਆ ਹੈ ਕਿ ਉਹ ਪੰਜਾਬ ਦੇ ਪ੍ਰਧਾਨ ਬਣੇ ਰਹਿਣਗੇ।

ਦੂਸਰੇ ਪਾਸੇ ਅੱਜਦਿੱਲੀਵਿੱਚ ਨਵਜੋਤ ਸਿੰਘ ਸਿੱਧੂ ਦੇ ਅਸਤੀਫ਼ੇ ਉੱਤੇ ਬੈਠਕ ਹੋਣ ਤੋਂ ਪਹਿਲਾਂ ਦੁਪਹਿਰ ਬਾਅਦ ਪੰਜਾਬਵਿੱਚ ਵੱਡੀ ਸਿਆਸੀ ਸਰਗਰਮੀ ਇਹ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਚਾਨਕ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਉਨ੍ਹਾਂ ਦੇ ਸਿਸਵਾਂ ਫਾਰਮਵਿੱਚ ਜਾ ਪਹੁੰਚੇ। ਦੋਵੇਂ ਆਗੂਆਂਨੇ ਕਰੀਬ ਅੱਧਾ ਘੰਟਾ ਵਿਚਾਰ-ਵਟਾਂਦਰਾ ਕੀਤਾ, ਜਿਸ ਦੇ ਵੇਰਵੇ ਬਾਹਰ ਨਹੀਂ ਆ ਸਕੇ।

ਵਰਨਣ ਯੋਗ ਹੈ ਕਿ 16 ਅਕਤੂਬਰ ਨੂੰ ਕਾਂਗਰਸ ਕਾਰਜਕਾਰਨੀ ਦੀ ਬੈਠਕ ਹੋਣੀ ਹੈ, ਜਿੱਥੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਅਹੁਦੇ ਤੋਂ ਹਟਾਏ ਜਾਣ ਅਤੇ ਫਿਰਸਿੱਧੂ ਦੇ ਅਸਤੀਫ਼ੇ ਨਾਲ ਹੋਈ ਕਿਰਕਿਰੀ ਦਾ ਮੁੱਦਾ ਉੱਠਣ ਦੀ ਸੰਭਾਵਨਾ ਹੈ। ਸੂਤਰਾਂ ਮੁਤਾਬਕ ਕਾਂਗਰਸ ਦੀ ਲੀਡਰਸ਼ਿਪ ਉਸ ਤੋਂ ਪਹਿਲਾਂ ਪੰਜਾਬ ਕਾਂਗਰਸ ਦਾਰੱਫੜ ਪੂਰੀ ਤਰ੍ਹਾਂ ਖਤਮ ਕਰਨਾ ਚਾਹੁੰਦੀ ਹੈ।ਏਸੇ ਲਈ ਪਾਰਟੀ ਲੀਡਰਸ਼ਿਪ ਫ਼ੈਸਲਾ ਕਰਨਵਿੱਚ ਦੇਰ ਨਹੀਂ ਕਰੇਗੀ।

## ਐੱਸ ਚਟੋਪਾਧਿਆਏ ਪੰਜਾਬ ਦੇ ਡਾਇਰੈਕਟਰ ਵਿਜੀਲੈਂਸ ਬਣਾਏ ਗਏ



ਚੰਡੀਗੜ੍ਹ, 14 ਅਕਤੂਬਰ, (ਪੋਸਟ ਬਿਊਰੋ)-ਪੰਜਾਬ ਸਰਕਾਰ ਨੇ ਪਾਵਰਕਾਮ ਦੇ ਡੀ ਜੀ ਪੀ ਐੱਸ ਚਟੋਪਾਧਿਆਏ ਨੂੰ ਅੱਜ ਡੀ ਜੀ ਪੀ ਕਮ ਡਾਇਰੈਕਟਰ ਵਿਜੀਲੈਂਸ ਬਿਊਰੋ ਨਿਯੁਕਤ ਕਰ ਦਿੱਤਾ ਹੈ।

ਗ੍ਰਹਿ ਵਿਭਾਗ ਵੱਲੋਂ ਅੱਜ ਜਾਰੀ ਕੀਤੇ ਗਏ ਪੱਤਰ ਦੇ ਮੁਤਾਬਕ ਐਸ ਚਟੋਪਾਧਿਆਏ ਨੂੰ ਡਾਇਰੈਕਟਰ ਵਿਜੀਲੈਂਸ ਬਰਜਿੰਦਰ ਕੁਮਾਰ ਉੱਪਲ ਦੇ ਛੁੱਟੀ ਉੱਤੇ ਜਾਣ ਕਾਰਨ ਇਹ ਵਾਧੂ ਚਾਰਜ ਦਿੱਤਾ ਗਿਆ ਹੈ। ਪੱਤਰ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਇਸ ਨਿਯੁਕਤੀ ਲਈ ਕਿਸੇ ਤਰ੍ਹਾਂ ਦਾ ਕੋਈ ਵਾਧੂਭੱਤਾ ਨਹੀਂ ਮਿਲੇਗਾ। ਵਰਨਣਯੋਗ ਹੈ ਕਿ ਐਸ ਚਟੋਪਾਧਿਆਏ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂਪੰਜਾਬ ਪੁਲਿਸ ਦਾ ਮੁਖੀ (ਡੀ ਜੀ ਪੀ) ਬਣਾਉਣਾ ਚਾਹੁੰਦੇ ਸਨ, ਪਰ ਜਦੋਂਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਕਬਾਲਪ੍ਰੀਤ ਸਿੰਘ ਸਹੋਤਾ ਨੂੰ ਕਾਰਜਕਾਰੀ ਡੀ ਜੀ ਪੀਬਣਾ ਦਿੱਤਾ ਤਾਂ ਨਵਜੋਤ ਸਿੰਘਸਿੱਧੂਨੇ ਨਾਰਾਜ਼ ਹੋ ਕੇ ਅਸਤੀਫਾ ਦੇ ਦਿੱਤਾ ਸੀ। ਨਵਜੋਤ ਸਿੰਘ ਸਿੱਧੂ ਨੇ ਦਿੱਲੀ ਵਿੱਚ ਪਾਰਟੀ ਦੇ ਜਨਰਲ ਸੈਕਟਰੀ ਕੇ ਸੀ ਵੇਣੂਗੋਪਾਲ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨਾਲ ਅੱਜਬੈਠਕ ਕੀਤੀ ਅਤੇ ਉਸ ਤੋਂ ਬਾਅਦ ਸਰਕਾਰ ਨੇ ਦੇਰ ਰਾਤ ਐੱਸ ਚਟੋਪਾਧਿਆਏ ਲਈ ਤਾਜ਼ਾ ਹੁਕਮ ਜਾਰੀ ਕੀਤੇ ਹਨ।

ਚੱਟੋਪਾਧਿਆਏ ਨੂੰ ਮੁੱਖ ਡਾਇਰੈਕਟਰ ਵਿਜੀਲੈਂਸ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਉਹ ਪਹਿਲਾਂ ਡੀਜੀਪੀ, ਪੰਜਾਬ ਪਾਵਰਕਾਮ(ਪੀ ਐਸ ਪੀ ਸੀ ਐਲ) ਪਟਿਆਲਾ ਵਜੋਂ ਤਾਇਨਾਤ ਹਨ।ਇਸ ਦੇ ਨਾਲ ਉਨ੍ਹਾਂ ਨੂੰ ਪੰਜਾਬ ਵਿਜੀਲੈਂਸ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਇਹ ਹੁਕਮ ਮੁੱਖ ਮੰਤਰੀ ਪੰਜਾਬ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਹੈ।

## ਅਮਿਤ ਸ਼ਾਹ ਦਾ ਦਬਕਾ: ਭਾਰਤ ਮੁੜ ਕੇ ਪਾਕਿ ਵਿਰੁੱਧ ਸਰਜੀਕਲ ਸਟਰਾਈਕ ਕਰ ਸਕਦੈ



ਨਵੀਂ ਦਿੱਲੀ, 14 ਅਕਤੂਬਰ, (ਪੋਸਟ ਬਿਊਰੋ)-ਜੰਮੂ-ਕਸ਼ਮੀਰ ਵਿੱਚ ਅੱਤਵਾਦੀਆਂ ਵੱਲੋਂ ਆਮ ਨਾਗਰਿਕਾਂ ਨੂੰ ਮਾਰਦੇ ਜਾਣ ਦੀਆਂ ਘਟਨਾਵਾਂ ਕਾਰਨ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਕਿਸਤਾਨ ਨੂੰ ਤਿੱਖੀ ਚਿਤਾਵਨੀ ਦਿੱਤੀ ਹੈ ਕਿ ਜੇ ਉਹ ਇਸੇ ਤਰ੍ਹਾਂ ਜੰਮੂ-ਕਸ਼ਮੀਰ ਵਿਚਲੇ ਅੱਤਵਾਦੀਆਂ ਨੂੰ ਹੱਲਾਸ਼ੇਰੀ ਦਿੰਦਾ ਰਹੇਗਾ ਤਾਂ ਉਸਨੂੰ ਇੱਕ ਹੋਰ ਸਰਜੀਕਲ ਸਟਰਾਈਕ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

ਅਮਿਤ ਸ਼ਾਹ ਨੇ ਕਿਹਾ ਕਿ 'ਭਾਰਤ ਨੇ 2016 ਵਿੱਚ ਪਾਕਿਸਤਾਨ ਉਤੇ ਸਰਜੀਕਲ ਸਟਰਾਈਕ ਕਰ ਕੇ ਸਾਬਤ ਕਰ ਦਿੱਤਾਸੀ ਕਿ ਅਸੀਂ ਹਮਲੇ ਬਰਦਾਸ਼ਤ ਨਹੀਂ ਕਰਦੇ। ਜੇ ਤੁਸੀਂ ਉਲੰਘਣਾ ਕਰੋਗੇ ਤਾਂ ਫਿਰ ਸਰਜੀਕਲ ਸਟਰਾਈਕ ਹੋਵੇਗੀ।' ਉਨ੍ਹਾ ਕਿਹਾ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਬਕਾ ਰੱਖਿਆ ਮੰਤਰੀ ਮਨੋਹਰ ਪਾਰੀਕਰ ਦੀ ਨਿਗਰਾਨੀ ਹੇਠ ਕੀਤੀ ਗਈ ਉਹ ਸਰਜੀਕਲ ਸਟਰਾਈਕ ਮਹੱਤਵਪੂਰਨ ਕਦਮ ਸੀ ਤੇ ਅਸੀਂ ਇਹ ਸੰਦੇਸ਼ ਦਿੱਤਾ ਸੀ ਕਿ ਭਾਰਤੀ ਸਰਹੱਦਾਂ ਨੂੰ ਕੋਈ ਉਲੰਘ ਨਹੀਂ ਸਕਦਾ। ਗੱਲ ਕਰਨ ਦਾ ਸਮਾਂ ਪਹਿਲਾਂ ਸੀ, ਅੱਜ ਪ੍ਰਤੀਕਿਰਿਆ ਦੇਣ ਦਾ ਸਮਾਂ ਹੈ। ਉਸ ਦੇ ਬਾਅਦ ਜੋ ਹੋਇਆ ਸੀ, ਸਭ ਨੂੰ ਪਤਾ ਹੈ।'ਵਰਨਣ ਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਜੰਮੂ-ਕਸ਼ਮੀਰ ਵਿੱਚ ਹਿੰਦੂਆਂ ਤੇ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਕਤਲ ਕੀਤੇ ਗਏ ਹਨ। ਅੱਤਵਾਦੀਆਂ ਵੱਲੋਂਆਮ ਲੋਕਾਂ ਨੂੰ ਮਾਰਨ ਪਿੱਛੋਂ ਫੌਜ ਨੇ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਹੈ।ਅੱਤਵਾਦੀਆਂ ਵੱਲੋਂ ਫੌਜ ਉੱਤੇ ਵੀ ਹਮਲਾ ਕਰਨ ਪਿੱਛੋਂ ਲੋਕ ਅੱਤਵਾਦੀਆਂ ਉੱਤੇ ਢੁਕਵੇਂ ਹਮਲੇ ਦੀ ਮੰਗ ਕਰ ਰਹੇ ਹਨ। ਫ਼ੌਜ ਨੇ ਘਾਟੀ ਵਿੱਚਅੱਤਵਾਦੀਆਂ ਨੂੰ ਘੇਰ ਕੇ ਸਫਾਇਆ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈਤੇ ਕੁਝ ਅੱਤਵਾਦੀਆਂ ਨੂੰ ਦਿੱਲੀ ਅਤੇ ਹੋਰ ਰਾਜਾਂ ਤੋਂ ਜਿੰਦਾ ਵੀ ਫੜਿਆ ਹੈ, ਜਿਸ ਮਗਰੋਂ ਇਨ੍ਹਾਂ ਅੱਤਵਾਦੀਆਂ ਦੇ ਇਕਬਾਲੀਆ ਬਿਆਨ ਨੇ ਸੰਸਾਰ ਸਾਹਮਣੇ ਪਾਕਿਸਤਾਨ ਦੀ ਪੋਲ ਖੋਲ੍ਹ ਦਿੱਤੀ ਹੈ।

## ਕਿਸਾਨ ਆਗੂ ਚੜੂੰਨੀ ਦਾ ਐਲਾਨ: ਪੰਜਾਬ ਵਿੱਚ ਸਾਰੀਆਂ ਸੀਟਾਂ ਉੱਤੇ ਚੋਣ ਲੜਾਂਗੇ



ਬਠਿੰਡਾ, 14 ਅਕਤੂਬਰ, (ਪੋਸਟ ਬਿਊਰੋ)-ਹਰਿਆਣਾ ਦੇ ਪ੍ਰਮੁੱਖ ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ਨੇ ਅੱਜ ਏਥੇ ਐਲਾਨ ਕੀਤਾ ਹੈ ਕਿ ਪੰਜਾਬ ਵਿੱਚ ਅਗਲੇ ਸਾਲਅਸੈਂਬਲੀਦੀਆਂ ਸਾਰੀਆਂ ਸੀਟਾਂ ਤੋਂ ਚੋਣ ਲੜੀ ਜਾਵੇਗੀ।

ਗੁਰਨਾਮ ਸਿੰਘ ਚੜੂੰਨੀਅੱਜਏਥੇ ਬਠਿੰਡਾ ਦੇ ਟੀਚਰਜ਼ ਹੋਮ ਵਿਖੇ ਸ਼ਹਿਰ ਵਾਸੀਆਂ ਨਾਲ ਮੀਟਿੰਗ ਕਰਨ ਵਾਸਤੇਆਏ ਸਨ।ਬਾਅਦ ਵਿੱਚਗੱਲਬਾਤ ਦੌਰਾਨ ਉਨ੍ਹਾ ਨੇ ਕਿਹਾ ਕਿ ਬਠਿੰਡਾ ਦੇ ਕੁਝ ਬੁੱਧੀਜੀਵੀਆਂ ਨੇ ਉਨ੍ਹਾਂ ਨੂੰ ਮਿਲਣ ਲਈ ਖਾਸ ਤੌਰ ਉੱਤੇਸੱਦਿਆ ਸੀ, ਜਿਸ ਕਾਰਨ ਉਹ ਸ਼ਹਿਰ ਵਾਸੀਆਂ ਨੂੰ ਮਿਲੇ ਤੇ ਪੰਜਾਬ ਦੇ ਭਵਿੱਖ ਬਾਰੇ ਵਿਚਾਰ ਵਟਾਂਦਰਾ ਕੀਤਾ ਹੈ। ਉਨ੍ਹਾਂ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਨ੍ਹਾਂ ਨੇ 'ਮਿਸ਼ਨ ਪੰਜਾਬ' ਸ਼ੁਰੂ ਕੀਤਾ ਹੈ, ਕਿਉਂਕਿ ਜਦੋਂ ਤਕ ਵੋਟਰ ਦੇ ਹੱਥ ਸੱਤਾ ਨਹੀਂ ਹੋਵੇਗੀ, ਉਦੋਂ ਤੱਕ ਕਾਰਪੋਰੇਟ ਹੱਥਾਂ ਦੇ ਖਿਡੌਣੇ ਬਣੇ ਲੀਡਰਾਂ ਵੱਲੋਂ ਆਮ ਲੋਕਾਂ ਉੱਤੇ ਕਨੂੰਨ ਥੋਪੇ ਜਾਣਗੇ,ਲੋਕਾਂ ਦੀ ਦੁਰਦਸ਼ਾ ਹੁੰਦੀ ਰਹੇਗੀ ਤੇ ਇਨ੍ਹਾਂ ਹਾਲਤਾਂ ਨੂੰ ਬਦਲਣ ਲਈ ਚੋਣਾਂ ਲੜਨਾ ਜ਼ਰੂਰੀ ਹੈ, ਜਿਸ ਲਈ ਉਹ ਪੰਜਾਬ ਦੇ ਲੋਕਾਂ ਨੂੰ ਤਿਆਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲਖੀਮਪੁਰ ਖੀਰੀ ਕਾਂਡ ਦੇ ਮੁੱਖ ਚਿਹਰੇ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਦਾ ਹਾਲੇ ਵੀ ਗੱਦੀ ਉੱਤੇਹੋਣਾ ਦੱਸਦਾ ਹੈ ਕਿ ਆਮ ਲੋਕਾਂ ਉੱਤੇ ਜ਼ੁਲਮਾਂ ਕਾਰਨ ਅੱਗੇ ਜਾ ਕੇ ਲੋਕਾਂ ਦੀ ਇਸ ਤੋਂ ਵੀ ਬੁਰੀ ਹਾਲਤ ਕੀਤੀ ਜਾਵੇਗੀ।ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਵੇਂ ਕਿਸਾਨ ਅੰਦੋਲਨ ਵਿਚ ਉਨ੍ਹਾਂ ਨੇ ਮਿਸਾਲ ਪੇਸ਼ ਕੀਤੀ ਹੈ, ਉਸੇ ਤਰ੍ਹਾਂ ਵਿਧਾਨ ਸਭਾ ਚੋਣਾਂ ਵਿਚ ਸਾਰੀਆਂ ਰਾਜਸੀ ਪਾਰਟੀਆਂ ਨੂੰ ਲਾਂਭੇ ਕਰਕੇ ਆਮ ਲੋਕਾਂ ਦੀ ਸਰਕਾਰ ਚੁਣ ਕੇ ਮਿਸਾਲ ਪੇਸ਼ ਕਰ ਸਕਦੇ ਹਨ।

## ਬਗੀਚੇ ਵਿੱਚ ਬੇਕਾਰ ਪਈਆਂ ਮੂਰਤੀਆਂ ਖਜ਼ਾਨਾ ਨਿਕਲੀਆਂ

ਲੰਡਨ, 14 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਇੱਕ ਪਰਵਾਰ ਦੀ ਉਸ ਸਮੇਂ ਕਿਸਮਤ ਖੁੱਲ੍ਹ ਗਈ, ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਬਗੀਚੇ ਵਿੱਚ ਲੱਗੀਆਂ ਮੂਰਤੀਆਂ ਬੇਸ਼ਕੀਮਤੀ ਹਨ। ਬਗੀਚੇ ਵਿੱਚ ਲੱਗੀਆਂ ਜਿਨ੍ਹਾਂ ਮੂਰਤੀਆਂ ਨੂੰ ਪਰਵਾਰ ਮਾਮੂਲੀ ਸਮਝ ਰਿਹਾ ਸੀ, ਪ੍ਰਾਚੀਨ ਮਿਸਰ ਦੀਆਂ ਮੂਰਤੀਆਂ ਨਿਕਲੀਆਂ, ਜਿਨ੍ਹਾਂ ਦੀ ਕੀਮਤ ਕਰੋੜਾਂ ਵਿੱਚ ਬਣਦੀ ਹੈ। ਬਗੀਚੇ ਵਿੱਚ ਲੱਗੀਆਂ ਮੂਰਤੀਆਂ ਦੋ ਬੈਠੇ ਸਫਿੰਕਸ ਦੀਆਂ ਹਨ, ਜੋ ਦੇਖਣ ਨੂੰ ਬੇਹੱਦ ਸਾਧਾਰਨ ਲੱਗਦੀਆਂ ਹਨ। ਪਰਵਾਰ ਨੂੰ ਜਾਣ ਕੇ ਹੈਰਾਨੀ ਹੋਈ ਕਿ ਪ੍ਰਾਚੀਨ ਮਿਸਰ ਦੀਆਂ ਮੂਰਤੀਆਂ ਦੀ ਕੀਮਤ 2.47 ਕਰੋੜ ਰੁਪਏ ਤੋਂ ਵੱਧ ਹੈ। ਮਿਲੀ ਜਾਣਕਾਰੀ ਅਨੁਸਾਰ ਮੂਰਤੀਆਂ ਖਰਾਬ ਹਾਲਤ ਵਿੱਚ ਸਨ, ਪਰ ਇਸ ਹਾਲਤ ਦੇ ਕਾਰਨ ਉਹ ਅੰਤਰਰਾਸ਼ਟਰੀ ਪੱਧਰ ਉੱਤੇ ਲੋਕਾਂ ਦਾ ਧਿਆਨ ਖਿੱਚ ਰਹੀਆਂ ਹਨ। ਜਦ ਮੂਰਤੀਆਂ ਨੂੰ ਨੀਲਾਮੀ ਲਈ ਰੱਖਿਆ ਗਿਆ ਤਾਂ ਵੱਧਦੀ ਬੋਲੀ ਤੋਂ ਪਰਵਾਰ ਹੈਰਾਨ ਰਹਿ ਗਿਆ।

## ਰਾਜ ਭਵਨ ਅੱਗੇ ਧਰਨਾ ਦੇਣ ਪਿੱਛੋਂ ਰੋਸ ਪ੍ਰਗਟ ਕਰਦੇ ਸੁਖਬੀਰ ਸਿੰਘ ਬਾਦਲ ਗ੍ਰਿਫਤਾਰ



ਚੰਡੀਗੜ੍ਹ, 14 ਅਕਤੂਬਰ, (ਪੋਸਟ ਬਿਊਰੋ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪਾਰਟੀ ਦੇ ਸੀਨੀਅਰ ਆਗੂਆਂ ਤੇ ਵਰਕਰਾਂ ਨਾਲ ਪੰਜਾਬ ਦੇ ਰਾਜ ਭਵਨ ਅੱਗੇ ਲੰਬਾ ਧਰਨਾ ਤੇ ਗ੍ਰਿਫਤਾਰੀ ਦੇ ਕੇ ਪੰਜਾਬੀਆਂ ਨਾਲ ਸਾਂਝ ਪ੍ਰਗਟਾਈ ਤੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਕੇਂਦਰੀ ਫੋਰਸਾਂ ਦੇ ਅੱਧੇ ਪੰਜਾਬ ਉੱਤੇ ਕੰਟਰੋਲ ਵਧਾਉਣ ਲਈ ਕੇਂਦਰ ਸਰਕਾਰ ਨਾਲ ਗੰਢਤੁੱਪ ਅਤੇ ਉਸ ਅੱਗੇ ਸਮਰਪਣ ਦੇ ਵਿਰੁੱਧ ਰੋਸ ਕੀਤਾ।ਇਸ ਮੌਕੇ ਉਨ੍ਹਾਂ ਨੇ ਗ੍ਰਿਫਤਾਰੀ ਦਿੱਤੀਤਾਂ ਉਨ੍ਹਾਂ ਨੂੰ ਸੀਨੀਅਰ ਆਗੂਆਂਨਾਲ ਬੱਸ ਵਿਚ ਸੈਕਟਰ ਤਿੰਨ ਦੇ ਥਾਣੇ ਲਿਜਾਇਆ ਗਿਆ।

ਇਸ ਤੋਂ ਪਹਿਲਾਂ ਬੈਰੀਕੇਡਿੰਗ ਕਰ ਕੇ ਜਦੋਂ ਸੁਖਬੀਰ ਸਿੰਘ ਬਾਦਲ ਨੂੰ ਰਾਜ ਭਵਨ ਵੱਲ ਜਾਣ ਤੋਂ ਰੋਕਿਆ ਗਿਆ ਤਾਂ ਉਨ੍ਹਾ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਦੂਸਰੀ ਵਾਰ ਹੈ ਕਿ ਕੇਂਦਰ ਨੇ ਪੰਜਾਬ ਦੇ ਹੱਕਾਂ ਉੱਤੇ ਡਾਕਾ ਮਾਰਿਆ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਬਣਾ ਕੇ ਪੰਜਾਬ ਦੇ ਕਿਸਾਨਾਂ ਨੂੰ ਸੱਟ ਮਾਰੀ ਤੇ ਫਿਰ ਬਾਰਡਰ ਸਕਿਓਰਿਟੀ ਫੋਰਸ (ਬੀ ਐਸ ਐਫ)ਦਾ ਅਧਿਕਾਰ ਖੇਤਰ ਵਧਾ ਕੇ ਰਾਜਦੀ ਅਮਨ ਕਾਨੂੰਨ ਦੀ ਸਥਿਤੀ ਉੱਤੇ ਕਬਜ਼ਾ ਕਰਨ ਦਾ ਯਤਨ ਕਰ ਰਹੀ ਹੈ। ਇਸ ਫੈਸਲੇ ਨੂੰ ਦੇਸ਼ ਦੇ ਫੈਡਰਲ ਢਾਂਚੇ ਉੱਤੇ ਹਮਲਾ ਮੰਨਦਿਆਂਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਵਿੱਤਰ ਅਸਥਾਨ, ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਿਰ ਅਤੇ ਰਾਮ ਤੀਰਥ ਕੇਂਦਰੀ ਬਲਾਂ ਦੇ ਕੰਟਰੋਲ ਹੇਠ ਹੋ ਜਾਣਗੇ।ਉਨ੍ਹਾਂ ਕਿਹਾ ਕਿ ਅਕਾਲੀ ਦਲ ਇਸ ਕੁਤਾਹੀ ਖਿਲਾਫ ਲੜੇਗਾ।ਉਨ੍ਹਾਂ ਕਿਹਾ ਕਿ ਇਹ ਨਿੰਦਣਯੋਗ ਹੈ ਕਿ ਮੁੱਖ ਮੰਤਰੀ ਨੇ 5 ਅਕਤੂਬਰ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਵਿੱਚ ਇਸ ਪੰਜਾਬ ਵਿਰੋਧੀ ਫੈਸਲੇ ਦੀ ਸਹਿਮਤੀ ਦੇ ਦਿੱਤੀ।ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਹਿਲਾਂ ਵੀ ਪੰਜਾਬ ਨਾਲ ਉਦੋਂ ਵਿਤਕਰਾ ਹੋਇਆ ਸੀ, ਜਦੋਂ ਕਾਂਗਰਸ ਸਰਕਾਰ ਨੇ ਇਸਦੇ ਦਰਿਆਈ ਪਾਣੀ ਖੋਹੇ ਸਨ।ਉਨ੍ਹਾਂ ਕਿਹਾ ਕਿ ਕੁਝ ਸਾਲ ਪਹਿਲਾਂ ਜੀ ਐਸ ਟੀ ਦਾ ਦੌਰ ਸ਼ੁਰੂਕਰ ਕੇ ਅਸੀਂ ਆਪਣਾ ਮਾਲੀਆ ਗੁਆ ਲਿਆ, ਅੱਜ ਸਾਡੀ ਜ਼ਮੀਨ ਤੇ ਪੁਲਿਸ ਖੋਹੀ ਜਾ ਰਹੀ ਹੈ।

## ਪਾਵਰਕਾਮ ਵੱਲੋਂ ਦੋ ਕਿਲੋਵਾਟ ਤਕ ਬਕਾਇਆ ਬਿਜਲੀ ਬਿੱਲ ਮੁਆਫ਼ੀ ਦਾ ਨੋਟੀਫਿਕੇਸ਼ਨ ਜਾਰੀ

ਖੰਨਾ, 14 ਅਕਤੂਬਰ (ਪੋਸਟ ਬਿਊਰੋ)- ਪੰਜਾਬ ਕੈਬਨਿਟ ਵੱਲੋਂ ਲਏ ਫ਼ੈਸਲੇ ਨੂੰ ਲਾਗੂ ਕਰਦੇ ਹੋਏ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪਾਵਰਕਾਮ) ਨੇ ਇੱਕ ਕਮਰਸ਼ੀਅਲ ਸਰਕੂਲਰ ਜਾਰੀ ਕਰ ਕੇ ਦੋ ਕਿਲੋਵਾਟ ਬਿਜਲੀ ਬਿੱਲ ਮੁਆਫ਼ ਕਰਨ ਅਤੇ ਇਸ ਕਾਰਨ ਕੱਟੇ ਗਏ ਕੁਨੈਕਸ਼ਨ ਮੁੜ ਤੋਂ ਜੋੜਨ ਦਾ ਰਸਤਾ ਸਾਫ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਕੱਲ੍ਹ ਜਾਰੀ ਕੀਤੇ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਦੋ ਕਿਲੋਵਾਟ ਤਕ ਦੇ ਘਰੇਲੂ ਬਿੱਲ ਜਿਹੜੇ 29 ਸਤੰਬਰ ਤਕ ਜਾਰੀ ਹੋ ਗਏ ਸਨ, ਉਨ੍ਹਾਂ ਵਿੱਚ ਦਿਖਾਇਆ ਗਿਆ ਪਿਛਲਾ ਬਕਾਇਆ ਜੇ ਕੋਈ ਹੋਵੇ ਤਾਂ ਉਸ ਨੂੰ ਮੁਆਫ਼ ਸਮਝਿਆ ਜਾਵੇਗਾ, ਪਰ ਉਸ ਬਿੱਲ-ਸਾਈਕਲ ਦੀ ਕਰੰਟ ਰਕਮ ਵਸੂਲੀ ਜਾਵੇਗੀ। ਇਸ ਤਰ੍ਹਾਂ ਦੇ ਖਪਤਕਾਰਾਂ ਦੇ ਬਿੱਲ ਨਾ ਜਮ੍ਹਾ ਹੋਣ ਕਰ ਕੇ ਕੱਟੇ ਗਏ ਬਿਜਲੀ ਦੇ ਕੁਨੈਕਸ਼ਨਾਂ ਨੂੰ ਜੋੜਿਆ ਜਾਵੇਗਾ। ਏਦਾਂ ਦੇਜਿਹੜੇ ਖਪਤਕਾਰਾਂ ਦੇ ਕੁਨੈਕਸ਼ਨ ਫਿਰ ਜੋੜੇ ਜਾਣਗੇ, ਉਨ੍ਹਾਂ ਕੋਲੋਂ ਬਿੱਲ ਨਾ ਜਮ੍ਹਾ ਕਰਾਉਣ ਦਾ ਜੁਰਮਾਨਾ, ਕੁਨੈਕਸ਼ਨ ਫਿਰ ਤੋਂ ਜੋੜਨ ਦੀ ਫੀਸ, ਜਿੰਨਾ ਚਿਰ ਕੁਨੈਕਸ਼ਨ ਕੱਟਿਆ ਰਿਹਾ, ਉਸਦੇ ਫਿਕਸਡ ਚਾਰਜਿਜ਼ ਪੰਜਾਬ ਸਰਕਾਰ ਤੋਂ ਵਸੂਲੇ ਜਾਣਗੇ ਤੇ ਖਪਤਕਾਰਾਂ ਤੋਂ ਨਹੀਂ ਲਏ ਜਾਣਗੇ। ਜਿਨ੍ਹਾਂ ਖਪਤਕਾਰਾਂ ਦੇ ਕੁਨੈਕਸ਼ਨ ਫਿਰ ਜੋੜਨਾ ਸੰਭਵ ਨਹੀਂ ਹੋਵੇਗਾ ਉਨ੍ਹਾਂ ਦੇ ਨਵੇਂ ਕੁਨੈਕਸ਼ਨ ਜਾਰੀ ਕੀਤੇ ਜਾਣਗੇ ਅਤੇ ਇਸ ਸਬੰਧੀ ਸਾਰੇ ਚਾਰਜਿਜ਼ ਪੰਜਾਬ ਸਰਕਾਰ ਤੋਂ ਵਸੂਲੇ ਜਾਣਗੇ।



## ਤਾਲਿਬਾਨ ਦੀ ਧਮਕੀ ਮਗਰੋਂ ਪਾਕਿ ਏਅਰਲਾਈਨ ਨੇ ਕਾਬੁਲ ਦੀਆਂ ਉਡਾਣਾਂ ਰੋਕੀਆਂ

ਇਸਲਾਮਾਬਾਦ, 14 ਅਕਤੂਬਰ, (ਪੋਸਟ ਬਿਊਰੋ)-ਪਾਕਿਸਤਾਨ ਇੰਟਰਨੈਸ਼ਨਲਏਅਰਲਾਈਨਜ਼ਨੇ ਸੁਰੱਖਿਆ ਕਾਰਨਾਂ ਦਾਹਵਾਲਾ ਦੇ ਕੇ ਅਫਗਾਨਿਸਤਾਨ ਨੂੰ ਜਾਂਦੀਆਂ ਆਪਣੀਆਂ ਉਡਾਣਾਂ ਅੱਜ ਵੀਰਵਾਰ ਅਚਾਨਕਸਸਪੈਂਡ ਕਰ ਦਿੱਤੀਆਂ। ਇਸ ਤੋਂ ਕੁਝ ਘੰਟੇ ਪਹਿਲਾਂ ਤਾਲਿਬਾਨ ਸਰਕਾਰ ਨੇ ਕਿਹਾ ਸੀ ਕਿ ਜੇ ਕਾਬੁਲ ਤੋਂ ਇਸਲਾਮਾਬਾਦ ਦਾ ਕਿਰਾਇਆ ਘਟਾ ਕੇ ਪਿਛਲੇਰੇਟ ਵਾਲਾ ਨਹੀਂ ਕੀਤਾ ਜਾਂਦਾ ਤਾਂ ਇਸ ਏਅਰਲਾਈਨ ਉੱਤੇ ਪਾਬੰਦੀ ਲਾਈ ਜਾ ਸਕਦੀ ਹੈ।

ਸਥਾਨਕ ਅਖ਼ਬਾਰ ਮੁਤਾਬਕ ਦੇਸ਼ ਦੀ ਸਰਕਾਰੀ ਏਅਰਲਾਈਨ 'ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨ' (ਪੀ ਆਈ ਏ) ਦੇ ਬੁਲਾਰੇ ਨੇ ਦੱਸਿਆ ਕਿ ਇਸ ਦੀ ਕਾਬੁਲ ਸਰਵਿਸ ਅਗਲੇ ਨੋਟਿਸ ਤੱਕਸਸਪੈਂਡ ਰਹੇਗੀ। ਮੌਜੂਦਾ ਸਮੇਂ ਪੀ ਆਈ ਏ ਅਤੇ ਅਫਗਾਨਿਸਤਾਨ ਦੀ ਨਿੱਜੀ ਮਾਲਕੀ ਵਾਲੀ ਕੰਪਨੀ 'ਕਾਮ ਏਅਰ' ਕਾਬੁਲ ਤੱਕ ਉੱਚੇ ਰੇਟਾਂਉੱਤੇ ਚਾਰਟਰ ਉਡਾਣਾਂ ਚਲਾ ਰਹੀਆਂ ਸਨ। ਅੱਜ ਵੀਰਵਾਰ ਤਾਲਿਬਾਨ ਦੇ ਬੁਲਾਰੇ ਜਬੀਉੱਲਾ ਮੁਜਾਹਿਦ ਨੇ ਕਿਹਾਕਿ ਪੀ ਆਈ ਏ ਅਤੇ ਅਫਗਾਨ ਕਾਮ ਏਅਰ ਨੂੰ ਕਾਬੁਲ-ਇਸਲਾਮਾਬਾਦ ਦਾ ਕਿਰਾਇਆ ਘੱਟ ਕਰਨਾ ਪਵੇਗਾ ਜਾਂ ਉਨ੍ਹਾਂ ਨੂੰ ਉਡਾਣਾਂ ਰੋਕਣੀਆਂ ਪੈਣਗੀਆਂ। ਅਫਗਾਨਿਸਤਾਨ ਦੇ ਆਵਾਜਾਈ ਅਤੇ ਸਿਵਲ ਏਵੀਏਸ਼ਨ ਮੰਤਰਾਲੇਵੱਲੋਂ ਲਿਖੇ ਪੱਤਰਵਿੱਚਮੁਤਾਬਕ ਪੀ ਆਈ ਏ ਅਤੇ ਕਾਮ ਏਅਰ ਨੂੰ ਕਾਬੁਲ ਤੋਂ ਇਸਲਾਮਾਬਾਦ ਦਾ ਕਿਰਾਇਆ ਉਸੇ ਰੇਟਉੱਤੇ ਲਿਆਉਣਾ ਹੋਵੇਗਾ, ਜੋ 15 ਅਗਸਤ ਤੋਂ ਪਹਿਲਾਂ ਸੀ। ਕਾਬੁਲ ਤੋਂ ਬਾਹਰ ਸ਼ਡਿਊਲਡਫਲਾਈਟਸ ਚਲਾਉਣ ਵਾਲੀ ਪੀ ਆਈ ਏ ਇਕਲੌਤੀ ਵਿਦੇਸ਼ੀ ਕੰਪਨੀ ਹੈ ਅਤੇ ਉਸ ਨੂੰ ਵੀ ਇਹ ਸਰਵਿਸ ਰੋਕਣੀ ਪੈ ਗਈ ਹੈ।

### * ਪਾਕਿ ਮਨੁੱਖੀ ਤਸਕਰ ਵਿਰੁੱਧ ਅਮਰੀਕਾ ਵੱਲੋਂ 20 ਲੱਖ ਡਾਲਰ ਇਨਾਮ

ਦੂਸਰੇ ਪਾਸੇ ਅੱਜ ਵੀਰਵਾਰ ਅਮਰੀਕਾ ਨੇ ਮਨੁੱਖੀ ਤਸਕਰ ਆਬਿਦ ਅਲੀ ਖਾਨ ਬਾਰੇ ਸੂਹ ਦੇਣ ਵਾਲੇ ਨੂੰ 10 ਲੱਖ ਡਾਲਰ ਤੇ ਉਸ ਦੇ ਨੈੱਟਵਰਕ ਦੀਖਬਰ ਦੇਣ ਵਾਲੇ ਨੂੰ 10 ਲੱਖ ਡਾਲਰ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਆਬਿਦ ਅਲੀ ਖਾਨ ਪਾਕਿਸਤਾਨੀ ਨਾਗਰਿਕ ਹੈ।ਅਮਰੀਕਾ ਦੇ ਗ੍ਰਹਿ ਵਿਭਾਗ ਦੇਮੁਤਾਬਕ ਅਲੀ ਖਾਨ ਪਾਕਿਸਤਾਨ ਤੋਂ ਤਸਕਰੀ ਦਾ ਨੈੱਟਵਰਕ ਚਲਾਉਂਦਾ ਅਤੇ ਬਿਨਾਂ ਦਸਤਾਵੇਜ਼ਾਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਮੱਧ ਪੂਰਬ ਅਤੇ ਦੱਖਣੀ-ਪੱਛਮੀ ਏਸ਼ੀਆ ਦੇ ਰਸਤੇ ਲੋਕਾਂ ਨੂੰਅਮਰੀਕਾ ਲਿਆਉਂਦਾ ਹੈ। ਗ੍ਰਹਿ ਵਿਭਾਗ ਨੇ ਪ੍ਰੈੱਸ ਬਿਆਨਵਿੱਚ ਕਿਹਾ ਕਿ ਅਲੀ ਖਾਨ ਪਾਕਿਸਤਾਨ ਤੋਂ ਵੱਖ-ਵੱਖ ਦੇਸ਼ਾਂ ਦੇ ਰਸਤੇ ਅਮਰੀਕਾ ਵਿੱਚ ਲੋਕਾਂ ਦੀ ਗ਼ੈਰ-ਕਾਨੂੰਨੀ ਘੁਸਪੈਠ ਕਰਾਉਣ ਦੇ ਨਾਲ ਵਿਦੇਸ਼ੀਆਂ ਨੂੰ ਯਾਤਰਾ ਲਈ ਫਰਜ਼ੀ ਦਸਤਾਵੇਜ਼ ਵੀ ਬਣਾਕੇ ਦੇਂਦਾ ਹੈ। ਇਸ ਮੁਤਾਬਕ ਇੱਕ 10 ਲੱਖ ਡਾਲਰ ਦਾ ਪਹਿਲਾ ਇਨਾਮ ਅਲੀ ਖਾਨ ਦੀ ਗ੍ਰਿਫਤਾਰੀ ਜਾਂ ਉਸ ਦੀਪੱਕੀਸੂਚਨਾ ਦੇਣ ਲਈ ਅਤੇ 10 ਲੱਖ ਡਾਲਰ ਦਾ ਦੂਸਰਾ ਇਨਾਮ ਅਲੀ ਖਾਨ ਦੇ ਮਨੁੱਖੀ ਤਸਕਰੀ ਨੈੱਟਵਰਕ ਨੂੰ ਤਬਾਹ ਕਰਨ ਵਾਲੀ ਸੂਚਨਾ ਦੇਣ ਲਈ ਐਲਾਨ ਕੀਤਾ ਗਿਆ ਹੈ।








# ਸੰਪਾਦਕੀ

# ਪੀਲ ਪੁਲੀਸ ਅਤੇ ਕਮਿਊਨਿਟੀ ਦਰਮਿਆਨ ਵੱਧ ਰਹੀਆਂ ਦੂਰੀਆਂ

ਬੀਤੇ ਤਿੰਨ ਹਫਤਿਆਂ ਵਿੱਚ ਦੋ ਪੰਜਾਬੀ ਨੌਜਵਾਨਾਂ ਦੀ ਬਰੈਂਪਟਨ ਵਿੱਚ ਗੋਲੀਆਂ ਮਾਰ ਕੇ ਹੱਤਿਆ ਹੋ ਚੁੱਕੀ ਹੈ। ਅਨੇਕਾਂ ਨੌਜਵਾਨ ਲੜਕੇ ਲੜਕੀਆਂ ਦੀ ਚੋਰੀਆਂ, ਲੁੱਟਾਂ ਖੋਹਾਂ, ਬੈਂਕ ਡਕੈਤੀਆਂ ਆਦਿਕ ਅਪਰਾਧਕ ਗਤੀਵਿਧੀਆਂ ਵਿੱਚ ਸ਼ਮੂਲੀਅਤ ਦੀਆਂ ਖ਼ਬਰਾਂ ਆਮ ਗੱਲ ਬਣ ਚੁੱਕੀ ਹੈ। ਟਰੱਕਾਂ ਦਾ ਦਿਨ ਦਿਹਾੜੇ ਚੋਰੀ ਹੋਣਾ, ਮੈਰਿਜ ਪੈਲੇਸਾਂ ਦੇ ਬਾਹਰ ਤੋਂ ਵਾਹਨਾਂ ਅਤੇ ਸਮਾਨ ਦਾ ਚੋਰੀ ਹੋ ਜਾਣਾ ਜਾਂ ਬਿਜਨਸਾਂ ਖਾਸ ਕਰਕੇ ਗਹਿਣਿਆਂ ਦੀਆਂ ਦੁਕਾਨਾਂ ਉੱਤੇ ਲੁੱਟਾਂ ਹੋਣੀਆਂ ਕੋਈ ਅਨਹੋਣੀ ਗੱਲ ਨਹੀਂ ਹੈ। ਜੇ ਹੈਰਾਨ ਕਰਨ ਵਾਲੀ ਕੋਈ ਗੱਲ ਹੈ ਤਾਂ ਇਹ ਕਿ ਕਮਿਊਨਿਟੀ ਇਸ ਵਿਸ਼ਵਾਸ਼ ਦੀ ਘਾਟ ਕੇ ਰਿਪੋਰਟ ਕਰਨ ਉੱਤੇ ਪੁਲੀਸ ਬਣਦੀ ਕਾਰਵਾਈ ਕਰੇਗੀ। ਪੁਲੀਸ ਅਤੇ ਕਮਿਊਨਿਟੀ ਦਰਮਿਅਨ ਤਾਲਮੇਲ ਦੀ ਘਾਟ ਇੱਕ ਗੰਭੀਰ ਵਰਤਾਰਾ ਹੈ।

ਪੀਲ ਰੀਜਨ ਦੇ ਦੋ ਪ੍ਰਮੁੱਖ ਸ਼ਹਿਰਾਂ ਬਰੈਂਪਟਨ ਅਤੇ ਮਿਸੀਸਾਗਾ ਵਿੱਚ ਅਪਰਾਧਕ ਗਤੀਵਿਧੀਆਂ ਚਿੰਤਾਜਨਕ ਢੰਗ ਨਾਲ ਵੱਧ ਰਹੀਆਂ ਹਨ। ਪੀਲ ਰੀਜਨਲ ਪੁਲੀਸ ਦੀ ਸਾਲ 2020 ਦੀ ਸਾਲਾਨਾ ਰਿਪੋਰਟ ਅਨੁਸਾਰ ਬੀਤੇ ਸਾਲ ਪੁਲੀਸ ਨੇ 13,000 ਲੋਕਾਂ ਨੂੰ ਚਾਰਜ ਕੀਤਾ ਜਿਹਨਾਂ ਵਿੱਚੋਂ 650 ਅਪਰਾਧੀ ਮਹਿਜ਼ 12 ਤੋਂ 17 ਸਾਲ ਉਮਰ ਦੇ ਬਾਲਕ ਸਨ। 37,000 ਤੋਂ ਵੱਧ ਲੋਕਾਂ ਨੇ ਕ੍ਰਿਮੀਨਲ ਕੋਡ ਤਹਿਤ ਆਉਣ ਵਾਲੇ ਅਪਰਾਧ ਕੀਤੇ ਬੇਸ਼ੱਕ ਬਾਅਦ ਵਿੱਚ ਉਹਨਾਂ ਵਿੱਚੋਂ ਬਹੁਗਿਣਤੀ ਚਾਰਜ ਨਹੀਂ ਕੀਤੇ ਗਏ। ਚਾਰਜ ਨਾ ਕਰਨ ਦਾ ਇਹ ਅਰਥ ਨਹੀਂ ਕਿ ਅਪਰਾਧ ਨਹੀਂ ਸੀ ਹੋਇਆ। 23,325 ਵਾਰਦਾਤਾਂ ਪ੍ਰਾਪਰਟੀ ਨਾਲ ਸਬੰਧਿਤ ਹੋਈਆਂ ਜਾਂ ਆਖ ਲਵੋ ਕਿ ਮਿਸੀਸਾਗਾ ਬਰੈਂਪਟਨ ਵਿੱਚ ਪ੍ਰਤੀ ਦਿਨ 64 ਵਾਰਦਾਤਾਂ ਪ੍ਰਾਪਰਟੀ ਚੋਰੀ ਨਾਲ ਸਬੰਧਿਤ ਵਾਪਰੀਆਂ। 174 ਲੋਕ ਛੁਰੇਬਾਜ਼ੀ ਦੀਆਂ ਘਟਨਾਵਾਂ ਵਿੱਚ ਸ਼ਾਮਲ ਹੋਏ ਜਦੋਂ ਕਿ 913 ਵਾਰਦਾਤਾਂ ਸੈਕਸੁਅਲ ਅਸਾਲਟ ਨਾਲ ਜੁੜੀਆਂ ਪੁਲੀਸ ਦੇ ਰਿਕਾਰਡ ਵਿੱਚ ਦਰਜ਼ ਹੋਈਆਂ। ਇਸ ਸਾਲ ਭਾਵ 2021 ਵਿੱਚ ਅਗਸਤ ਮਹੀਨੇ ਦੇ ਅੰਤ ਤੱਕ 1255 ਮਕਾਨਾਂ ਜਾਂ ਬਿਜਨਸਾਂ ਵਿੱਚ ਵੜ ਕੇ ਚੋਰੀ ਦੀਆਂ ਵਾਰਦਾਤਾਂ ਹੋ ਚੁੱਕੀਆਂ ਹਨ। ਚੇਤੇ ਰਹੇ ਕਿ ਸਾਰੇ ਕੇਸ ਪੁਲੀਸ ਕੋਲ ਰਿਪੋਰਟ ਨਹੀਂ ਹੁੰਦੇ। ਖਾਸ ਕਰਕੇ ਵੱਡੀ ਗਿਣਤੀ ਵਿੱਚ ਲੋਕ ਪੁਲੀਸ ਕੋਲ ਰਿਪੋਰਟ ਇਸ ਲਈ ਨਹੀਂ ਕਰਦੇ ਕਿਉਂਕਿ ਪੁਲੀਸ ਅਫ਼ਸਰ ਆ ਕੇ ਚੋਰ ਨਾਲੋਂ ਮਾਲਕ ਤੋਂ ਪੁੱਛਗਿੱਛ ਵੱਧ ਕਰਦੇ ਹਨ।

ਪਬਲਿਕ ਅਤੇ ਪੁਲੀਸ ਦਰਮਿਆਨ ਵਿਸ਼ਵਾਸ਼ ਦੀ ਭਾਵਨਾ ਨੂੰ ਮਜ਼ਬੂਤ ਬਣਾ ਕੇ ਰੱਖਣ ਵਿੱਚ ਦੋਵਾਂ ਧਿਰਾਂ ਦਾ ਬਰਾਬਰ ਦਾ ਹੱਥ ਹੁੰਦਾ ਹੈ। ਜਿੱਥੇ ਪੁਲੀਸ ਨੂੰ ਕਮਿਊਨਿਟੀ ਨਾਲ ਤਾਲਮੇਲ ਵਾਸਤੇ ਹਰ ਅਵਸਰ ਦੀ ਵਰਤੋਂ ਕਰਨਾ ਲਾਜ਼ਮੀ ਹੈ, ਉੱਥੇ ਕਮਿਊਨਿਟੀ ਲੀਡਰਾਂ ਲਈ ਜਰੂਰੀ ਹੈ ਕਿ ਉਹ ਪੁਲੀਸ ਨੂੰ ਕਮਿਊਨਿਟੀ ਮਸਲਿਆਂ ਬਾਰੇ ਜਾਣੂੰ ਕਰਵਾਉਣ ਲਈ ਵਿਸ਼ੇਸ਼ ਉਪਰਲੇ ਕਰਨ। ਬੀਤੇ ਸਾਲਾਂ ਤੋਂ ਇੱਕ ਰੁਝਾਨ ਵੇਖਣ ਵਿੱਚ ਆਇਆ ਹੈ ਕਿ ਜਿਉਂ ਜਿਉਂ ਇਸ ਖੇਤਰ ਵਿੱਚ ਸਾਊਥ ਏਸ਼ੀਅਨ ਖਾਸ ਕਰਕੇ ਪੰਜਾਬੀ ਭਾਈਚਾਰੇ ਦੀ ਨਫ਼ਰੀ ਵੱਧਦੀ ਜਾ ਰਹੀ ਹੈ, ਤਿਉਂ ਤਿਉਂ ਪੁਲੀਸ ਅਤੇ ਕਮਿਊਨਿਟੀ ਵਿੱਚ ਸੁਹਿਰਦ ਸਬੰਧਾਂ ਦੀ ਘਾਟ ਵੇਖੀ ਜਾਣ ਲੱਗੀ ਹੈ। ਪੰਜਾਬੀ ਕਮਿਊਨਿਟੀ ਵਿੱਚ ਇਹ ਆਮ ਭਾਵਨਾ ਹੈ ਕਿ ਪੰਜਾਬੀਆਂ ਦੁਆਰਾ ਪੰਜਾਬੀਆਂ ਨਾਲ ਕੀਤੇ ਜਾਣ ਵਾਲੇ ਅਪਰਾਧਾਂ ਬਾਰੇ ਪੁਲੀਸ ਕੋਈ ਬਹੁਤਾ ਧਿਆਨ ਨਹੀਂ ਦੇਂਦੀ।

ਉਂਟੇਰੀਓ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੀਲ ਰੀਜਨਲ ਪੁਲੀਸ ਨਾਲ ਨਸਲੀ ਵਿਤਕਰੇ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਕੰਮ ਕਰਨ ਲਈ ਇਸ ਸਾਲ ਇੱਕ ਸਮਝੌਤੇ ਉੱਤੇ ਦਸਤਖਤ ਕੀਤੇ ਸਨ। ਸਾਊਥ ਏਸ਼ੀਅਨ ਭਾਈਚਾਰੇ ਨੂੰ ਇਸ ਸਮਝੌਤੇ ਦੇ ਕਾਰਜਖੇਤਰ ਤੋਂ ਬਾਹਰ ਰੱਖਿਆ ਗਿਆ ਜਦੋਂ ਕਿ ਨਫਰੀ ਵਜੋਂ ਪੀਲ ਖੇਤਰ ਵਿੱਚ ਇਸ ਕਮਿਊਨਿਟੀ ਦੀ ਗਿਣਤੀ ਸੱਭ ਤੋਂ ਵੱਧ ਹੈ। ਰੋਜ਼ਾਨਾ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦੇ ਹੱਲ ਲਈ systemic level (ਢਾਂਚਾਗਤ ਪੱਧਰ) ਉੱਤੇ ਤਬਦੀਲੀ ਲਿਆਉਣ ਦੀ ਲੋੜ ਹੁੰਦੀ ਹੈ ਜਿਸ ਵਾਸਤੇ ਕਿਸੇ ਵੀ ਭਾਈਚਾਰੇ ਨੂੰ ਸਿਸਟਮ ਨਾਲ ਮਿਲ ਕੇ ਕੰਮ ਕਰਨਾ ਹੁੰਦਾ ਹੈ। ਜਿੱਥੇ ਤੱਕ ਪੰਜਾਬੀ ਕਮਿਊਨਿਟੀ ਦਾ ਸੁਆਲ ਹੈ, ਉਹ ਢਾਂਚਾਗਤ ਪੱਧਰ ਉੱਤੇ ਤਬਦੀਲੀਆਂ ਲਿਆਉਣ ਲਈ ਹਾਲੇ ਜੱਥੇਬੰਦਕ ਢੰਗ ਨਾਲ ਇੱਕਜੁੱਟ ਨਹੀਂ ਹੈ। ਕਮਿਊਨਿਟੀ ਦੇ ਮਸਲਿਆਂ ਬਾਰੇ ਆਵਾਜ਼ ਚੁੱਕਣ ਦੀ ਕਮੀ ਕਈ ਮਸਲਿਆਂ ਨੂੰ ਜਨਮ ਦੇਂਦੀ ਹੈ ਜਿਸ ਵਿੱਚ ਪੁਲੀਸ ਅਤੇ ਪਬਲਿਕ ਵਿੱਚ ਦੂਰੀਆਂ ਦਾ ਪੈਦਾ ਹੋਣਾ ਸ਼ਾਮਲ ਹੈ।

## ਮਹਿੰਗੀਆਂ ਗੱਡੀਆਂ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼, 15 ਮਿਲੀਅਨ ਡਾਲਰ ਦੀਆਂ ਦਰਜਨਾਂ ਗੱਡੀਆਂ ਬਰਾਮਦ





ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ) : ਯੌਰਕ ਰੀਜਨਲ ਪੁਲਿਸ ਨੇ ਗੱਡੀਆਂ ਚੋਰੀ ਕਰਨ ਵਾਲੇ ਇੱਕ ਗਿਰੋਹ ਦੇ ਛੇ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 1.5 ਮਿਲੀਅਨ ਡਾਲਰ ਦੀ ਕੀਮਤ ਵਾਲੀਆਂ ਦੋ ਦਰਜਨ ਤੋਂ ਵੀ ਵੱਧ ਗੱਡੀਆਂ ਬਰਾਮਦ ਕੀਤੀਆਂ ਹਨ।

ਇੱਕ ਰਲੀਜ਼ ਜਾਰੀ ਕਰਕੇ ਪੁਲਿਸ ਨੇ ਆਖਿਆ ਕਿ ਪਿਛਲੇ ਕਈ ਸਾਲਾਂ ਤੋਂ ਲੋਕਾਂ ਦੇ ਡਰਾਈਵ-ਵੇਅਜ਼ ਤੋਂ ਰਾਤ ਸਮੇਂ ਲੈਕਸਸ ਤੇ ਟੌਇਟਾ ਐਸਯੂਵੀਜ਼ ਚੋਰੀ ਹੋਣ ਦਾ ਰੁਝਾਨ ਵਧਿਆ ਸੀ। ਪੁਲਿਸ ਨੇ ਆਖਿਆ ਕਿ ਇਨ੍ਹਾਂ ਗੱਡੀਆਂ ਦੀ ਹੋਰਨਾਂ ਦੇਸ਼ਾਂ ਜਿਵੇਂ ਨੌਰਥ ਅਫਰੀਕਾ ਵਿੱਚ ਮੰਗ ਕਾਫੀ ਜ਼ਿਆਦਾ ਸੀ।

ਛੇ ਵਿਅਕਤੀਆਂ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਹੋਵੇਗਾ, ਇਨ੍ਹਾਂ ਵਿੱਚੋਂ ਪੰਜ ਟੋਰਾਂਟੋ ਨਾਲ ਸਬੰਧਤ ਹਨ ਤੇ ਇੱਕ ਮਿਸੀਸਾਗਾ ਦਾ ਹੈ। ਪੁਲਿਸ ਨੇ ਦੱਸਿਆ ਕਿ ਕੁੱਲ 28 ਗੱਡੀਆਂ ਬਰਾਮਦ ਕੀਤੀਆਂ ਗਈਆਂ ਹਨ ਜਿਨ੍ਹਾਂ ਦੀ ਕੀਮਤ 1.5 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਹੈ।

ਜਾਂਚਕਾਰਾਂ ਨੇ ਚੋਰਾਂ ਦੀ ਇੱਕ ਵੀਡੀਓ ਵੀ ਸਾਂਝੀ ਕੀਤੀ ਹੈ ਜਿਸ ਵਿੱਚ ਉਹ ਪੇਚਕਸ ਨਾਲ ਗੱਡੀ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਉਨ੍ਹਾਂ ਵੱਲੋਂ ਇਹ ਕੰਮ ਐਨੀ ਸਫਾਈ ਨਾਲ ਕੀਤਾ ਗਿਆ ਕਿ ਗੱਡੀ ਦਾ ਅਲਾਰਮ ਵੀ ਨਹੀਂ ਵੱਜਿਆ। ਫਿਰ ਉਨ੍ਹਾਂ ਵੱਲੋਂ ਕਿਸੇ ਇਲੈਕਟ੍ਰੌਨਿਕ ਡਿਵਾਈਸ ਦੀ ਵਰਤੋਂ ਕਰਕੇ ਗੱਡੀ ਨੂੰ ਵੱਖਰੀ ਚਾਬੀ ਸਵੀਕਾਰਨ ਦੇ ਯੋਗ ਬਣਾ ਲਿਆ ਗਿਆ। ਇਸ ਸਾਰੀ ਪ੍ਰਕਿਰਿਆ ਵਿੱਚ 10 ਤੋਂ 20 ਮਿੰਟ ਦਾ ਸਮਾਂ ਲੱਗਿਆ।

## ਸਾਬਕਾ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਹਸਪਤਾਲ ਦਾਖਲ

...ਪੰਨਾ 1 ਦਾ ਬਾਕੀ

ਉਨ੍ਹਾਂ ਨੂੰ ਅਜੇ ਲਗਾਤਾਰ ਨਿਗਰਾਨੀ ਲਈ ਹਸਪਤਾਲ ਹੀ ਰੱਖਿਆ ਜਾਵੇਗਾ।

ਡਾਕਟਰਾਂ ਨੇ ਇਹ ਵੀ ਆਖਿਆ ਕਿ ਦੋ ਦਿਨ ਦੇ ਇਲਾਜ ਤੋਂ ਬਾਅਦ ਉਨ੍ਹਾਂ ਦੇ ਵ੍ਹਾਈਟ ਬਲੱਡ ਸੈੱਲਜ਼ ਦੀ ਗਿਣਤੀ ਘੱਟ ਰਹੀ ਹੈ ਤੇ ਐਂਟੀਬਾਇਓਟਿਕਸ ਵੀ ਆਪਣਾ ਅਸਰ ਵਿਖਾ ਰਹੇ ਹਨ। ਡਾਕਟਰਾਂ ਨੇ ਆਖਿਆ ਕਿ ਅਸੀਂ ਆਸ ਕਰਦੇ ਹਾਂ ਕਿ ਉਹ ਜਲਦ ਹੀ ਘਰ ਜਾ ਸਕਣਗੇ। ਕਲਿੰਟਨ ਦੇ ਬੁਲਾਰੇ ਏਂਜਲ ਯੁਰੇਨਾ ਨੇ ਆਖਿਆ ਕਿ ਸਾਬਕਾ ਰਾਸ਼ਟਰਪਤੀ ਸਿਹਤਯਾਬ ਹੋ ਰਹੇ ਹਨ ਤੇ ਚੜ੍ਹਦੀਕਲਾ ਵਿੱਚ ਹਨ।

## ਸੋਨੀਆ ਸਿੱਧੂ ਤੇ ਬਰੈਂਪਟਨ ਦੇ ਸੰਸਦ ਮੈਂਬਰਾਂ ਨੇ ਮਿਲਕੇ ਰਾਇਰਸਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਮੁਹੰਮਦ ਲੱਛਮੀ ਨਾਲ ਮੁਲਾਕਾਤ ਕੀਤੀ

### ਨਵਾਂ ਮੈਡੀਕਲ ਸਕੂਲ, ਸਾਈਬਰ ਸੁਰੱਖਿਆ ਵਿੱਚ ਨਿਵੇਸ਼, ਅਤੇ ਹੈਲਥਕੇਅਰ ਸਮੇਤ ਸਾਂਝੀਆਂ ਤਰਜੀਹਾਂ ਬਾਰੇ ਵਿਚਾਰ ਵਟਾਂਦਰਾ ਕੀਤਾ



ਬਰੈਂਪਟਨ - ਸੰਸਦ ਮੈਂਬਰ ਸੋਨੀਆ ਸਿੱਧੂ ਤੇ ਬਰੈਂਪਟਨ ਦੇ ਹੋਰ ਸੰਸਦ ਮੈਂਬਰਾਂ ਨੇ ਮਿਲਕੇ ਰਾਇਰਸਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਮੁਹੰਮਦ ਲੱਛਮੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਹਨਾਂ ਨੇ ਸ਼ਹਿਰ ਵਿੱਚ ਇੱਕ ਨਵਾਂ ਮੈਡੀਕਲ ਸਕੂਲ, ਸਾਈਬਰ ਸੁਰੱਖਿਆ ਵਿੱਚ ਨਿਵੇਸ਼, ਅਤੇ ਹੈਲਥਕੇਅਰ ਨਵੀਨਤਾਵਾਂ ਸਮੇਤ ਸਾਂਝੀਆਂ ਤਰਜੀਹਾਂ ਬਾਰੇ ਪ੍ਰੈਜ਼ੀਡੈਂਟ ਲਛਮੀ ਨਾਲ ਵਿਚਾਰ ਵਟਾਂਦਰਾ ਕੀਤਾ।

ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਐੱਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਬਰੈਂਪਟਨ ਵਾਸੀ ਸਾਡੇ ਸ਼ਹਿਰ ਵਿੱਚ ਇੱਕ ਮੈਡੀਕਲ ਸਕੂਲ ਚਾਹੁੰਦੇ ਹਨ। ਫੈਡਰਲ ਸਰਕਾਰ ਦੀ ਤਰਫੋਂ ਇਸ ਨੂੰ ਬਰੈਂਪਟਨ ਲਿਆਉਣ ਲਈ ਜੋ ਕੁਝ ਕੀਤਾ ਜਾ ਸਕਦਾ ਹੈ, ਅਸੀਂ ਉਹ ਸਭ ਕੁਝ ਕਰਨ ਲਈ ਵਚਨਬੱਧ ਹਾਂ , ਠੀਕ ਉਸੇ ਤਰ੍ਹਾਂ ਜਿਵੇਂ ਅਸੀਂ ਪਹਿਲਾਂ ਹੀ ਬਰੈਂਪਟਨ ਸਾਊਥ ਵਿੱਚ ਰਾਇਰਸਨ ਸਾਈਬਰ ਸਿਕਓਰ ਕੈਟਾਲਿਸਟ ਹੱਬ ਲਿਆਉਣ 'ਚ ਕਾਮਯਾਬ ਹੋਏ ਸੀ।

ਉਹਨਾਂ ਨੇ ਕਿਹਾ ਕਿ ਸਾਡੀ ਬਰੈਂਪਟਨ ਐੱਮ.ਪੀਜ਼ ਦੀ ਟੀਮ ਨੇ ਰਾਇਰਸਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਮੁਹੰਮਦ ਲੱਛਮੀ ਨਾਲ ਮੁਲਾਕਾਤ ਕੀਤੀ ਤਾਂ ਜੋ ਅਸੀਂ ਆਪਣੇ ਬਰੈਂਪਟਨ ਵਾਸੀਆਂ ਲਈ ਇਸ ਤਰਜੀਹ ਨੂੰ ਲਾਗੂ ਕਰਨ ਵਿੱਚ ਸੂਬਾਈ ਅਤੇ ਮਿਊਂਸੀਪਲ ਸਰਕਾਰਾਂ ਦੇ ਨਾਲ ਕੰਮ ਕਰਨਾ ਜਾਰੀ ਰੱਖ ਸਕੀਏ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਅੱਜ ਪ੍ਰੋਵਿੰਸ ਦੇ ਕਿਊ ਆਰ ਕੋਡ ਤੇ ਵੈਰੀਫਿਕੇਸ਼ਨ ਐਪ ਦਾ ਪਸਾਰ ਕਰ ਸਕਦੇ ਹਨ ਫੋਰਡ

...ਪੰਨਾ 1 ਦਾ ਬਾਕੀ

22 ਅਕਤੂਬਰ ਤੱਕ ਵੈਕਸੀਨ ਸਰਟੀਫਿਕੇਟ ਦੇ ਪਹਿਲੇ ਵਰਜ਼ਨ ਤੱਕ ਪਹੁੰਚ ਲਈ ਪ੍ਰੋਵਿੰਸ਼ੀਅਲ ਬੁਕਿੰਗ ਪੋਰਟਲ ਰਾਹੀਂ ਪਰਸਨਲ ਕਿਊ ਆਰ ਕੋਡ, ਜਿਸ ਨੂੰ ਵੈਰੀਫਾਇ ਓਨਟਾਰੀਓ ਆਖਿਆ ਜਾਂਦਾ ਹੈ, ਉਪਲਬਧ ਹੋਵੇਗਾ। ਫੋਰਡ ਸਰਕਾਰ ਨੇ ਆਖਿਆ ਸੀ ਕਿ ਉਹ ਅਜਿਹਾ ਆਲ੍ਹਾ ਦਰਜੇ ਦਾ ਵੈਕਸੀਨ ਸਰਟੀਫਿਕੇਟ ਤਿਆਰ ਕਰੇਗੀ ਜਿਸ ਵਿੱਚ ਵਿਲੱਖਣ ਕਿਊ ਆਰ ਕੋਡ ਹੋਵੇਗਾ ਤੇ ਉਸ ਦੇ ਨਾਲ ਹੀ ਵੈਰੀਫਿਕੇਸ਼ਨ ਐਪ ਵੀ ਸ਼ਾਮਲ ਹੋਵੇਗਾ। ਇਸ ਨਾਲ ਯੂਜ਼ਰਜ਼ ਸਕੈਨ ਕੀਤੇ ਜਾਣ ਉੱਤੇ ਸੁਰੱਖਿਅਤ ਢੰਗ ਨਾਲ ਆਪਣੇ ਵੈਕਸੀਨੇਸ਼ਨ ਸਟੇਟਸ ਨੂੰ ਵੈਰੀਫਾਈ ਕਰ ਸਕਣਗੇ। ਇਸ ਕੋਡ ਨੂੰ ਮੋਬਾਈਲ ਡਿਵਾਈਸ ਜਿਵੇਂ ਕਿ ਐਪਲ ਵਾਲੈਟ ਵਿੱਚ ਸਟੋਰ ਕੀਤਾ ਜਾ ਸਕੇਗਾ।

ਇਹ ਸਿਸਟਮ ਬ੍ਰਿਟਿਸ਼ ਕੋਲੰਬੀਆ, ਕਿਊਬਿਕ ਤੇ ਯੂਕੌਨ ਤੋਂ ਕਿਊ ਆਰ ਕੋਡ ਸਵੀਕਾਰ ਕਰੇਗਾ। ਇਸ ਤੋਂ ਭਾਵ ਹੈ ਕਿ ਇਨ੍ਹਾਂ ਪ੍ਰੋਵਿੰਸਾਂ ਦੇ ਟਰੈਵਲਰਜ਼ ਨੂੰ ਓਨਟਾਰੀਓ ਦੇ ਉਨ੍ਹਾਂ ਅਦਾਰਿਆਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਹੋਵੇਗੀ ਜਿੱਥੇ ਵੈਕਸੀਨੇਸ਼ਨ ਸਟੇਟਸ ਵਿਖਾਏ ਜਾਣ ਦੀ ਸ਼ਰਤ ਹੈ। ਫੋਰਡ ਸਰਕਾਰ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਸ ਐਪ ਉੱਤੇ ਕਿਸੇ ਤਰ੍ਹਾਂ ਦੀ ਨਿਜੀ ਸਿਹਤ ਸਬੰਧੀ ਜਾਂ ਕੋਈ ਹੋਰ ਨਿਜੀ ਜਾਣਕਾਰੀ ਦਰਜ ਨਹੀਂ ਕੀਤੀ ਜਾਵੇਗੀ।

## ਰਾਮ ਰਹੀਮ ਦੇ ਕੇਸਾਂ ਦੀ ਜਾਂਚ ਵਾਲੇ ਅਫ਼ਸਰਾਂ ਦੀ ਸੁਰੱਖਿਆ ਵਾਪਸ

ਫ਼ਤਿਹਗੜ੍ਹ ਸਾਹਿਬ, 14 ਅਕਤੂਬਰ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁੱਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਵਿਰੁੱਧ ਤਿੰਨ ਗੰਭੀਰ ਕੇਸਾਂ ਵਿੱਚੋਂ ਇੱਕ ਕੇਸ ਦੋ ਸਾਧਵੀਆਂ ਦੇ ਬਲਾਤਕਾਰ ਬਾਰੇ ਤੇ ਦੋ ਕਤਲ ਕੇਸ ਸਨ। ਬਲਾਤਕਾਰ ਦੇ ਕੇਸ ਅਤੇ ਇੱਕ ਕਤਲ ਕੇਸ ਵਿੱਚ ਉਸ ਨੂੰ ਪਹਿਲਾਂ ਸਜ਼ਾ ਹੋ ਚੁੱਕੀ ਹੈ, ਤੀਸਰੇ ਕਤਲ ਕੇਸ ਵਿੱਚ 18 ਅਕਤੂਬਰ ਨੂੰ ਸਜ਼ਾ ਸੁਣਾਈ ਜਾਣੀ ਹੈ। ਇਸ ਕੇਸ ਵਿੱਚ ਡੇਰਾ ਮੁਖੀ ਨੂੰ ਅਦਾਲਤ ਵੱਲੋਂ ਪਹਿਲਾਂ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ। ਇਹ ਤਿੰਨੇ ਕੇਸ ਸੀ ਬੀ ਆਈ ਦੇ ਅਫ਼ਸਰਾਂ ਦੀ ਜਾਂਚ ਤੋਂ ਬਾਅਦ ਇਸ ਪੜਾਤ ਤੱਕ ਪਹੁੰਚੇ ਸਨ। ਜਦੋਂ ਸੁਪਰੀਮ ਕੋਰਟ ਵਿੱਚ ਡੇਰਾ ਮੁਖੀ ਦੇ ਖਿਲਾਫ ਇਹ ਕੇਸ ਚੱਲਦੇ ਸਨ ਤਾਂ ਜਾਂਚ ਅਫ਼ਸਰਾਂ ਨੂੰ ਪੰਜਾਬ ਅਤੇ ਹਰਿਆਣਾ ਪੁਲਸ ਨੇ ਸੁਰੱਖਿਆ ਦਿੱਤੀ ਸੀ। ਇਹ ਸੁਰੱਖਿਆ ਹਾਈ ਕੋਰਟ ਵਿੱਚ ਸੀ ਬੀ ਆਈ ਦੇ ਕੇਸ ਲੜਦੇ ਸੀਨੀਅਰ ਵਕੀਲਾਂ ਨੂੰ ਵੀ ਦਿੱਤੀ ਗਈ ਸੀ। ਪਤਾ ਲੱਗਾ ਹੈ ਕਿ ਵਕੀਲਾਂ ਦੀ ਸੁਰੱਖਿਆ ਪੰਜਾਬ ਪੁਲਸ ਨੇ ਪਹਿਲਾਂ ਹੀ ਵਾਪਸ ਲੈ ਲਈ ਸੀ। ਜਾਣਕਾਰ ਸੂਤਰਾਂ ਮੁਤਾਬਕ ਸੀ ਬੀ ਆਈ ਦੇ ਜਾਂਚ ਅਫ਼ਸਰਾਂ ਤੋਂ ਵੀ ਪੰਜਾਬ ਪੁਲਸ ਨੇ ਸੁਰੱਖਿਆ ਵਾਪਸ ਲੈ ਲਈ ਹੈ ਜਦਕਿ ਡੇਰਾ ਮੁਖੀ ਨੂੰ ਤੀਸਰੇ ਕੇਸ ਵਿੱਚ ਸਜ਼ਾ ਹੋਣ ਵਾਲੀ ਹੈ। ਇਹ ਅਫਸਰ ਕਾਫ਼ੀ ਪਰੇਸ਼ਾਨ ਹਨ ਤੇ ਸਰਕਾਰ ਤੋਂ ਮੰਗ ਕਰਦੇ ਹਨ ਕਿ ਉਨ੍ਹਾਂ ਦੀ ਸੁਰੱਖਿਆ ਦਾ ਧਿਆਨ ਵਿੱਚ ਰੱਖ ਕੇਇਸ ਬਾਰੇ ਨਵੇਂ ਸਿਰਿਉਂ ਵਿਚਾਰ ਕੀਤੀ ਜਾਵੇ।

## ਮੁੱਖ ਮੰਤਰੀ ਦੇ ਪੁੱਤਰ ਦੇ ਵਿਆਹ ਦੌਰਾਨ ਐਸ਼ ਕਰਨ ਵਾਲੇ ਥਾਣੇਦਾਰ ਸਮੇਤ 4 ਜਣੇ ਸਸਪੈਂਡ

ਐਸ ਏ ਐਸ ਨਗਰ (ਮੋਹਾਲੀ) , 14 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਬੇਟੇ ਦੇ ਵਿਆਹ ਦੀ ਪਾਰਟੀ ਦੌਰਾਨ ਡਿਊਟੀ ਵਿੱਚ ਲਾਪਰਵਾਹੀ ਕਰਨ ਦੇ ਦੋਸ਼ ਹੇਠ ਜ਼ਿਲ੍ਹਾ ਸੀ ਆਈ ਏ ਸਟਾਫ ਮੋਹਾਲੀ ਦੇ ਇੰਚਾਰਜ ਇੰਸਪੈਕਟਰ ਸੁਖਬੀਰ ਸਿੰਘ ਸਮੇਤ ਚਾਰ ਪੁਲਸ ਵਾਲਿਆਂ ਨੂੰ ਸਸਪੈਂਡ ਕੀਤਾ ਗਿਆ ਹੈ। ਇਸ ਦੀ ਪੁਸ਼ਟੀ ਮੋਹਾਲੀ ਦੇ ਪੁਲਸ ਮੁਖੀ ਨਵਜੋਤ ਸਿੰਘ ਮਾਹਲ ਨੇ ਕੀਤੀ ਹੈ। ਬਾਕੀ ਸਸਪੈਂਡ ਕੀਤੇ ਤਿੰਨ ਪੁਲਸ ਵਾਲਿਆਂ ਵਿੱਚ ਹੌਲਦਾਰ ਦਰਸ਼ਨ ਸਿੰਘ, ਹੌਲਦਾਰ ਜਸਕਰਨ ਸਿੰਘ ਅਤੇ ਹੌਲਦਾਰ ਸਤਬੀਰ ਸਿੰਘ ਸ਼ਾਮਲ ਹਨ। ਇਹ ਕਾਰਵਾਈ ਮੋਹਾਲੀ ਦੇ ਐਸ ਪੀ (ਸਿਟੀ) ਅਤੇ ਡੀ ਐਸ ਪੀ (ਡੀ) ਦੀ ਰਿਪੋਰਟ ਦੇ ਆਧਾਰ ਉੱਤੇ ਕੀਤੀ ਗਈ ਹੈ। ਇਨ੍ਹਾਂ ਪੁਲਸ ਮੁਲਾਜ਼ਮਾਂ ਉੱਤੇ ਡਿਊਟੀ ਦੌਰਾਨ ਸ਼ਰਾਬ ਪੀਣ ਦਾ ਦੋਸ਼ ਹੈ। ਉਨ੍ਹਾਂ ਦਾ ਮੈਡੀਕਲ ਵੀ ਕਰਵਾਇਆ ਗਿਆ ਸੀ।

ਜ਼ਿਲ੍ਹਾ ਅਫਸਰਾਂ ਵੱਲੋਂ ਐਸ ਐਸ ਪੀ ਨੂੰ ਭੇਜੀ ਰਿਪੋਰਟ ਮੁਤਾਬਕ 9 ਅਕਤੂਬਰ ਦੀ ਰਾਤ ਨਿਊ ਸੰਨੀ ਇਨਕਲੇਵ ਦੇ ਇੱਕ ਹੋਟਲ ਵਿੱਚ ਮੁੱਖ ਮੰਤਰੀ ਦੇ ਬੇਟੇ ਦੇ ਵਿਆਹ ਦੀ ਪਾਰਟੀ ਸੀ। ਮੇਨ ਗੇਟ ਉੱਤੇ ਚੈਕਿੰਗ ਦੀ ਡਿਊਟੀ ਦੌਰਾਨ ਹੌਲਦਾਰ ਜਸਕਰਨ ਸਿੰਘ, ਦਰਸ਼ਨ ਸਿੰਘ ਤੇ ਸਤਬੀਰ ਸਿੰਘ ਸਨ। ਉਥੇ ਸਾਰੇ ਮੁਲਾਜ਼ਮਾਂ ਲਈ ਵੱਖਰੇ ਤੌਰ ਉੱਤੇ ਖਾਣਾ ਲੱਗਾ ਹੋਇਆ ਸੀ, ਪਰ ਇਹ ਤਿੰਨੇ ਮੁਲਾਜ਼ਮ ਬਿਨਾਂ ਦੱਸੇ ਆਪਣੀ ਮਰਜ਼ੀ ਨਾਲ ਮੇਨ ਫੰਕਸ਼ਨ ਵਾਲੇ ਪੰਡਾਲ ਵਿੱਚ ਚਲੇ ਗਏ ਤੇ ਉਥੇ ਉਨ੍ਹਾਂ ਸ਼ਰਾਬ ਪੀਤੀ। ਡਿਊਟੀ ਵਿੱਚ ਕੁਤਾਹੀ ਅਤੇ ਸ਼ਰਾਬ ਪੀਣ ਦੇ ਦੋਸ਼ ਹੇਠ ਇਨ੍ਹਾਂ ਨੂੰ ਜ਼ਿਲ੍ਹਾ ਸੀਆਈ ਏ ਸਟਾਫ ਮੋਹਾਲੀ ਦੇ ਖਰੜ ਕੈਂਪਸ ਤੋਂ ਸਸਪੈਂਡ ਕਰ ਕੇ ਪੁਲਸ ਲਾਈਨ ਭੇਜ ਦਿਤਾ ਗਿਆ ਹੈ। ਇੱਥੇ ਸੁਪਰਵਾਈਜ਼ਰ ਵਜੋਂ ਤੈਨਾਤ ਜ਼ਿਲ੍ਹਾ ਸੀ ਆਈ ਏ ਸਟਾਫ ਦੇ ਇੰਚਾਰਜ ਇੰਸਪੈਕਟਰ ਸੁਖਬੀਰ ਸਿੰਘ ਨੂੰ ਵੀ ਸਸਪੈਂਡ ਕੀਤਾ ਗਿਆ ਹੈ।

## ਅਮਰੀਕਾ ਜਾਂ ਇੰਟਰਨੈਸ਼ਨਲ ਉਡਾਨਾਂ ਲਈ ਪੈਸੈਂਜਰਜ਼ 90 ਮਿੰਟ ਪਹਿਲਾਂ ਕਰ ਸਕਣਗੇ ਚੈੱਕ ਇਨ : ਏਅਰ ਕੈਨੇਡਾ



ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਟੋਰਾਂਟੋ ਤੋਂ ਰਵਾਨਾ ਹੋਣ ਵਾਲੀਆਂ ਫਲਾਈਟਸ ਲਈ ਪੈਸੈਂਜਰਜ਼ ਹੁਣ 90 ਮਿੰਟ ਪਹਿਲਾਂ ਚੈੱਕ ਇਨ ਕਰ ਸਕਣਗੇ।

13 ਅਕਤੂਬਰ ਤੋਂ ਅਮਰੀਕਾ ਜਾਂ ਹੋਰਨਾਂ ਇੰਟਰਨੈਸ਼ਨਲ ਡੈਸਟੀਨੇਸ਼ਨਜ਼ ਲਈ ਜਾਣ ਵਾਲੇ ਪੈਸੈਂਜਰਜ਼ ਦੇ ਚੈੱਕ ਇਨ ਕਰਨ ਤੇ ਬੈਗੇਜ ਜਮ੍ਹਾਂ ਕਰਵਾਉਣ ਲਈ ਡੈੱਡਲਾਈਨ ਨਿਰਧਾਰਤ ਫਲਾਈਟ ਦੇ ਉਡਾਣ ਭਰਨ ਤੋਂ ਪਹਿਲਾਂ 90 ਮਿੰਟ ਕਰ ਦਿੱਤੀ ਗਈ ਹੈ। ਏਅਰ ਕੈਨੇਡਾ ਦੀ ਤਰਜ਼ਮਾਨ ਨੇ ਮੰਗਲਵਾਰ ਨੂੰ ਦੱਸਿਆ ਕਿ ਅਜਿਹਾ ਇਹ ਯਕੀਨੀ ਬਣਾਉਣ ਲਈ ਕੀਤਾ ਗਿਆ ਹੈ ਤਾਂ ਕਿ ਫਲਾਈਟ ਫੜ੍ਹਨ ਲਈ ਕਸਟਮਰਜ਼ ਕੋਲ ਢੁਕਵਾਂ ਸਮਾਂ ਹੋਵੇ ਤੇ ਏਅਰਪੋਰਟ ਉੱਤੇ ਵੀ ਕਸਟਮਰਜ਼ ਦੇ ਫਲੋਅ ਵਿੱਚ ਸੁਧਾਰ ਕੀਤਾ ਜਾ ਸਕੇ।

ਏਅਰਲਾਈਨ ਨੇ ਇਹ ਵੀ ਆਖਿਆ ਕਿ 13 ਅਕਤੂਬਰ ਤੋਂ ਸ਼ੁਰੂ ਹੋ ਕੇ ਦੁਪਹਿਰੇ 12:00 ਵਜੇ ਤੋਂ ਅਮਰੀਕਾ ਲਈ ਰਵਾਨਾ ਹੋਣ ਵਾਲੀਆਂ ਫਲਾਈਟਸ ਲਈ ਨਵਾਂ ਕਿਊ ਸਿਸਟਮ (ਕਤਾਰ ਸਿਸਟਮ) ਵੀ ਸ਼ੁਰੂ ਕੀਤਾ ਜਾਵੇਗਾ। ਏਅਰ ਕੈਨੇਡਾ ਨੇ ਆਖਿਆ ਕਿ ਪੈਸੈਂਜਰਜ਼ ਨੂੰ ਚੈੱਕ ਇਨ ਕਰਨ ਤੋਂ ਬਾਅਦ ਸਾਈਨੇਜ ਚੈੱਕ ਕਰਨੇ ਹੋਣਗੇ ਤਾਂ ਕਿ ਉਨ੍ਹਾਂ ਨੂੰ ਇਹ ਪਤਾ ਲੱਗ ਸਕੇ ਕਿ ਉਨ੍ਹਾਂ ਨੂੰ ਆਪਣੀ ਫਲਾਈਟ ਲਈ ਕਿਹੜੀ ਸਕਿਊਰਿਟੀ ਤੇ ਕਸਟਮਰਜ਼ ਦੀ ਲਾਈਨ ਵਿੱਚ ਲੱਗਣਾ ਚਾਹੀਦਾ ਹੈ।

ਇਸ ਤਬਦੀਲੀ ਤੋਂ ਪਹਿਲਾਂ ਏਅਰ ਕੈਨੇਡਾ ਦੇ ਪੈਸੈਂਜਰਜ਼ ਨੂੰ ਅਮਰੀਕਾ ਜਾਂ ਇੰਟਰਨੈਸ਼ਨਲ ਡੈਸਟੀਨੇਸ਼ਨ ਲਈ ਜਹਾਜ਼ ਰਵਾਨਾ ਹੋਣ ਤੋਂ 60 ਮਿੰਟ ਪਹਿਲਾਂ ਹੀ ਚੈੱਕ ਇਨ ਕਰਨਾ ਹੁੰਦਾ ਸੀ ਤੇ ਆਪਣੇ ਬੈਗਜ਼ ਵੀ ਜਮ੍ਹਾਂ ਕਰਵਾਉਣੇ ਪੈਂਦੇ ਸਨ। ਅਮਰੀਕਾ ਜਾਣ ਵਾਲੀ ਫਲਾਈਟ ਫੜ੍ਹਨ ਵਾਸਤੇ ਪੈਸੈਂਜਰਜ਼ ਨੂੰ ਦੋ ਘੰਟੇ ਪਹਿਲਾਂ ਹੀ ਏਅਰਪੋਰਟ ਪਹੁੰਚਣ ਲਈ ਆਖਿਆ ਜਾਂਦਾ ਸੀ ਤੇ ਇੰਟਰਨੈਸ਼ਨਲ ਫਲਾਈਟ ਲਈ ਤਿੰਨ ਘੰਟੇ ਪਹਿਲਾਂ ਆਉਣ ਵਾਸਤੇ ਆਖਿਆ ਜਾਂਦਾ ਸੀ। ਕੈਨੇਡਾ ਦੀਆਂ ਘਰੇਲੂ ਉਡਾਨਾਂ ਲਈ ਨਿਯਮ ਪਹਿਲਾਂ ਵਾਲੇ ਹੀ ਰਹਿਣਗੇ।

## ਬੀ ਐੱਸ ਐੱਫ ਦਾ ਅਧਿਕਾਰ ਖੇਤਰ ਵਧਾਉਣ ਦਾ ਭਾਰਤ ਸਰਕਾਰ ਨੇ ਨਵਾਂ ਫ਼ਰਮਾਨ ਦਾਗਿਆ

### * ਪੰਜਾਬ, ਆਸਾਮ ਅਤੇ ਪੱਛਮੀ ਬੰਗਾਲ ਉੱਤੇ ਮਾਰੂ ਸੱਟ *ਹੱਦਾਂ ਤੋਂ 50 ਕਿਲੋਮੀਟਰ ਅੰਦਰ ਕਾਰਵਾਈ ਕਰ ਸਕੇਗੀ ਬੀ ਐੱਸ ਐੱਫ



ਨਵੀਂ ਦਿਲੀ, 14 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਅੱਜ ਅਚਾਨਕਬਾਰਡਰ ਸਕਿਓਰਟੀ ਫੋਰਸ (ਬੀ ਐੱਸ ਐੱਫ) ਦਾ ਅਧਿਕਾਰ ਖੇਤਰ ਵਧਾ ਦਿੱਤਾ ਹੈ, ਜਿਸ ਨਾਲ ਕਈ ਰਾਜਾਂ ਵਿੱਚ ਤੇ ਖਾਸ ਕਰ ਕੇ ਪੰਜਾਬ ਵਿੱਚ ਇਸ ਰਾਜ ਦੀ ਖੁਦਮੁਖਤਾਰੀ ਘਟਾਏ ਜਾਣ ਦਾ ਵਿਵਾਦ ਛਿੜ ਗਿਆ ਹੈ। ਇਸ ਬਾਰੇ ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਅੱਤਵਾਦ ਅਤੇ ਸਰਹੱਦ ਪਾਰ ਤੋਂ ਆ ਕੇ ਕੀਤੇ ਜਾਂਦੇ ਅਪਰਾਧਾਂ ਦੇ ਖ਼ਿਲਾਫ਼ 'ਜ਼ੀਰੋ ਟੌਲਰੈਂਸ' ਦੀ ਨੀਤੀ ਰੱਖਣ ਲਈ ਬੀ ਐੱਸ ਐੱਫ ਨੂੰ ਤਲਾਸ਼ੀਆਂ ਲੈਣ, ਸ਼ੱਕੀ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਤੇ ਗੈਰ-ਕਾਨੂੰਨੀ ਵਸਤਾਂ ਜ਼ਬਤ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।ਤਾਜ਼ਾ ਹੁਕਮ-ਮੁਤਾਬਕ ਬੀ ਐੱਸ ਐੱਫਦਾ ਅਧਿਕਾਰ ਖੇਤਰ ਪੰਜਾਬ, ਪੱਛਮੀ ਬੰਗਾਲ ਅਤੇ ਆਸਾਮ ਵਿੱਚ ਵਧਾਇਆ ਗਿਆਅਤੇ ਇਸ 50 ਕਿਲੋਮੀਟਰ ਘੇਰੇਵਿੱਚਬੀ ਐੱਸ ਐੱਫ ਲਈ ਕੋਈ ਵੀ ਕਾਰਵਾਈ ਕਰਨ ਦੇ ਅਧਿਕਾਰ ਸੰਬੰਧਤ ਰਾਜ ਦੀ ਪੁਲਸ ਦੇ ਲੱਗਭਗ ਬਰਾਬਰ ਹੋ ਜਾਣਗੇ। ਪਹਿਲਾਂ ਪੰਜਾਬ, ਪੱਛਮੀ ਬੰਗਾਲ ਤੇ ਅਸਾਮਵਿੱਚਬੀ ਐੱਸ ਐੱਫ ਦਾ ਅਧਿਕਾਰ ਖੇਤਰ ਸਰਹੱਦ ਤੋਂ 15 ਕਿਲੋਮੀਟਰ ਅੰਦਰ ਤੱਕ ਸੀ, ਜਿਸ ਨੂੰ ਵਧਾ ਕੇ 50 ਕਿਲੋਮੀਟਰ ਕੀਤਾ ਗਿਆ ਹੈ।ਇਸ ਮੌਕੇ ਉੱਤਰ-ਪੂਰਬ ਦੇ ਪੰਜਰਾਜਾਂ: ਮਣੀਪੁਰ, ਮਿਜ਼ੋਰਮ, ਤ੍ਰਿਪੁਰਾ, ਨਾਗਾਲੈਂਡ ਤੇ ਮੇਘਾਲਿਆ ਵਿੱਚਬੀ ਐੱਸ ਐੱਫ ਦੇ ਇਸੇ ਅਧਿਕਾਰ ਖੇਤਰਦੀ 20 ਕਿਲੋਮੀਟਰ ਕਟੌਤੀ ਕੀਤੀ ਗਈ ਹੈ, ਜਿੱਥੇ ਪਹਿਲਾਂ ਇਹ 80 ਕਿਲੋਮੀਟਰ ਤੱਕ ਸੀ। ਏਦਾਂ ਹੀ ਗੁਜਰਾਤਵਿੱਚਬੀ ਐੱਸ ਐੱਫ ਦਾ ਅਧਿਕਾਰ ਖੇਤਰ ਪਹਿਲੇ 80 ਕਿਲੋਮੀਟਰ ਤੋਂਘਟਾ ਕੇ 50 ਕਿਲੋਮੀਟਰ ਕਰ ਦਿੱਤਾ ਗਿਆ ਹੈ।

ਭਾਰਤ ਸਰਕਾਰ ਦਾ ਕਹਿਣਾ ਹੈ ਕਿ ਇਸ ਹੁਕਮ ਨਾਲ ਬੀ ਐੱਸ ਐੱਫ ਦੇ ਜਵਾਨਾਂ ਨੂੰ ਸਰਹੱਦੀ ਖੇਤਰਾਂਵਿੱਚ ਨਸ਼ੇ ਤੇ ਹਥਿਆਰਾਂ ਦੀ ਗੈਰ-ਕਾਨੂੰਨੀ ਸਪਲਾਈ ਰੋਕਣ ਤੇ ਘੁਸਪੈਠ ਦੇ ਖ਼ਿਲਾਫ਼ ਮੁਹਿਮ ਵਿੱਚ ਮਦਦ ਮਿਲੇਗੀ।ਬੀ ਐੱਸ ਐੱਫ ਦੇ ਅਧਿਕਾਰੀਆਂ ਨੂੰ ਅੱਗੇ ਲਈ ਸੀ ਆਰ ਪੀ ਸੀ (ਕ੍ਰੀਮੀਨਲ ਪ੍ਰੋਸੀਜਰ ਕੋਡ) ਹੇਠ ਮੈਜਿਸਟ੍ਰੇਟ ਦੇ ਹੁਕਮ ਦੇ ਬਿਨਾਂ ਅਤੇ ਵਾਰੰਟ ਦੇ ਵੀ ਬਿਨਾਂ ਸਾਰੀਆਂ ਸ਼ਕਤੀਆਂ ਤੇ ਜ਼ਿੰਮੇਵਾਰੀਆਂ ਨਿਭਾਉਣ ਦਾ ਅਧਿਕਾਰ ਹੋਵੇਗਾ।ਉਨ੍ਹਾਂ ਨੂੰ ਕਿਸੇ ਵੀ ਅਜਿਹੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਹੋਵੇਗਾ, ਜਿਹੜਾ ਕਿਸੇ ਗੰਭੀਰ ਜੁਰਮਵਿੱਚ ਸ਼ਾਮਲ ਹੈ ਜਾਂ ਜਿਸ ਬਾਰੇਯੋਗ ਸ਼ਿਕਾਇਤ ਹੋਈ ਹੋਵੇ। ਗ੍ਰਹਿ ਮੰਤਰਾਲੇ ਨੇ ਬਾਰਡਰਸੁਰੱਖਿਆ ਫੋਰਸ ਐਕਟ-1968 ਦੀ ਧਾਰਾ-139 ਦੀ ਉੱਪ-ਧਾਰਾ (1) ਦੀਆਂ ਤਾਕਤਾਂ ਲਈ ਕੇਂਦਰ ਸਰਕਾਰ ਦੇ ਨੋਟੀਫ਼ਿਕੇਸ਼ਨਵਿੱਚ ਸੋਧਨਾਲਇਹ ਫ਼ੈਸਲਾ ਲਿਆ ਹੈ। ਇਸ ਤੋਂ ਪਹਿਲਾਂ 3 ਜੁਲਾਈ 2014 ਨੂੰ ਜਾਰੀ ਹੋਏ ਨੋਟੀਫ਼ਿਕੇਸ਼ਨ ਨਾਲ ਬੀ ਐੱਸ ਐੱਫ ਅਧਿਕਾਰੀਆਂ ਨੂੰ ਮਣੀਪੁਰ, ਮਿਜ਼ੋਰਮ, ਤ੍ਰਿਪੁਰਾ, ਨਾਗਾਲੈਂਡ ਤੇ ਮੇਘਾਲਿਆ ਵਿੱਚ ਤਲਾਸ਼ੀਆਂ ਲੈਣ ਦੇ ਨਾਲ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਗੈਰ-ਕਾਨੂੰਨੀ ਵਸਤਾਂ ਨੂੰ ਜ਼ਬਤ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਗਈਆਂ ਸਨ।

## ਸਾਬਕਾ ਵਿਧਾਇਕ ਦੀ ਅਫ਼ਸਰ ਪਤਨੀ ਖ਼ਿਲਾਫ਼ 20 ਲੱਖ ਦੀ ਧੋਖਾਧੜੀ ਦਾ ਕੇਸ ਦਰਜ

ਐਸ ਏ ਐਸ ਨਗਰ, 14 ਅਕਤੂਬਰ (ਪੋਸਟ ਬਿਊਰੋ)- ਇੱਕ ਸਾਬਕਾ ਵਿਧਾਇਕ ਦੀ ਪਤਨੀਸੰਤੋਸ਼ ਰਾਣੀ ਵਾਸੀ ਫੇਜ਼-10 ਮੁਹਾਲੀ, ਜਿਹੜੀ ਐਕਸਾਈਜ਼ ਤੇ ਟੈਕਸੇਸ਼ਨ ਵਿਭਾਗ ਵਿੱਚ ਅਫ਼ਸਰ ਹੈ, ਦੇ ਖ਼ਿਲਾਫ਼ ਥਾਣਾ ਫੇਜ਼-11 ਮੁਹਾਲੀ ਵਿਖੇ ਕਰੀਬ 20 ਲੱਖ ਰੁਪਏ ਦੀ ਧੋਖਾਧੜੀ ਦੇ ਦੋਸ਼ ਹੇਠ ਪਰਚਾ ਦਰਜ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਜਗਜੀਤ ਸਿੰਘ ਵਾਸੀ ਚੁੰਨੀ ਖੁਰਦ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਨੇ ਜ਼ਿਲ੍ਹਾ ਪੁਲਸ ਮੁੱਖੀ ਮੁਹਾਲੀ ਨੂੰ ਦੱਸਿਆ ਸੀ ਕਿ ਉਸ ਦਾ ਸੰਤੋਸ਼ ਰਾਣੀ ਨਾਲ ਪਿੰਡ ਖਾਨਪੁਰ (ਖਰੜ) ਵਿਖੇ ਇੱਕ ਵਿਘਾ ਚਾਰ ਬਿਸਵੇ ਜ਼ਮੀਨ ਬਾਰੇ 80 ਲੱਖ ਰੁਪਏ ਵਿੱਚ ਸੌਦਾ ਹੋਇਆ ਸੀ ਅਤੇ ਸੰਤੋਸ਼ ਰਾਣੀ ਨੂੰ ਬਿਆਨੇ ਵਜੋਂ ਕਰੀਬ 20 ਲੱਖ ਰੁਪਏ ਦਿੱਤੇ ਸਨ। ਸ਼ਿਕਾਇਤਕਰਤਾ ਦੇ ਮੁਤਾਬਕ ਹਾਲੇ ਰਜਿਸਟਰੀ ਦਾ ਸਮਾਂ ਪਿਆ ਸੀ ਤੇ ਇਸੇ ਦੌਰਾਨ ਜਦੋਂ ਉਹ ਇੱਕ ਦਿਨ ਕੁਰਾਲੀ ਤੋਂ ਖਰੜ ਨੂੰ ਜਾ ਰਿਹਾ ਸੀ ਤਾਂ ਦੇਖਿਆ ਕਿ ਬਿਆਨੇ ਵਾਲੀ ਜ਼ਮੀਨ ਉੱਤੇ ਫਲੈਟ ਬਣ ਰਹੇ ਹਨ। ਉਸ ਨੇ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਸੰਤੋਸ਼ ਰਾਣੀ ਨੇ ਉਹ ਜ਼ਮੀਨ ਅੱਗੇ ਕਿਸੇ ਨੂੰ 41 ਲੱਖ 60 ਹਜ਼ਾਰ ਰੁਪਏ ਵਿੱਚ ਵੇਚ ਦਿੱਤੀ ਹੈ। ਇਸ ਤੋਂ ਬਾਅਦ ਉਸ ਨੇ ਸੰਤੋਸ਼ ਰਾਣੀ ਤੋਂ ਆਪਣੇ ਬਿਆਨੇ ਦੀ ਰਕਮ ਕਈ ਵਾਰ ਵਾਪਸ ਮੰਗੀ, ਪਰ ਉਹ ਪਹਿਲਾਂ ਤਾਂ ਉਸ ਨਾਲ ਟਾਲ-ਮਟੋਲ ਕਰਦੀ ਰਹੀ ਤੇ ਫਿਰ ਪੈਸੇ ਮੋੜਨ ਤੋਂ ਇਨਕਾਰ ਕਰ ਦਿੱਤਾ। ਜ਼ਿਲ੍ਹਾ ਪੁਲਸ ਮੁੱਖੀ ਨੇ ਉਕਤ ਸ਼ਿਕਾਇਤ ਦੀ ਪੜਤਾਲ ਇੱਕ ਡੀ ਐਸ ਪੀ ਰੈਂਕ ਦੇ ਅਧਿਕਾਰੀ ਨੂੰ ਸੌਂਪੀ ਸੀ ਅਤੇ ਡੀ ਐਸ ਪੀ ਦੀ ਜਾਂਚ ਰਿਪੋਰਟ ਅਤੇ ਡੀ ਏ ਲੀਗਲ ਦੀ ਰਾਏ ਲੈਣ ਪਿੱਛੋਂ ਪੁਲਸ ਨੇ ਸੰਤੋਸ਼ ਰਾਣੀ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।





ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com


## ਜੇਲ੍ਹ ਪਹੁੰਚੇ ਕੈਦੀ ਦੇ ਗੁਪਤ ਅੰਗ ਵਿੱਚੋਂ ਫੋਨ ਤੇ ਤੰਬਾਕੂ ਦੇ ਦੋ ਪਾਉਚ ਬਰਾਮਦ


ਗੁਰਦਾਸਪੁਰ, 14 ਅਕਤੂਬਰ (ਪੋਸਟ ਬਿਊਰੋ)- ਕਪੂਰਥਲਾ ਜੇਲ੍ਹ ਵਿੱਚੋਂ ਜੋ ਸ਼ੱਕੀ ਗੁਰਦਾਸਪੁਰਜੇਲ੍ਹ ਵਿੱਚ ਸ਼ਿਫਟਕੀਤੇ ਗਏ, ਉਨ੍ਹਾਂ ਵਿੱਚੋਂ ਇੱਕ ਕੈਦੀ ਦੀ ਜੇਲ੍ਹ ਪੁਲਸ ਨੇ ਤਲਾਸ਼ੀ ਲਈ ਤਾਂ ਪਤਾ ਲੱਗਾ ਕਿ ਉਸ ਨੇ ਗੁਪਤ ਅੰਗ ਵਿੱਚ ਮੋਬਾਈਲ ਫੋਨ ਅਤੇ ਤੰਬਾਕੂ ਦੇ ਦੋ ਪਾਉਚ ਲੁਕਾਏ ਹੋਏ ਸਨ। ਗੁਪਤ ਅੰਗ ਵਿੱਚੋਂ ਮੋਬਾਈਲ ਫੋਨ ਕੱਢਣ ਬਾਰੇ ਜੱਦੋਜਹਿਦ ਕਰਨ ਦੇ ਬਾਅਦ ਨਾ ਨਿਕਲਣ ਉੱਤੇ ਗੁਰਦਾਸਪੁਰ ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਭੇਜ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਅਜੈ ਪੁੱਤਰ ਓਮ ਪ੍ਰਕਾਸ਼ ਵਾਸੀ ਹਰਗੋਬਿੰਦ ਨਗਰ, ਦਕੋਹਾ, ਜ਼ਿਲ੍ਹਾ ਜਲੰਧਰ ਮਾਡਰਨ ਜੇਲ੍ਹ ਕਪੂਰਥਲਾ ਤੋਂ ਕੁਝ ਦਿਨ ਛੁੱਟੀ ਗਿਆ ਸੀ। ਜਦੋਂ ਉਹ ਕੈਦੀ 12 ਅਕਤੂਬਰ ਦੀ ਰਾਤ ਕੇਂਦਰੀ ਜੇਲ੍ਹ ਗੁਰਦਾਸਪੁਰ ਵਿੱਚ ਭੇਜਿਆ ਗਿਆ ਤਾਂ ਜੇਲ੍ਹ ਵਿੱਚ ਲੱਗੀ ਐਕਸਰੇ ਮਸ਼ੀਨ ਨਾਲ ਤਲਾਸ਼ੀ ਦੌਰਾਨ ਉਸ ਦੇ ਗੁਪਤ ਅੰਗ ਵਿੱਚ ਮੋਬਾਈਲ ਫੋਨ ਦਾ ਪਤਾ ਲੱਗਾ।ਇਸ ਬਾਰੇ ਸੂਚਨਾ ਕੇਂਦਰੀ ਜੇਲ੍ਹ ਗੁਰਦਾਸਪੁਰ ਦੇ ਡਾਕਟਰ ਨੂੰ ਦਿੱਤੀ ਗਈ। ਡਾਕਟਰ ਨੇ ਮੋਬਾਈਲ ਫੋਨ ਕੱਢਣ ਦੀ ਕਾਫੀ ਕੋਸ਼ਿਸ਼ ਕੀਤੀ, ਪਰ ਨਹੀਂ ਕੱਢ ਸਕੇ। ਰਾਤ ਨੂੰ ਕੈਦੀ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਲਿਆਂਦਾ ਗਿਆ, ਜਿੱਥੋਂ ਉਸ ਨੂੰ ਅੰਮ੍ਰਿਤਸਰ ਹਸਪਤਾਲ ਰੈਫਰ ਕਰ ਦਿੱਤਾ ਗਿਆ। ਦੱਸਿਆ ਗਿਆ ਹੈ ਕਿ ਉਸ ਕੈਦੀ ਤੋਂ ਸੈਮਸੰਗ ਮੋਬਾਈਲ ਬਰਾਮਦ ਹੋਇਆ ਹੈ। ਜੇਲ੍ਹ ਸੁਪਰਡੈਂਟ ਰਾਜਿੰਦਰ ਸਿੰਘ ਹੁੰਦਲ ਨੇ ਦਸਿਆ ਕਿ ਕੈਦੀ ਅਜੈ ਵਿਰੁੱਧ ਅੰਮ੍ਰਿਤਸਰ ਹਸਪਤਾਲ ਤੋਂ ਰਿਪੋਰਟ ਆਉਣ ਦੇ ਬਾਅਦ ਮਾਮਲਾ ਦਰਜ ਕੀਤਾ ਜਾਏਗਾ।

# ਸ਼ਿਲੌਂਗ ਵਿੱਚੋਂ ਸਿੱਖਾਂ ਨੂੰ ਕਿਉਂ ਕੱਢਿਆ ਜਾ ਰਿਹੈ ਬਾਹਰ?

ਭਾਰਤ ਦੇ ਸੂਬੇ ਮੈਘਾਲਿਆ ਦੀ ਸਰਕਾਰ ਵੱਲੋਂ ਇਸ ਦੀ ਰਾਜਧਾਨੀ ਦੇ ਸ਼ਹਿਰ ਸ਼ਿਲੌਂਗ ਵਿੱਚੋਂ ਸਿੱਖਾਂ ਨੂੰ ਬਾਹਰ ਕੱਢੇ ਜਾਣ ਦੀਆਂ ਖ਼ਬਰਾਂ ਅੱਜਕੱਲ੍ਹ ਮੀਡੀਆ ਦੀਆਂ ਸੁਰਖ਼ੀਆਂ ਵਿਚ ਹਨ। ਬੀਤੇ ਦਿਨੀਂ ਮੈਘਾਲਿਆ ਦੇ ਮੰਤਰੀ-ਮੰਡਲ ਵੱਲੋਂ ਬਣਾਈ ਗਈ ਉੱਚ-ਪੱਧਰੀ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਆਧਾਰ ਬਣਾ ਕੇ ਇਕ ਮਤਾ ਇਸ ਰਾਜ ਦੀ ਵਿਧਾਨ ਸਭਾ ਵਿੱਚੋਂ ਪਾਸ ਕਰਵਾਇਆ ਜਾ ਰਿਹਾ ਹੈ ਜਿਸ ਦੇ ਤਹਿਤ ਪਿਛਲੇ ਲੱਗਭੱਗ 150 ਸਾਲਾਂ ਤੋਂ ਸ਼ਿਲੌਂਗ ਵਿਚ ਵੱਸਦੇ ਸਿੱਖਾਂ ਨੂੰ ਇਸ ਸ਼ਹਿਰ ਵਿੱਚੋਂ ਬਾਹਰ ਕੱਢ ਦਿੱਤਾ ਜਾਏਗਾ। ਇਸ ਦਾ ਮੁੱਖ ਕਾਰਨ ਇਸ ਸ਼ਹਿਰ ਵਿਚਲੀ ਜ਼ਮੀਨ ਦਾ ਸਮੇਂ ਨਾਲ ਮਹਿੰਗੇ ਹੋ ਜਾਣਾ ਅਤੇ ਭੂਮੀ-ਮਾਫ਼ੀਆ ਵੱਲੋਂ ਇਸ ਉੱਪਰ ਕਬਜ਼ਾ ਕਰਨ ਲਈ ਸਰਕਾਰ ਉੱਪਰ ਜ਼ੋਰ ਪਾਉਣਾ ਦੱਸਿਆ ਜਾ ਰਿਹਾ ਹੈ ਪਰ ਇਸ ਦੇ ਨਾਲ ਨਾਲ ਕਈ ਹੋਰ ਸਮਾਜਿਕ ਅਤੇ ਰਾਜਨੀਤਕ ਕਾਰਨ ਵੀ ਹੋ ਸਕਦੇ ਹਨ। ਮੈਘਾਲਿਆ ਵਿਚ ਭਾਰਤੀ ਜਨਤਾ ਪਾਰਟੀ (ਬੀਜੇਪੀ) ਦੀ ਸਰਕਾਰ ਹੈ ਅਤੇ ਇਸ ਪਾਰਟੀ ਵੱਲੋਂ ਭਾਰਤ ਦੇ ਕਈ ਸੂਬਿਆਂ ਵਿਚ ਰਾਜਨੀਤਕ ਹਿੱਲਜੁਲ ਕੀਤੀ ਜਾ ਰਹੀ ਹੈ। ਰਾਜ ਸਰਕਾਰ ਦਾ ਇਹ ਕਦਮ ਬੀਜੇਪੀ ਦੀ ਕਿਸੇ ਰਾਜਸੀ ਪਹਿਲਕਦਮੀ ਦਾ ਹਿੱਸਾ ਵੀ ਹੋ ਸਕਦਾ ਹੈ।

ਪਾਠਕਾਂ ਦੀ ਜਾਣਕਾਰੀ ਲਈ ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਨ੍ਹਾਂ ਸਿੱਖ ਪਰਿਵਾਰਾਂ ਦੇ ਵਡੇਰਿਆਂ ਨੂੰ ਡੇਢ ਕੁ ਸੌ ਸਾਲ ਪਹਿਲਾਂ ਉੱਥੋਂ ਦੇ ਮਹਾਰਾਜੇ ਨੇ ਅੰਮ੍ਰਿਤਸਰ ਤੋਂ ਲਿਆ ਕੇ ਇੱਥੇ ਸ਼ਿਲੌਂਗ ਵਿਚ ਵਸਾਇਆ ਸੀ। ਉਹ ਕੋਈ ਅਮੀਰ ਸਿੱਖ ਨਹੀਂ ਸਨ, ਸਗੋਂ ਉਹ ਆਮ ਜਿਹੇ ਸਧਾਰਨ ਪਰਿਵਾਰਾਂ ਦੇ ਗਰੀਬੜੇ ਜਿਹੇ ਇਨਸਾਨ ਸਨ ਜਿਨ੍ਹਾਂ ਨੂੰ ਸਫ਼ਾਈ ਵਗ਼ੈਰਾ ਦੇ ਕੰਮਾਂ ਲਈ ਉੱਥੇ ਲਿਜਾਇਆ ਗਿਆ ਸੀ। ਉਨ੍ਹਾਂ ਨੂੰ ਸ਼ਿਲੌਂਗ ਵਿਚ ਛੋਟੇ-ਛੋਟੇ ਘਰ ਬਣਾ ਕੇ ਦਿੱਤੇ ਗਏ ਸਨ ਅਤੇ ਹੋਰ ਕਈ ਹੋਰ ਜ਼ਰੂਰੀ ਸਹੂਲਤਾਂ ਵੀ ਦਿੱਤੀਆਂ



ਕੈ. ਇਕਬਾਲ ਸਿੰਘ ਵਿਰਕ
647-631-9445

ਗਈਆਂ। ਅਜੇ ਵੀ ਉੱਥੇ ਉਨ੍ਹਾਂ ਦੇ ਘਰ ਛੋਟੇ-ਛੋਟੇ ਹੀ ਹਨ ਅਤੇ ਉਹ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਦੇ ਹਨ। ਉਨ੍ਹਾਂ ਨੇ ਉੱਥੇ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੁੜਿਆ ਇਕ ਗੁਰਦੁਆਰਾ ਵੀ ਬਣਾਇਆ ਹੋਇਆ ਹੈ ਅਤੇ ਇੱਥੇ ਉਹ ਆਪਣੀ ਧਾਰਮਿਕ ਆਸਥਾ ਨੂੰ ਪੂਰਿਆਂ ਕਰਦੇ ਹਨ।

ਭਾਰਤੀ ਫ਼ੌਜ ਵਿਚ ਨੌਕਰੀ ਦੌਰਾਨ ਮੈਨੂੰ ਸ਼ਿਲੌਂਗ ਵਿਚ ਕਈ ਵਾਰ ਜਾਣ ਦਾ ਮੌਕਾ ਮਿਲਿਆ ਅਤੇ ਮੈਂ ਉੱਥੋਂ ਦੇ ਵਸਨੀਕਾਂ ਨੂੰ ਕਈ ਵਾਰ ਮਿਲਿਆ ਹਾਂ। 1979, 1980 ਅਤੇ 1981 ਵਿਚ ਮੈਂ ਹਰ ਤੀਸਰੇ ਮਹੀਨੇ ਸ਼ਿਲੌਂਗ ਵਿੱਚੋਂ ਲੰਘ ਕੇ ਜਾਂਦਾ ਸੀ, ਕਿਉਂਕਿ ਅਸੀਂ ਆਪਣੀਆਂ ਫ਼ੌਜੀ ਗੱਡੀਆਂ ਵਿਚ ਸਿਲਚਰ ਜੋ ਕਿ ਆਸਾਮ ਵਿਚ ਹੈ, ਤੋਂ ਚੱਲ ਕੇ ਸ਼ਿਲੌਂਗ ਵਿਚ ਦੀ ਹੋ ਕੇ ਗੋਹਾਟੀ ਤੋਂ ਆਪਣੀ ਯੂਨਿਟ ਲਈ ਹਰ ਤਿੰਨ ਮਹੀਨੇ ਬਾਅਦ ਸਮਾਨ ਵਗ਼ੈਰਾ ਲੈਣ ਲਈ ਜਾਂਦੇ ਸੀ। ਸਿਲਚਰ ਤੋਂ ਗੋਹਾਟੀ ਤਕਰੀਬਨ 350 ਕਿਲੋਮੀਟਰ ਦੂਰ ਹੈ ਅਤੇ ਅਸੀਂ ਜਾਂਦਿਆਂ ਤੇ ਆਉਂਦਿਆਂ ਦੋਵੇਂ ਵਾਰ ਹੀ ਸ਼ਿਲੌਂਗ ਠਹਿਰਦੇ ਸੀ। ਕਾਰਨ ਸਾਫ਼ ਸੀ ਕਿ ਰਸਤਾ ਲੰਮਾਂ ਹੋਣ ਕਾਰਕੇ ਉੱਥੋਂ 'ਬਰੀ-ਟਨ' ਵੱਡੀ ਗੱਡੀ ਲਈ ਡੀਜ਼ਲ ਅਤੇ ਅੱਗੋਂ ਗੋਹਾਟੀ ਜਾਣ ਲਈ ਦੁਪਹਿਰ ਦਾ ਖਾਣਾ ਆਦਿ ਵੀ ਲੈਣਾ ਹੁੰਦਾ ਸੀ। ਸਾਡੀਆਂ ਗੱਡੀਆਂ ਦੇ ਨਾਲ ਹਮੇਸ਼ਾਂ ਈ.ਐੱਮ.ਈ. ਦਾ ਮਕੈਨਿਕ ਹੁੰਦਾ ਸੀ ਤਾਂ ਜੋ ਰਸਤੇ ਵਿਚ ਕਿਸੇ ਗੱਡੀ ਵਿਚ ਆਈ ਮਕੈਨੀਕਲ ਖ਼ਰਾਬੀ ਨੂੰ ਦੂਰ ਕੀਤਾ ਜਾ ਸਕੇ। ਉਸ ਨੇ ਆਪਣੇ ਨਾਲ ਲੋੜੀਂਦੇ ਸਪੇਅਰ-ਪਾਰਟਸ ਵੀ ਰੱਖੇ ਹੁੰਦੇ ਸਨ। ਸ਼ਿਲੌਂਗ ਵਿਚ ਆਪਣੀ ਕੁਝ ਘੰਟਿਆਂ ਜਾਂ ਇਕ-ਅੱਧੇ ਦਿਨ ਦੀ ਠਾਹਰ ਸਮੇਂ ਮੈਂ ਉੱਥੇ ਬਣੇ ਗੁਰਦੁਆਰਾ ਸਾਹਿਬ ਵਿਚ ਜ਼ਰੂਰ ਜਾਂਦਾ ਸੀ ਅਤੇ ਉੱਥੋਂ ਦੇ ਸਥਾਨਕ ਲੋਕਾਂ ਨਾਲ ਅਕਸਰ ਹੀ ਗੱਲਬਾਤ ਕਰਦਾ ਸੀ।

ਸਾਡੇ ਠਹਿਰਨ ਦੀ ਜਗ੍ਹਾ ਗੁਰਦੁਆਰਾ ਸਾਹਿਬ ਤੋਂ ਮਹਿਜ਼ ਦੋ-ਢਾਈ ਹਜ਼ਾਰ ਗਜ਼ ਹੀ ਦੂਰ ਸੀ ਅਤੇ ਉਸ ਦੇ ਨੇੜੇ ਹੀ ਸਪਲਾਈ-ਡੀਪੂ ਸੀ। ਉੱਥੇ ਕੁਝ ਸਿੱਖ ਵੀ ਕੰਮ ਕਰਦੇ ਸਨ। 1947 ਤੋਂ ਬਾਅਦ ਉੱਥੇ ਅੰਮ੍ਰਿਤਸਰ ਨਾਲ ਸਬੰਧਿਤ ਇਕ ਸਿੱਖ ਕਰਨਲ ਸੀ ਜਿਸ ਨੇ ਉਨ੍ਹਾਂ ਨੂੰ ਉੱਥੇ ਕੰਮਾਂ 'ਤੇ ਲਵਾਇਆ ਸੀ, ਕਿਉਂਕਿ ਸਪਲਾਈ-ਡੀਪੂ ਵਿਚ ਸਿਵਲ ਕਾਮਿਆਂ



ਦੀ ਅਕਸਰ ਹੀ ਜ਼ਰੂਰਤ ਪੈਂਦੀ ਹੈ। ਉਥੋਂ ਦੇ ਖਾਸੀ ਜਾਤੀ ਦੇ ਲੋਕ ਸਰੀਰਕ ਪੱਖੋਂ ਏਨੇ ਤਾਕਤਵਰ ਨਹੀਂ ਸਨ ਕਿ ਉਹ ਇਕ ਕਵਿੰਟਲ ਦੀ ਬੋਰੀ ਨੂੰ ਆਪਣੀ ਪਿੱਠ ਪਿੱਛੇ ਚੁੱਕ ਸਕਦੇ, ਅਤੇ ਦੂਸਰੇ ਪਾਸੇ ਪੰਜਾਬੀ ਪਿਛੋਕੜ ਦੇ ਨੌਜੁਆਨ ਇਸ ਕੰਮ ਲਈ ਫ਼ੌਜੀ ਅਫ਼ਸਰਾਂ ਨੂੰ ਵਧੇਰੇ ਯੋਗ ਲੱਗਦੇ ਸਨ। ਕੁਝ ਸਿੱਖ ਉੱਥੇ ਸਫ਼ਾਈ ਵਗ਼ੈਰਾ ਦਾ ਵੀ ਕੰਮ ਕਰਦੇ ਸਨ। ਦੂਸਰਾ ਕਾਰਨ ਇਹ ਵੀ ਸੀ ਕਿ ਉਸ ਕਰਨਲ ਸਾਹਿਬ ਨੂੰ ਇਹ ਪਤਾ ਸੀ ਇਨ੍ਹਾਂ ਲੋਕਾਂ ਦਾ ਪਿਛੋਕੜ ਵੀ ਅੰਮ੍ਰਿਤਸਰ ਦਾ ਹੈ ਅਤੇ ਉਹ ਆਪ ਵੀ ਅੰਮ੍ਰਿਤਸਰ ਨਾਲ ਸਬੰਧਿਤ ਸੀ। ਇਸ ਲਈ ਵੀ ਉਹ ਉਨ੍ਹਾਂ ਨੂੰ ਬਾਕੀਆਂ ਨਾਲੋਂ ਤਰਜੀਹ ਦਿੰਦੇ ਸਨ। ਇਹ ਉਹ ਲੋਕ ਸਨ ਜਿਹੜੇ ਪੰਜਾਬ ਵਿਚ ਕਿਸਾਨਾਂ ਦੇ ਨਾਲ ਕਿਸੇ ਸਮੇਂ ਸੀਰੀ ਦੇ ਤੌਰ 'ਤੇ ਕੰਮ ਕਰਦੇ ਰਹੇ ਸਨ ਅਤੇ ਉਹ ਹਰ ਤਰ੍ਹਾਂ ਦਾ ਹੌਲਾ-ਭਾਰਾ ਕੰਮ ਕਰ ਸਕਦੇ ਸਨ।

ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਸ਼ਿਲੌਂਗ ਆਉਂਦੇ ਅਤੇ ਜਾਂਦੇ ਸਮੇਂ ਮੈਂ ਅਕਸਰ ਉੱਥੋਂ ਗੁਰਦੁਆਰਾ ਸਾਹਿਬ ਜਾਂਦਾ ਸੀ ਅਤੇ ਉੱਥੋਂ ਦੇ ਸਥਾਨਕ ਲੋਕਾਂ ਨਾਲ ਗੱਲਬਾਤ ਕਰਦਾ ਰਹਿੰਦਾ ਸੀ। ਇਹ ਗੁਰਦੁਆਰਾ ਸਾਹਿਬ ਵੀ ਉਦੋਂ ਛੋਟਾ ਜਿਹਾ ਹੀ ਸੀ ਅਤੇ ਇਸ ਵਿਚ ਮਸਾਂ ਤਿੰਨ ਕੁ ਸੌ ਸ਼ਰਧਾਲੂ ਹੀ ਇਕ ਸਮੇਂ ਬੈਠ ਸਕਦੇ ਸਨ। ਗੁਰਦੁਆਰੇ ਦੀ ਇਮਾਰਤ ਨੂੰ ਵੇਖ ਕੇ ਪਤਾ ਲੱਗਦਾ ਸੀ ਕਿ ਇਹ ਗਰੀਬ ਸਿੱਖਾਂ ਵੱਲੋਂ ਉਸ ਮਾਲਕ ਪ੍ਰਮਾਤਮਾ ਨੂੰ ਯਾਦ ਕਰਨ ਲਈ ਗੁਜ਼ਾਰੇ ਮੁਆਫ਼ਕ ਸਾਧਨ ਬਣਾਇਆ ਗਿਆ ਹੈ। ਇਮਾਰਤ ਦੇ ਉੱਪਰ ਕੋਈ ਗੁੰਬਦ ਵਗ਼ੈਰਾ ਨਹੀਂ ਸਨ ਅਤੇ ਇਹ ਕੇਵਲ ਆਮ ਛੋਟਾ ਜਿਹਾ ਸਧਾਰਨ ਹਾਲ ਹੀ ਸੀ। ਉਨ੍ਹਾਂ ਲੋਕਾਂ ਦੇ ਰਹਿਣ-ਸਹਿਣ ਅਤੇ ਉਨ੍ਹਾਂ ਦੇ ਨਾਲ ਕੀਤੀ ਗੱਲਬਾਤ ਤੋਂ ਪਤਾ ਲੱਗਦਾ ਸੀ ਕਿ ਉਨ੍ਹਾਂ ਵਿੱਚੋਂ ਕੋਈ ਵੀ ਏਨਾ ਅਮੀਰ ਨਹੀਂ ਸੀ। ਉਨ੍ਹਾਂ ਦੇ ਘਰ ਛੋਟੇ-ਛੋਟੇ ਹਨ ਅਤੇ ਘਰਾਂ ਦੇ ਨੇੜੇ ਹੀ ਇਕ ਭੀੜਾ ਜਿਹਾ ਬਾਜ਼ਾਰ ਸੀ ਜਿਸ ਵਿਚ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਦੁਕਾਨਾਂ ਸਨ। ਪਹਾੜੀ ਇਲਾਕਾ ਹੋਣ ਕਰਕੇ ਬਾਜ਼ਾਰ ਪੱਧਰਾ ਨਹੀਂ ਸੀ, ਸਗੋਂ ਬਹੁਤ ਉੱਚਾ-ਨੀਵਾਂ ਸੀ ਅਤੇ ਉਸ ਵਿਚ ਕਿਧਰੇ ਚੜ੍ਹਾਈ ਤੇ ਕਿਧਰੇ ਉਤਰਾਈ ਆਉਂਦੀ ਸੀ। ਇਕ ਹੋਰ ਵੱਡਾ ਬਾਜ਼ਾਰ ਵੀ ਸੀ ਜੋ ਕਾਫ਼ੀ ਖੁੱਲਾ ਸੀ। ਇੱਥੇ ਵੀ ਕੁਝ ਸਿੱਖ ਦੁਕਾਨਦਾਰਾਂ ਦੀਆਂ ਦੁਕਾਨਾਂ ਸਨ। ਹੁਣ ਇਸ ਦੀ ਕੀ ਹਾਲਤ ਹੋਵੇਗੀ, ਇਸ ਦੇ ਬਾਰੇ ਕੁਝ ਕਹਿਣਾ ਮੁਸ਼ਕਲ ਹੈ।

ਸਿੱਖਾਂ ਦੇ ਵਿਰੁੱਧ ਇਸ ਅਨਿਆਂ ਦੇ ਖ਼ਿਲਾਫ਼ ਸਿੱਖ-ਹਲਕਿਆਂ ਵੱਲੋਂ ਕਾਫ਼ੀ ਆਵਾਜ਼ ਉਠਾਈ ਜਾ ਰਹੀ ਹੈ। ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਵੱਲੋਂ ਇਸ ਸਬੰਧੀ ਚਿੱਠੀਆਂ ਕੇਂਦਰ ਸਰਕਾਰ ਅਤੇ ਮੈਘਾਲਿਆ ਦੀ ਸਰਕਾਰ ਨੂੰ ਭੇਜੀਆਂ ਗਈਆਂ ਹਨ। ਪੰਜਾਬ ਦੇ ਮੁੱਖ-ਮੰਤਰੀ ਚਰਨਜੀਤ ਸਿੰਘ ਚੰਨੀ ਵੀ ਪੰਜਾਬ ਸਰਕਾਰ ਵੱਲੋਂ ਵੀ ਮੈਘਾਲਿਆ ਸਰਕਾਰ ਨੂੰ ਉੱਥੋਂ ਦੇ ਸਿੱਖਾਂ ਨੂੰ ਉਜਾੜਨ ਦੀ ਨਿਖੇਧੀ ਕੀਤੀ ਗਈ ਹੈ ਅਤੇ ਇਸ ਸਬੰਧੀ ਉਨ੍ਹਾਂ ਨੇ ਇਕ ਲੰਮੀ-ਚੌੜੀ ਚਿੱਠੀ ਮੈਘਾਲਿਆ ਦੇ ਮੁੱਖ-ਮੰਤਰੀ ਨੂੰ ਲਿਖੀ ਹੈ। ਮੈਘਾਲਿਆ ਦੇ ਗਵਰਨਰ ਸੱਤਿਆ ਪਾਲ ਮਲਿਕ ਕਾਫ਼ੀ ਇਨਸਾਫ਼-ਪਸੰਦ ਵਿਅੱਕਤੀ ਲੱਗਦੇ ਹਨ। ਬੀਤੇ ਦਿਨੀਂ ਉਨ੍ਹਾਂ ਨੇ ਕਿਸਾਨ ਅੰਦੋਲਨ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਸਾਨਾਂ ਦੇ ਮਸਲੇ ਹੱਲ ਕਰਨ ਦੀ ਸਲਾਹ ਦਿੱਤੀ ਸੀ। ਹੋ ਸਕਦਾ ਹੈ ਕਿ ਉਹ ਵੀ ਸ਼ਿਲੌਂਗ ਦੇ ਸਿੱਖ ਪਰਿਵਾਰਾਂ ਦੇ ਇਸ ਗੰਭੀਰ ਮਸਲੇ ਪ੍ਰਤੀ ਗੰਭੀਰਤਾ ਅਤੇ ਨਰਮੀ ਵਾਲਾ ਰਵੱਈਆ ਅਪਨਾਉਣ ਅਤੇ ਆਪਣੀ ਸਰਕਾਰ ਨੂੰ ਅਜਿਹਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰਨ। ਪਰ ਜੇਕਰ ਮੈਘਾਲਿਆ ਦੀ ਬੀਜੇਪੀ ਸਰਕਾਰ ਵੱਲੋਂ ਕਿਸੇ ਸਾਜਿਸ਼ ਅਧੀਨ ਇਹ ਕਾਰਵਾਈ ਕੀਤੀ ਜਾ ਰਹੀ ਹੋਵੇ ਤਾਂ ਫਿਰ ਕੁਝ ਕਹਿਣਾ ਮੁਸ਼ਕਲ ਹੈ, ਕਿਉਂਕਿ ਇਸ ਪਾਰਟੀ ਦੇ ਉੱਤਰ ਪ੍ਰਦੇਸ਼ ਦੇ ਲਖੀਮਪਰ ਜ਼ਿਲੇ ਦੇ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੇ ਪਿਛਲੇ ਦਿਨਾਂ ਵਿਚ ਲਖੀਮਪੁਰ ਦੇ ਪੰਜਾਬੀ ਕਿਸਾਨਾਂ ਨੂੰ ਸਬਕ ਸਿਖਾਉਣ ਦੀ ਗੱਲ ਕਹੀ ਸੀ ਜਿਸ ਵਿਚ ਉਨ੍ਹਾਂ ਨੂੰ ਉੱਥੋਂ ਜ਼ਮੀਨਾਂ ਛੱਡ ਕੇ ਜਾਣ ਦੀ ਧਮਕੀ ਵੀ ਸ਼ਾਮਲ ਸੀ। ਉਸ ਦਾ ਪੁੱਤਰ ਅਸ਼ੀਸ਼ ਮਿਸ਼ਰਾ ਉਰਫ਼ ਮੋਨੂੰ ਮਿਸ਼ਰਾ 3 ਅਕਤੂਬਰ ਨੂੰ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਦੇ ਕਤਲਾਂ ਦੇ ਦੋਸ਼ ਵਿਚ ਆਪਣੇ ਦੋ ਸਾਥੀਆਂ ਨਾਲ ਗ੍ਰਿਫ਼ਤਾਰ ਹੋ ਚੁੱਕਾ ਹੈ।

ਇਸ ਦੇ ਨਾਲ ਹੀ ਰਾਜਸਥਾਨ ਦੇ ਗੰਗਾਨਗਰ ਤੇ ਕੱਛ ਇਲਾਕੇ ਵਿਚ ਵੀ ਕਈ ਵਾਰ ਪੰਜਾਬੀ ਕਿਸਾਨਾਂ ਨੂੰ ਜ਼ਮੀਨਾਂ ਛੱਡ ਕੇ ਪੰਜਾਬ ਵਾਪਸ ਜਾਣ ਦੀਆਂ ਧਮਕੀਆਂ ਮਿਲਦੀਆਂ ਰਹਿੰਦੀਆਂ ਹਨ ਅਤੇ ਮੱਧ ਪ੍ਰਦੇਸ਼ ਵਿਚ ਵੀ ਪੰਜਾਬੀਆਂ ਦੇ ਘਰ ਢਾਹੇ ਗਏ ਹਨ। ਬੀਜੇਪੀ ਦੀਆਂ ਸਰਕਾਰਾਂ ਵਾਲੇ ਰਾਜਾਂ ਵਿਚ ਜੇਕਰ ਲੋਕਾਂ ਨੂੰ ਅਜਿਹੀਆਂ ਧਮਕੀਆਂ ਮਿਲਦੀਆਂ ਹਨ ਤਾਂ ਇਸ ਨੂੰ ਕੇਂਦਰ ਵਿਚ ਰਾਜ ਕਰ ਰਹੀ ਇਸ ਪਾਰਟੀ ਦੀ ਕੋਈ ਗੂੜ੍ਹੀ ਸਾਜਿਸ਼ ਵੀ ਕਿਹਾ ਜਾ ਸਕਦਾ ਹੈ ਅਤੇ ਭਵਿੱਖ ਵਿਚ ਜੇਕਰ ਕੁਝ ਅਣਸੁਖਾਵਾਂ ਵਾਪਰਦਾ ਹੈ ਤਾਂ ਦੇਸ਼ ਵਿਚ ਖ਼ਲਬਲੀ ਵਾਲੀ ਹਾਲਤ ਪੈਦਾ ਹੋ ਸਕਦੀ ਹੈ। ਇਸ ਸਮੇਂ ਪਿਛਲੇ ਲੱਗਭੱਗ ਇਕ ਸਾਲ ਤੋਂ ਚੱਲ ਰਹੇ ਦੇਸ-ਵਿਆਪੀ ਕਿਸਾਨ ਅੰਦੋਲਨ ਦੇ ਕਾਰਨ ਹਾਲਾਤ ਪਹਿਲਾਂ ਹੀ ਗੜਬੜੀ ਵਾਲੇ ਚੱਲ ਰਹੇ ਹਨ। ਮੈਘਾਲਿਆ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਦਿਆਂ ਹੋਇਆਂ ਤੁਰਤ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ ਅਤੇ ਇਸ ਗੰਭੀਰ ਮਸਲੇ ਨੂੰ ਸੁਲਝਾਉਣਾ ਚਾਹੀਦਾ ਹੈ।

-(ਸਹਿਯੋਗੀ: ਡਾ. ਸੁਖਦੇਵ ਸਿੰਘ ਝੰਡ, ਫ਼ੋਨ: 647-567-9128)

# ਏਸ਼ੀਆ ਵਿੱਚ ਇੱਕ ਸੀਤ ਜੰਗ ਦੀ ਸ਼ੁਰੂਆਤ

-ਮਨੀਸ਼ ਤਿਵਾੜੀ

ਇੱਕ ਮਹੀਨੇ ਤੋਂ ਘੱਟ ਸਮਾਂ ਪਹਿਲਾਂ ਆਸਟਰੇਲੀਆ, ਬ੍ਰਿਟੇਨ ਅਤੇ ਅਮਰੀਕਾ ਨੇ 'ਅਕੁਸ਼' ਨਾਂਅ ਦੇ ਇੱਕ ਤੀਹਰੇ ਸਮਝੌਤੇ ਦਾ ਐਲਾਨ ਕੀਤਾ ਸੀ। ਇਸ ਦੇ ਮਕਸਦਾਂ ਵਿੱਚ 2031-2040 ਦੇ ਦੌਰਾਨ ਆਸਟਰੇਲੀਆਈ ਸਮੁੰਦਰੀ ਫੌਜ ਨੂੰ ਰਵਾਇਤੀ ਹਥਿਆਰਾਂ ਦੇ ਨਾਲ ਐਟਮੀ ਸ਼ਕਤੀ ਵਾਲੀ ਪਣਡੁੱਬੀਆਂ ਨਾਲ ਲੈੱਸ ਕਰਨਾ ਸ਼ਾਮਲ ਹੈ। ਇਸ ਦਾ ਸਾਫ ਮਕਸਦ ਬਹੁਤ ਹੀ ਜ਼ਿਆਦਾ ਜੰਗ ਗ੍ਰਸਤ ਚੀਨ ਨੂੰ ਕਾਬੂ ਕਰਨਾ ਹੈ। ਹਾਲਾਂਕਿ ਸਾਰੇ ਗਲਤ ਕਾਰਨਾਂ ਨਾਲ ਇਸ ਨੇ ਫਰਾਂਸ ਨੂੰ ਅੱਗ ਬਬੂਲਾ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਫਰਾਂਸ ਦਾ ਅੱਜ ਤੱਕ ਦਾ ਸਭ ਤੋਂ ਵੱਡਾ ਸੌਦਾ, ਆਸਟਰੇਲੀਆ ਨੂੰ ਡੀਜ਼ਲ, ਊਰਜਾ ਨਾਲ ਚੱਲਣ ਵਾਲੀਆਂ ਪਣਡੁੱਬੀਆਂ ਦੀ ਸਪਲਾਈ ਦਾ 56 ਅਰਬ ਯੂਰੋ ਦਾ ਸੌਦਾ ਰੱਦ ਹੋ ਗਿਆ ਹੈ। ਫਰਾਂਸੀਸੀ ਕੰਪਨੀਆਂ ਨੂੰ ਉਤਪਾਦਨ ਦਾ ਛੋਟਾ ਜਿਹਾ ਹਿੱਸਾ ਹਾਸਲ ਹੋਵ-ੇਗਾ, ਕਿਉਂਕਿ ਰੱਦ ਹੋਈ ਫਰੈਂਕੋ-ਆਸਟਰੇਲੀਅਨ ਪਣਡੁੱਬੀ ਯੋਜਨਾ ਮੁੱਖ ਤੌਰ ਉੱਤੇ ਆਸਟਰੇਲੀਆ ਵਿੱਚ ਅੱਗੇ ਵਧੇਗੀ ਤੇ ਉਹ ਵੀ ਸਥਾਨਕ ਸਹਿਯੋਗੀਆਂ ਨਾਲ, ਜਿਵੇਂ ਲਾਕਹੀਡ ਮਾਰਟਿਨ ਆਸਟਰੇਲੀਆ। ਇਸ ਸਾਰੇ ਕਾਂਡ ਦਾ ਫਰਾਂਸ ਦੀਆਂ ਆਰਥਿਕ ਰੁਕਾਵਟਾਂ ਦੇ ਇਲਾਵਾ ਇਸ ਦੇ ਖੇਤਰ ਵਿੱਚ ਅਕਸ ਉੱਤੇ ਬਹੁਤ ਬੁਰਾ ਅਸਰ ਪਵੇਗਾ।

ਮਹੱਤਵ ਪੂਰਨ ਸਵਾਲ ਇਹ ਹੈ ਕਿ ਅਮਰੀਕਾ ਨੇ ਕਿਉਂ ਆਪਣੇ ਨਾਟੋ ਸਹਿਯੋਗੀ ਫਰਾਂਸ ਨੂੰ ਏਦਾਂ ਅਲੱਗ-ਥਲੱਗ ਕਰ ਦਿੱਤਾ? ਹੋਰ ਵੀ ਮਹੱਤਵ ਪੂਰਨ ਇਹ ਕਿ ਇਸ ਵਿੱਚ ਆਸਟਰੇਲੀਆ ਦੀ ਕੀ ਭੂਮਿਕਾ ਸੀ? ਇੱਕ ਅੰਦਾਜ਼ੇ ਅਨੁਸਾਰ ਫਰਾਂਸ ਵੱਲੋਂ 2016 ਵਿੱਚ ਸਮਝੌਤਾ ਕਰਨ ਪਿੱਛੋਂ ਯੋਜਨਾ ਉੱਤੇ 2.4 ਅਰਬ ਆਸਟਰੇਲੀਅਨ ਡਾਲਰ (1.8 ਅਰਬ ਅਮਰੀਕੀ ਡਾਲਰ) ਖਰਚ ਕੀਤੇ ਹਨ ਅਤੇ ਇਸ ਕਾਰਵਾਈ ਦੀਆਂ ਹਿੰਦ-ਪ੍ਰਸ਼ਾਂਤ ਅਤੇ ਨਾਟੋ ਦੋਵਾਂ ਉੱਤੇ ਕੀ ਰੁਕਾਵਟਾਂ ਹੋਣਗੀਆਂ? ਪਹਿਲਾਂ ਇਹ ਕਿ ਇਸ ਕਾਰਵਾਈ ਵਿੱਚ ਭੂ-ਰਣਨੀਤੀ ਬਾਰੇ ਹੱਠਪੁਣੇ ਦੀ ਕੋਈ ਥਾਂ ਨਹੀਂ ਹੈ। ਬਾਈਡੇਨ ਪ੍ਰਸ਼ਾਸਨ ਨੇ ਅਫਗਾਨਿਸਤਾਨ ਤੋਂ ਵਾਪਸੀ ਕਰ ਕੇ ਸੰਦੇਸ਼ ਦਿੱਤਾ ਹੈ ਕਿ ਉਹ ਸਿਰਫ ਆਪਣੀ ਪਹਿਲੀ ਟਰੰਪ ਸਰਕਾਰ ਵੱਲੋਂ ਕੀਤੇ ਵਾਅਦਿਆਂ ਦਾ ਮੁੱਲਾਂਕਣ ਕਰ ਰਹੀ ਹੈ, ਜਦ ਕਿ ਵਾਪਸੀ ਸਮਝੌਤੇ ਦੀਆਂ ਸ਼ਰਤਾਂ ਉੱਤੇ ਦੋਹਾ ਵਿੱਚ ਚਰਚਾ ਕੀਤੀ ਗਈ, ਪਰ ਮੇਜ਼ ਉੱਤੇ ਬਦਲ ਸੰਭਵ ਤੌਰ ਉੱਤੇ ਕਿਤੇ ਵੱਧ ਖਰਾਬ ਸਨ। ਨਵੇਂ ਹਿੰਦ ਪ੍ਰਸ਼ਾਂਤ ਰੱਖਿਆ ਸਮਝੌਤੇ ਉੱਤੇ ਗੱਲਬਾਤ ਕਰਦੇ ਹੋਏ ਬਾਇਡੇਨ ਪ੍ਰਸ਼ਾਸਨ ਸਪੱਸ਼ਟ ਸੰਕੇਤ ਦੇ ਰਿਹਾ ਹੈ ਕਿ ਜਿੱਥੇ ਟਰੰਪ ਸਿਰਫ ਬੋਲਦੇ ਅਤੇ ਗੁੱਸੇ ਦਾ ਪ੍ਰਦਰਸ਼ਨ ਕਰ ਰਹੇ ਸਨ, ਉਨ੍ਹਾਂ ਦਾ ਕੰਮ ਇੱਕੋ ਇੱਕ ਸਭ ਤੋਂ ਵੱਡੀ ਰਾਸ਼ਟਰੀ ਸੁਰੱਖਿਆ ਚੁਣੌਤੀ, ਭਾਵ ਚੀਨ ਦੇ ਵਿਰੁੱਧ ਕਾਰਵਾਈ ਸ਼ੁਰੂ ਕਰਨਾ ਹੈ।

ਆਸਟਰੇਲੀਆ ਕਈ ਕਾਰਨਾਂ ਨਾਲ ਇਸ ਕੋਸ਼ਿਸ਼ ਵਿੱਚ ਸੁਭਾਵਿਕ ਭਾਈਵਾਲ ਸੀ, ਜਿਵੇਂ ਉਹ ਐਂਗਲੋ-ਸੈਕਸ਼ਨ ਦੇਸ਼ ਹੈ: ਇੱਥੇ ਅੰਗਰੇਜ਼ੀ ਬੋਲੀ ਜਾਂਦੀ ਹੈ, ਇਹ ਫਾਈਵ-ਆਈਜ਼ ਸਮਝੌਤੇ ਦਾ ਹਿੱਸਾ ਹੈ, ਇਸ ਦਾ ਬ੍ਰਿਟੇਨ ਨਾਲ ਪ੍ਰਮੁੱਖ ਸੰਬੰਧ ਹੈ ਜਿਸ ਨਾਲ ਅਮਰੀਕਾ ਦਾ 'ਵਿਸ਼ੇਸ਼ ਸੰਬੰਧ' ਹੈ, ਇਹ ਆਕਾਰ ਵਿੱਚ ਇੱਕ ਮਹਾਦੀਪ ਹੈ ਅਤੇ ਇਸ ਤੋਂ ਵੱਧ ਕੇ ਅਮਰੀਕਾ ਦੇ ਮੁਕਾਬਲੇ ਚੀਨ ਦੇ ਨਾਲ ਇਸ ਦੀ ਉਚਿਤ ਨਜ਼ਦੀਕੀ ਹੈ ਕਿਉਂਕਿ ਇਹ ਪ੍ਰਸ਼ਾਂਤ ਮਹਾਸਾ-ਗਰ ਵਿੱਚ ਹੈ।

ਬੀਤੇ ਵਿੱਚ ਵੀ ਇਸ ਵਿਹਾਰ ਲਈ ਇੱਕ ਆਦਰਸ਼ ਹੈ, ਘੱਟੋ-ਘੱਟ ਅਮਰੀਕੀ ਨਜ਼ਰੀਏ ਤੋਂ। ਸਾਢੇ ਸੱਤ ਦਹਾਕੇ ਪਹਿਲਾਂ ਜਦੋਂ ਦੂਸਰੀ ਵਿਸ਼ਵ ਜੰਗ ਖਤਮ ਹੋਈ ਤੇ ਅਮਰੀਕਾ ਲਈ ਅਖੰਡਿਤ ਸੋਵੀਅਤ ਰੂਸ ਇੱਕ ਖਤਰਾ ਸੀ, ਇਸ ਨੇ ਇਸ ਤਰ੍ਹਾਂ ਬ੍ਰਿਟੇਨ ਨੂੰ ਐਟਮੀ ਹਥਿਆਰਾਂ ਅਤੇ ਹੋਰ ਜੰਗੀ ਸਾਮਾਨ ਦੀ ਪੇਸ਼ਕਸ਼ ਕੀਤੀ ਸੀ ਜਿਸ ਨਾਲ ਉਹ ਇੱਕ ਵਿਸ਼ੇਸ਼ ਸੰਬੰਧ ਬਣਿਆ ਜਿਸ ਦੇ ਦੁਆਲੇ ਬਾਅਦ ਵਿੱਚ ਨਾਟੋ ਦਾ ਘੇਰਾ ਬਿਣਆ। ਆਖਰ ਜੇ ਤੁਸੀਂ ਸੋਵੀਅਤ ਰੂਸ ਨਾਲ ਲੜਨਾ ਹੈ ਅਤੇ ਉਹ ਵੀ ਯੂਰਪ ਵਿੱਚ ਤਾਂ ਤੁਹਾਨੂੰ ਮਿੱਤਰਾਂ ਅਤੇ ਸਹਿਯੋਗੀਆਂ ਦੀ ਲੋੜ ਹੋਵੇਗੀ, ਜਿਨ੍ਹਾਂ ਨੂੰ ਤੁਸੀਂ ਉਨ੍ਹਾਂ ਦੀ ਜ਼ਮੀਨ ਉੱਤੇ ਉਤਸ਼ਾਹਤ ਕਰ ਸਕਦੇ ਹੋ। ਸੱਤਰ ਸਾਲ ਬਾਅਦ ਜਦੋਂ ਅਮਰੀਕਾ ਅੱਜਕੱਲ੍ਹ ਚੀਨ ਨੂੰ ਆਪਣੇ ਮੁੱਖ ਵਿਰੋਧੀ ਦੇ ਤੌਰ ਉੱਤੇ ਦੇਖਦਾ ਹੈ, ਇਸ ਨੇ ਹਿੰਦ ਪ੍ਰਸ਼ਾਂਤ ਖੇਤਰ ਵਿੱਚ ਉਹੋ ਜਿਹੀ ਯੂਰਪੀਅਨ ਪ੍ਰਤੀਕਿਰਿਆ ਕੀਤੀ ਹੈ।

ਕਿਉਂਕਿ ਵਿਚਾਰਕ ਅਤੇ ਫੌਜੀ ਚੁਣੌਤੀ ਦੇ ਤੌਰ ਉੱਤੇ ਅਖੰਡਤ ਸੋਵੀਅਤ ਰੂਸ ਦਾ ਤਿੰਨ ਦਹਾਕੇ ਪਹਿਲਾਂ ਅੰਤ ਹੋ ਗਿਆ ਸੀ ਅਤੇ ਅਮਰੀਕਾ ਲਈ ਅੱਜ ਨਾਟੋ ਪਹਿਲ ਨਹੀਂ ਰਿਹਾ। ਬੇਸ਼ੱਕ ਸੋਵੀਅਤ ਰੂਸ ਦੇ ਪ੍ਰਮੁੱਖ ਉਤਰਾਧਿਕਾਰੀ ਰੂਸ ਨੇ ਫਿਰ ਤੋਂ ਖੁਦ ਨੂੰ ਮਜ਼ਬੂਤ ਕਰ ਲਿਆ ਹੈ, ਪਰ ਅਜੇ ਵੀ ਉਹ ਆਪਣੇ ਉਨ੍ਹਾਂ ਪਹਿਲਾਂ ਵਰਗੇ ਦਿਨਾਂ ਤੋਂ ਬਹੁਤ ਦੂਰ ਹੈ।

ਇਹ ਤੀਹਰੇ ਗੱਠਜੋੜ ਦੇ ਦੋਸ਼ੀਆਂ ਪ੍ਰਸ਼ਾਂਤ ਦੀ ਸ਼ਾਂਤੀ ਅਤੇ ਸੁਰੱਖਿਆ ਉੱਤੇ ਕੀ ਅਸਰ ਹੋਣਗੇ ਅਤੇ ਇਹ ਦੇਖਦੇ ਹੋਏ ਕਿ ਇੱਕ ਏਸ਼ੀਅਨ ਨਾਟੋ ਸਿੱਧਾ ਉਸ ਦੇ ਚਿਹਰੇ ਉੱਤੇ ਘੂਰ ਰਿਹਾ ਹੈ, ਉਸ ਦੀ ਕੀ ਪ੍ਰਤੀਕਿਰਿਆ ਹੋਵੇਗਾ? ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਅਮਰੀਕਾ ਅਤੇ ਇਸ ਦੈ ਸਹਿਯੋਗੀ ਚੀਨ ਨੂੰ ਘੇਰਨ ਲਈ ਏਸ਼ੀਅਨ ਨਾਟੋ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਚੀਨ ਦੀਆਂ ਜੰਗੀ ਭਾਵਨਾਵਾਂ ਨੂੰ ਦੇਖਦੇ ਹੋਏ, ਖਾਸ ਕਰ ਕੇ ਕੋਵਿਡ-19 ਦੇ ਦੌਰਾਨ ਦੱਖਣੀ ਚੀਨ ਸਾਗਰ, ਹਾਂਗਕਾਂਗ, ਪੂਰਬੀ ਲੱਦਾਖ ਅਤੇ ਤਾਈਵਾਨ ਦੇ ਹਵਾਈ ਖੇਤਰ ਵਿੱਚ ਉਸ ਦੀ ਵਾਰ-ਵਾਰ ਘੁਸਪੈਠ ਨੂੰ ਦੇਖਦੇ ਹੋਏ ਇੰਝ ਜਾਪਦਾ ਹੈ ਕਿ ਅਮਰੀਕਾ ਨੇ ਹਥਿਆਰ ਚੁੱਕ ਲੈਣ ਦਾ ਫੈਸਲਾ ਕੀਤਾ ਹੈ। ਇਸ ਨੇ 'ਆਕੁਸ' ਰਾਹੀਂ ਏਸ਼ੀਅਨ ਨਾਟੋ ਦੇ ਐਂਗਲੋ-ਸੈਕਸਨ ਬਿਲਡਿੰਗ ਬਲਾਕਸ ਖੜ੍ਹੇ ਕੀਤੇ ਹਨ ਜਿਵੇਂ ਕਿ ਇਸ ਨੇ 1949 ਵਿੱਚ ਯੂਰਪ ਵਿੱਚ ਕੀਤਾ ਸੀ। ਏਸ਼ੀਆ ਵਿੱਚ ਇੱਕ ਨਵੀਂ ਸੀਤ ਜੰਗ ਸ਼ੁਰੂ ਹੋ ਗਈ ਹੈ।


## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :


**705-443-2556**



## ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005





- AZ Tractor trailer program
- Manual transmission & backup training everyday
- We welcome welfare workers & compensation clients

Open Seven Days


Forklift Re-Certification Only $70.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਲੋਕਾਂ ਦੇ ਲੋਕਤੰਤਰੀ ਹੱਕ ਦੀ ਅਦਾਲਤਾਂ ਤੋਂ ਗਾਰੰਟੀ ਦਾ ਫੈਸਲਾ ਅਮਲਾਂ ਨਾਲ ਹੋਊਗਾ



ਜਤਿੰਦਰ ਪੰਨੂ

ਬੀਤੀ ਤਿੰਨ ਅਕਤੂਬਰ ਤੋਂ ਅਗਲਾ ਦਿਨ, ਚਾਰ ਅਕਤੂਬਰ, ਮੇਰੇ ਇਸ ਵਿਸ਼ਵਾਸ ਨੂੰ ਇੱਕ ਵਾਰ ਹੋਰ ਸੱਟ ਮਾਰਨ ਵਾਲਾ ਸੀ ਕਿ ਨਿਆਂ ਪਾਲਿਕਾ ਲੋਕਾਂ ਨੂੰ ਨਿਆਂ ਦੇਣ ਲਈ ਹੁੰਦੀ ਹੈ। ਮੇਰੇ ਇਸ ਵਿਸ਼ਵਾਸ ਨੂੰ ਪਹਿਲਾਂ ਵੀ ਕਈ ਵਾਰ ਏਹੋ ਜਿਹੀ ਸੱਟ ਵੱਜ ਚੁੱਕੀ ਸੀ, ਇਸ ਵਾਰੀ ਇਹ ਸੱਟ ਲਖੀਮਪੁਰ ਖੀਰੀ ਵਿੱਚ ਹੋਈ ਖੂਨੀ ਘਟਨਾ ਦੇ ਅਗਲੇ ਦਿਨ ਭਾਰਤ ਦੀ ਸਭ ਤੋਂ ਵੱਡੀ ਅਦਾਲਤ, ਸੁਪਰੀਮ ਕੋਰਟ, ਦੇ ਜੱਜਾਂ ਦੀ ਸ਼ਬਦਾਵਲੀ ਨਾਲ ਵੱਜੀ ਸੀ। ਭਾਰਤ ਸਰਕਾਰ ਵੱਲੋਂ ਪਿਛਲੇ ਸਾਲ ਧੱਕੇ ਨਾਲ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨ ਆਪਣੀ ਫਸਲ ਅਤੇ ਅਗਲੀ ਨਸਲ ਦੇ ਲਈ ਪਿਛਲੇ ਸਾਢੇ ਬਾਰਾਂ ਮਹੀਨਿਆਂ ਤੋਂ ਪਹਿਲਾਂ ਪੰਜਾਬ ਵਿੱਚ ਸੜਕਾਂ ਉੱਤੇ ਡੇਰੇ ਲਾਈ ਬੈਠੇ ਸਨ, ਫਿਰ ਨਵੰਬਰ ਵਿੱਚ ਭਾਰਤ ਦੀ ਰਾਜਧਾਨੀ ਦਿੱਲੀ ਦੇ ਬਾਰਡਰਾਂ ਉੱਤੇ ਜਾ ਕੇ ਬਹਿਣਾ ਪੈ ਗਿਆ ਸੀ। ਇਸ ਮੁੱਦੇ ਨੂੰ ਲੈ ਕੇ ਸੁਪਰੀਮ ਕੋਰਟ ਦੇ ਜੱਜਾਂ ਨੇ ਇੱਕ ਬੀਬੀ ਅਤੇ ਇੱਕ ਆਪਣੇ ਆਪ ਨੂੰ ਕਿਸਾਨ ਆਗੂ ਬਣਾਈ ਫਿਰਦੇ, ਪਰ ਇਸ ਸੰਘਰਸ਼ ਤੋਂ ਬਾਹਰਲੇ ਵਿਅਕਤੀ ਦੀ ਅਰਜ਼ੀ ਉੱਤੇ ਸੁਣਵਾਈ ਛੋਹ ਰੱਖੀ ਸੀ। ਚਾਰ ਅਕਤੂਬਰ ਨੂੰ ਲਖੀਮਪੁਰ ਖੀਰੀ ਦੀ ਘਟਨਾ ਦੀ ਖਬਰ ਸਾਹਮਣੇ ਪਈ ਸੀ। ਇਸ ਦਾ ਜ਼ਿਕਰ ਕਰ ਕੇ ਸੁਪਰੀਮ ਕੋਰਟ ਦੇ ਜੱਜਾਂ ਨੇ ਇਹ ਗੁੱਸਾ ਝਾੜ ਦਿੱਤਾ ਕਿ ਏਦਾਂ ਕੋਈ ਘਟਨਾ ਵਾਪਰ ਜਾਵੇ ਤਾਂ ਕੋਈ ਜ਼ਿਮੇਵਾਰੀ ਨਹੀਂ ਲੈਂਦਾ ਤੇ ਸੜਕਾਂ ਰੋਕ ਕੇ ਪ੍ਰਦਰਸ਼ਨ ਕਰਨ ਦਾ ਹੱਕ ਸਾਰੇ ਮੰਗੀ ਜਾਂਦੇ ਹਨ। ਜੱਜਾਂ ਨੇ ਇਹ ਗੱਲ ਵੀ ਆਖੀ ਕਿ ਸਾਡੇ ਅੱਗੇ ਸਵਾਲ ਹੈ ਕਿ ਲੋਕਤੰਤਰ ਵਿੱਚ ਵਿਰੋਧ ਪ੍ਰਦਰਸ਼ਨ ਦਾ ਅਧਿਕਾਰ ਪੂਰਨ ਅਧਿਕਾਰ ਹੈ? ਇਹੀ ਨਹੀਂ, ਅਗਲੀ ਗੱਲ ਇਹ ਵੀ ਕਹੀ ਕਿ ਜਦੋਂ ਮੁੱਦਾ ਅਦਾਲਤ ਦੇ ਵਿਚਾਰ ਅਧੀਨ ਹੈ ਤਾਂ ਸੜਕਾਂ ਰੋਕ ਕੇ ਪ੍ਰਦਰਸ਼ਨ ਦਾ ਕੀ ਅਰਥ ਰਹਿ ਜਾਂਦਾ ਹੈ? ਭਾਰਤ ਦੇ ਬਚੇ-ਖੁਚੇ ਲੋਕਤੰਤਰ ਦੀ ਸਭ ਤੋਂ ਵੱਡੀ ਅਦਾਲਤ ਦੇ ਜੱਜਾਂ ਵੱਲੋਂ ਉਠਾਏ ਇਸ ਸਵਾਲ ਨੇ ਸਾਡੇ ਸਾਹਮਣੇ ਵੀ ਕਈ ਸਵਾਲ ਖੜੇ ਕਰ ਦਿੱਤੇ ਹਨ, ਜਿਨ੍ਹਾਂ ਦਾ ਜਵਾਬ ਸਾਨੂੰ ਲੋਕਤੰਤਰ ਤੋਂ ਚਾਹੀਦਾ ਹੈ।

ਪਹਿਲੀ ਗੱਲ ਤਾਂ ਇਹ ਕਿ ਕਿਸਾਨਾਂ ਨੇ ਦਿੱਲੀ ਦੀਆਂ ਸੜਕਾਂ ਨਹੀਂ ਰੋਕੀਆਂ, ਇਹ ਉਨ੍ਹਾਂ ਬਾਰੇ ਝੂਠੀ ਕਥਾ ਪ੍ਰਚਾਰੀ ਜਾਂਦੀ ਹੈ। ਉਹ ਸਿਰਫ ਦੋ ਦਿਨ ਆਪਣੇ ਦੇਸ਼ ਦੀ ਰਾਜਧਾਨੀ ਵਿੱਚ ਰੋਸ ਪ੍ਰਦਰਸ਼ਨ ਕਰਨ ਚੱਲੇ ਸਨ ਤੇ ਕਰੋੜਾਂ ਰੁਪਏ ਦੀ ਲਾਗਤ ਨਾਲ ਬਣਾਏ ਗਏ ਹਾਈਵੇਜ਼ ਨੂੰ ਰੋਕਣ ਦੀ ਕਰਤੂਤ ਦਿੱਲੀ ਦੀ ਪੁਲਸ ਨੇ ਕੇਂਦਰੀ ਹਾਕਮਾਂ ਦੇ ਕਹਿਣ ਉੱਤੇ ਕੀਤੀ ਸੀ, ਕਿਸਾਨਾਂ ਨੇ ਤਾਂ ਸੜਕਾਂ ਰੋਕੀਆਂ ਹੀ ਨਹੀਂ ਸਨ। ਕੋਈ ਬੀਬੀ ਜਾਂ ਕੋਈ ਇੱਕ ਬੰਦਾ ਖੜਾ ਕਰ ਕੇ ਉਸ ਕੋਲੋਂ ਅਦਾਲਤ ਵਿੱਚ ਅਰਜ਼ੀ ਪੇਸ਼ ਕਰਵਾ ਕੇ ਜੱਜਾਂ ਤੋਂ ਕਿਸਾਨਾਂ ਦੇ ਖਿਲਾਫ ਹੁਕਮ ਪਾਸ ਕਰਾਉਣ ਦੇ ਯਤਨਾਂ ਦਾ ਸਭ ਲੋਕਾਂ ਨੂੰ ਪਤਾ ਹੈ, ਪਰ ਜੇ ਜੱਜ ਸਾਹਿਬਾਨ ਨੂੰ ਇਸ ਦਾ ਪਤਾ ਨਹੀਂ ਲੱਗਦਾ ਤਾਂ ਕਿਸਾਨਾਂ ਦਾ ਕੋਈ ਕਸੂਰ ਨਹੀਂ। ਲੋਕਤੰਤਰ ਦੇ ਇਸ ਦੌਰ ਦੇ ਹਾਕਮਾਂ ਨੇ ਕਿਸਾਨਾਂ ਦਾ ਗਲ਼ ਘੁੱਟਣ ਵਾਲੇ ਤਿੰਨ ਕਾਨੂੰਨ ਪਾਸ ਕੀਤੇ ਤਾਂ ਕਿਸਾਨਾਂ ਨੂੰ ਉਨ੍ਹਾਂ ਵਿਰੁੱਧ ਅਤੇ ਆਪਣੇ ਦੇਸ਼ ਦੇ ਇਹੋ ਜਿਹੇ ਹਾਕਮਾਂ ਵਿਰੁੱਧ ਲੋਕਤੰਤਰੀ ਢੰਗ ਨਾਲ ਪ੍ਰਦਰਸ਼ਨ ਦਾ ਪੂਰਾ ਅਧਿਕਾਰ ਹੈ। ਇਹ ਕਾਨੂੰਨ ਅਦਾਲਤਾਂ ਦੇ ਬਣਾਏ ਹੋਏ ਨਹੀਂ, ਸਰਕਾਰ ਨੇ ਬਣਾਏ ਹਨ ਅਤੇ ਲੜਾਈ ਵੀ ਸਰਕਾਰ ਤੇ ਕਿਸਾਨਾਂ ਵਿਚਾਲੇ ਦੀ ਹੈ, ਅਦਾਲਤ ਦਾ ਦਖਲ ਇਸ ਵਿੱਚ ਕੋਈ ਨਹੀਂ ਬਣਦਾ, ਲੋਕਤੰਤਰੀ ਸੰਘਰਸ਼ ਵਿੱਚ ਅਦਾਲਤ ਨੂੰ ਲਿਆਉਣਾ ਹੀ ਨਹੀਂ ਸੀ ਚਾਹੀਦਾ।

ਦੂਸਰੀ ਗੱਲ ਇਹ ਕਿ ਜਦੋਂ ਅਦਾਲਤ ਨੇ ਇਸ ਵਿੱਚ ਦਖਲ ਦੇਣ ਦੀ ਪਹਿਲ ਕੀਤੀ, ਉਹ ਕਿਸਾਨਾਂ ਦਾ ਮਨ ਖੱਟਾ ਕਰਨ ਵਾਲੀ ਸੀ। ਭਾਰਤ ਦੀ ਸੁਪਰੀਮ ਕੋਰਟ ਨੇ ਬੀਤੀ ਬਾਰਾਂ ਜਨਵਰੀ ਦੇ ਦਿਨ ਚਾਰ ਮੈਂਬਰਾਂ ਦੀ ਇੱਕ ਕਮੇਟੀ ਬਣਾ ਕੇ ਇਨ੍ਹਾਂ ਕਾਨੂੰਨਾਂ ਬਾਰੇ ਰਾਏ ਦੇਣ ਲਈ ਕਹਿ ਦਿੱਤਾ, ਪਰ ਜੱਜ ਸਾਹਿਬਾਨ ਨੇ ਕਮੇਟੀ ਵਿੱਚ ਸਾਰੇ ਚਾਰ ਜਣੇ ਉਹ ਹੀ ਸ਼ਾਮਲ ਕੀਤੇ, ਜਿਹੜੇ ਕਾਨੂੰਨ ਪਾਸ ਹੋਣ ਤੋਂ ਪਹਿਲਾਂ ਦੇ ਨਰਿੰਦਰ ਮੋਦੀ ਸਰਕਾਰ ਦੇ ਹੱਕ ਵਿੱਚ ਬੋਲਦੇ ਰਹੇ ਸਨ ਅਤੇ ਜਿਨ੍ਹਾਂ ਦੀ ਸਰਕਾਰ-ਪ੍ਰਸਤੀ ਕਾਰਨ ਉਨ੍ਹਾਂ ਨੂੰ ਕੋਈ ਕਿਸਾਨ ਮਾਨਤਾ ਨਹੀਂ ਦੇ ਸਕਦਾ। ਇਨ੍ਹਾਂ ਵਿੱਚੋਂ ਪੰਜਾਬ ਵਾਲਾ ਤਾਂ ਨਿਖੇਧੀ ਹੁੰਦੀ ਵੇਖ ਕੇ ਪਹਿਲੀ ਸ਼ਾਮ ਨੂੰ ਹੀ ਨਾਂਅ ਵਾਪਸ ਲੈ ਗਿਆ, ਬਾਕੀ ਤਿੰਨ ਜਣੇ ਕਦੇ ਕਿਸਾਨ ਸੰਗਠਨਾਂ ਨੇ ਮਾਹਰ ਨਹੀਂ ਮੰਨੇ ਤਾਂ ਸਾਫ ਹੈ ਕਿ ਅਦਾਲਤ ਨੇ ਕਮੇਟੀ ਬਣਾ ਕੇ ਠੀਕ ਨਹੀਂ ਸੀ ਕੀਤਾ। ਅਦਾਲਤ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ, ਪਰ ਸਤਿਕਾਰ ਕਹਿਣ ਨਾਲ ਨਹੀਂ ਹੋਇਆ ਕਰਦਾ, ਇਸ ਦੇ ਲਈ ਇਨਸਾਫ-ਪਸੰਦੀ ਨਜ਼ਰ ਆਉਣੀ ਚਾਹੀਦੀ ਹੈ।

ਤਾਜ਼ਾ ਮੁੱਦਾ ਲਖੀਮਪੁਰ ਖੀਰੀ ਦਾ ਸੀ, ਜਿਸ ਬਾਰੇ ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਨੇ ਕਿਸਾਨ ਸੰਗਠਨਾਂ ਵੱਲੋਂ ਰੋਸ ਪ੍ਰਦਰਸ਼ਨ ਕਰਨ ਦੇ ਅਧਿਕਾਰ ਬਾਰੇ ਵੀ ਕਹਿ ਦਿੱਤਾ ਕਿ ਲੋਕਤੰਤਰ ਵਿੱਚ ਇਹ ਪੂਰਨ ਅਧਿਕਾਰ ਹੋਣਾ ਚਾਹੀਦਾ ਹੈ ਕਿ ਨਹੀਂ। ਉਨ੍ਹਾਂ ਨੇ ਮੀਡੀਏ ਵਿੱਚ ਆ ਚੁੱਕੀ ਇਹ ਸੱਚਾਈ ਗੌਲਣ ਦੀ ਲੋੜ ਨਹੀਂ ਸਮਝੀ ਕਿ ਸੱਤਾ ਦੇ ਨਸ਼ੇ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਨੇ ਗੱਲਾਂ ਕਰਦੇ ਲੋਕਾਂ ਦੀ ਪਿੱਠ ਵਿੱਚ ਜੀਪ ਮਾਰੀ ਤੇ ਉਨ੍ਹਾਂ ਨੂੰ ਕੁਚਲ ਕੇ ਨਿਕਲ ਗਿਆ ਸੀ। ਜਦੋਂ ਸਾਰਾ 'ਲੋਕਤੰਤਰੀ ਪ੍ਰਬੰਧ' ਆਪਣੇ ਕੇਂਦਰੀ ਮੰਤਰੀ ਦੇ ਕਾਤਲ ਪੁੱਤਰ ਨੂੰ ਬਚਾਉਣ ਰੁੱਝਾ ਸੀ ਤਾਂ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਦੇ ਜੱਜ ਸਾਹਿਬਾਨ ਨੇ ਅਪਰਾਧ ਦਾ ਨੋਟਿਸ ਲੈਣ ਦੀ ਥਾਂ ਕਿਸਾਨਾਂ ਨੂੰ ਰੋਸ ਪ੍ਰਦਰਸ਼ਨ ਦਾ ਅਧਿਕਾਰ ਹੋਣ ਜਾਂ ਨਾ ਹੋਣ ਦੀ ਬਹਿਸ ਛੇੜਨ ਦਾ ਯਤਨ ਕੀਤਾ ਹੈ। ਉਨ੍ਹਾਂ ਦੇ ਇਸ ਯਤਨ ਨੇ ਭਾਰਤ ਦੇ ਲੋਕਾਂ ਨੂੰ ਬਹੁਤ ਕੁਝ ਏਹੋ ਜਿਹਾ ਹੋਰ ਚੇਤੇ ਕਰਵਾ ਦਿੱਤਾ, ਜਿਹੜਾ ਕਈ ਵਾਰੀ ਚਰਚਾ ਵਿੱਚ ਆ ਚੁੱਕਾ ਸੀ ਅਤੇ ਅਸੀਂ ਮੁੜ-ਮੁੜ ਉਸ ਬਾਰੇ ਚਰਚਾ ਨਹੀਂ ਸੀ ਕਰਨੀ ਚਾਹੁੰਦੇ। ਮਾਣਯੋਗ ਜੱਜ ਸਾਹਿਬਾਨ ਦੇ ਮਾਣਯੋਗ ਵਿਹਾਰ ਦੀਆਂ ਕਈ ਕਹਾਣੀਆਂ ਲੋਕਾਂ ਸਾਹਮਣੇ ਇਸ ਲਈ ਆਉਣੀਆਂ ਚਾਹੀਦੀਆਂ ਹਨ ਕਿ ਉਨ੍ਹਾਂ ਨੂੰ ਲੋਕਤੰਤਰ ਦੇ ਅਦਾਲਤੀ ਪ੍ਰਬੰਧ ਦੀ ਤਸਵੀਰ ਵੀ ਪਤਾ ਲੱਗਦੀ ਰਹੇ।

ਅਸੀਂ ਇੱਕ ਸਵਾਲ ਦਾ ਜਵਾਬ ਅੱਜ ਤੱਕ ਨਹੀਂ ਲੱਭ ਸਕੇ ਕਿ ਇਸੇ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਨੇ ਇੱਕ ਵਾਰੀ ਆਪਣੇ ਚੀਫ ਜਸਟਿਸ ਦੇ ਖਿਲਾਫ ਖੁੱਲ੍ਹੀ ਪ੍ਰੈੱਸ ਕਾਨਫਰੰਸ ਕਰ ਕੇ ਉਸ ਉੱਤੇ ਪੱਖਪਾਤ ਦੇ ਦੋਸ਼ ਲਾਏ ਸਨ ਅਤੇ ਕਿਹਾ ਸੀ ਕਿ ਉਸ ਦੇ ਵਿਹਾਰ ਨਾਲ ਲੋਕਤੰਤਰ ਨੂੰ ਖਤਰਾ ਹੈ, ਉਨ੍ਹਾਂ ਦੋਸ਼ਾਂ ਦਾ ਫਿਰ ਕੀ ਬਣਿਆ? ਉਨ੍ਹਾਂ ਚਾਰ ਜੱਜਾਂ ਵਿੱਚੋਂ ਸਭ ਤੋਂ ਵੱਧ ਕੌੜਾ ਬੋਲਣ ਵਾਲੇ ਜੱਜ ਨੂੰ ਫਿਰ ਚੀਫ ਜਸਟਿਸ ਵਾਲੀ ਕੁਰਸੀ ਮਿਲ ਗਈ ਤਾਂ ਉਸ ਉੱਤੇ ਕਈ ਦੋਸ਼ ਲੱਗ ਗਏ, ਜਿਨ੍ਹਾਂ ਦੀ ਚਰਚਾ ਦੌਰਾਨ ਉਸ ਦਾ ਵਿਹਾਰ ਭਾਰਤੀ ਲੋਕਤੰਤਰ ਨੂੰ ਇਸ ਵਕਤ ਚਲਾ ਰਹੀ ਸਰਕਾਰ ਦੇ ਬਾਰੇ ਅਚਾਨਕ ਬਦਲ ਗਿਆ। ਇਸ ਦਾ ਕਾਰਨ ਕੀ ਸੀ, ਇਸ ਸਵਾਲ ਦਾ ਜਵਾਬ ਕਦੇ ਨਹੀਂ ਮਿਲਿਆ। ਜਦੋਂ ਚੀਫ ਜਸਟਿਸ ਵਜੋਂ ਉਹ ਸਾਹਿਬ ਰਿਟਾਇਰ ਹੋਏ ਤਾਂ ਉਨ੍ਹਾਂ ਨੂੰ ਜਿਸ ਤਰ੍ਹਾਂ ਰਾਜ ਸਭਾ ਮੈਂਬਰੀ ਤੋਹਫੇ ਵਜੋਂ ਪੇਸ਼ ਕੀਤੀ ਗਈ ਤੇ ਉਸ ਨੇ ਜਿੰਦਾਂ ਦੀ ਚਰਚਾ ਛੇੜੀ, ਉਸ ਨਾਲ ਪੈਦਾ ਹੋਏ ਸਵਾਲਾਂ ਦਾ ਜਵਾਬ ਵੀ ਕਦੀ ਨਹੀਂ ਮਿਲਿਆ। ਉਸ ਤੋਂ ਪਹਿਲੇ ਇੱਕ ਜੱਜ ਸਾਹਿਬਾਨ ਬਾਰੇ ਵੀ ਨਾਲ ਹੀ ਚਰਚਾ ਚੱਲ ਪਈ, ਜਿਨ੍ਹਾਂ ਵਿੱਚੋਂ ਇੱਕ ਜੱਜ ਭੋਪਾਲ ਗੈਸ ਕਾਂਡ ਦੇ ਹਜ਼ਾਰਾਂ ਲੋਕਾਂ ਦੀ ਮੌਤ ਨੂੰ ਟਰੱਕ ਹਾਦਸੇ ਦੇ ਬਰਾਬਰ ਤੋਲ ਕੇ ਉਸ ਕੰਪਨੀ ਨੂੰ ਖੁਸ਼ ਕਰਨ ਪਿੱਛੋਂ ਦੋਸ਼ੀ ਕੰਪਨੀ ਦੇ ਬਣਾਏ ਪੰਜ-ਤਾਰਾ ਹਸਪਤਾਲ ਦਾ ਮੁਖੀ ਜਾ ਬਣਿਆ ਅਤੇ ਸਾਰੀ ਉਮਰ ਲਈ ਸੁਪਰੀਮ ਕੋਰਟ ਦੇ ਜੱਜ ਜਿੰਨੀ ਤਨਖਾਹ ਮਿਲਣ ਲੱਗ ਪਈ ਸੀ। ਉਸ ਦੇ ਖਿਲਾਫ ਦੇਸ਼ ਵਿੱਚ ਬਦਨਾਮੀ ਦੀ ਲਹਿਰ ਚੱਲੀ ਤਾਂ ਉਸ 'ਮਾਣਯੋਗ ਜੱਜ' ਨੂੰ ਅਸਤੀਫਾ ਦੇਣਾ ਪੈ ਗਿਆ ਸੀ।

ਜਿਵੇਂ ਇਹ ਹਫਤਾ ਸੁਪਰੀਮ ਕੋਰਟ ਵਿੱਚ ਸਾਡੇ ਵਿਸ਼ਵਾਸ ਨੂੰ ਸੱਟ ਮਾਰਨ ਨਾਲ ਸ਼ੁਰੂ ਹੋਇਆ ਸੀ, ਸ਼ੁਕਰ ਹੈ ਕਿ ਹਫਤੇ ਦੇ ਅੰਤ ਵਿੱਚ ਸੁਪਰੀਮ ਕੋਰਟ ਦੇ ਮੌਜੂਦਾ ਚੀਫ ਜਸਟਿਸ ਨੇ ਜਿਵੇਂ ਲਖੀਮਪੁਰ ਖੀਰੀ ਦਾ ਕੇਸ ਆਪਣੇ ਹੱਥ ਲਿਆ ਤੇ ਦੋਸ਼ੀ ਧਿਰ ਦੇ ਨਾਲ ਕੇਂਦਰ ਦੀ ਸਰਕਾਰ ਨੂੰ ਖੂੰਜੇ ਲਾਇਆ, ਉਸ ਨੇ ਕੁਝ ਹੌਸਲਾ ਬੰਨ੍ਹਾਇਆ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਨੂੰ ਬਚਾਉਣ ਦੇ ਯਤਨਾਂ ਨੂੰ ਬਹੁਤ ਤਿੱਖੀ ਭਾਸ਼ਾ ਵਿੱਚ ਰੱਦ ਕਰ ਕੇ ਕਾਰਵਾਈ ਲਈ ਮਜਬੂਰ ਕੀਤਾ, ਜਿਸ ਨੂੰ ਲੋਕਾਂ ਨੇ ਚੰਗਾ ਸਮਝਿਆ। ਇਸ ਨਾਲ ਜਿਹੜਾ ਪ੍ਰਭਾਵ ਲੋਕਾਂ ਵਿੱਚ ਵੇਖਿਆ ਗਿਆ, ਉਹ ਸਥਾਈ ਨਹੀਂ ਸਮਝਣਾ ਚਾਹੀਦਾ, ਲੋਕਾਂ ਦਾ ਮਨ ਅਦਾਲਤਾਂ ਦੇ ਵਿਹਾਰ ਕਾਰਨ ਅਜੇ ਡਾਵਾਂਡੋਲ ਹੈ ਅਤੇ ਉਹ ਛੇਤੀ ਕੀਤੇ ਇਹ ਮੰਨਣ ਲਈ ਤਿਆਰ ਨਹੀਂ ਹੋ ਰਹੇ ਕਿ ਭਾਰਤ ਦੇ ਲੋਕਤੰਤਰ ਵਿੱਚ ਨਿਆਂ ਦਾ ਆਖਰੀ ਦਰਵਾਜ਼ਾ ਸਿਆਸਤ ਦੇ ਬੇਈਮਾਨ ਧੁਰੰਤਰਾਂ ਤੋਂ ਬਚਿਆ ਰਹਿ ਗਿਆ ਹੈ। ਬੀਤੇ ਸਮੇਂ ਵਿੱਚ ਕਈ ਕੇਸਾਂ ਵਿੱਚ ਲੋਕ-ਮਨਾਂ ਨੂੰ ਸੱਟ ਲੱਗਦੀ ਰਹੀ ਹੈ, ਇਸ ਵਾਰ ਲਖੀਮਪੁਰ ਖੀਰੀ ਦੇ ਖੂਨੀ ਕਾਂਡ ਦੇ ਅਗਲੇ ਦਿਨ ਜਿਵੇਂ ਜੱਜ ਸਾਹਿਬਾਨ ਨੇ ਕਾਤਲਾਂ ਵੱਲ ਸਰਕਾਰ ਦੀ ਲਿਹਾਜਦਾਰੀ ਨੂੰ ਨਿਸ਼ਾਨਾ ਬਣਾਉਣ ਦੀ ਥਾਂ ਪ੍ਰਦਰਸ਼ਨ ਦੇ ਹੱਕ ਨੂੰ ਮੁੱਦਾ ਬਣਾਉਣ ਦੀ ਗੱਲ ਛੋਹੀ ਹੈ, ਉਸ ਦੀ ਗਹਿਰੀ ਸੱਟ ਹੈ। ਸੁਪਰੀਮ ਕੋਰਟ ਦੇ ਮੌਜੂਦਾ ਚੀਫ ਜਸਟਿਸ ਸਾਹਿਬ ਤੋਂ ਲੋਕਾਂ ਨੂੰ ਲੋਕਤੰਤਰ ਵਿੱਚ ਲੋਕਾਂ ਦੇ ਹੱਕਾਂ ਦੀ ਰਖਵਾਲੀ ਦੀ ਆਸ ਹੈ ਅਤੇ ਇਹ ਆਸ ਉਹ ਕਿਸ ਪੜਾਅ ਤੱਕ ਪੁਚਾਉਂਦੇ ਹਨ, ਇਸ ਨਾਲ ਇਸ ਦੇਸ਼ ਦੇ ਲੋਕਾਂ ਦੀ ਅਦਾਲਤਾਂ ਵੱਲ ਆਸਥਾ ਤੈਅ ਹੋਣੀ ਹੈ। ਅਸੀਂ ਭਾਰਤ ਦੇ ਲੋਕ ਉਸ ਸੰਵਿਧਾਨ ਅਧੀਨ ਇਸ ਆਸ ਨਾਲ ਬੱਝੇ ਹੋਏ ਹਾਂ, ਜਿਹੜਾ 'ਅਸੀਂ ਭਾਰਤ ਦੇ ਲੋਕ' ਵਾਲੇ ਸ਼ਬਦਾਂ ਨਾਲ ਸ਼ੁਰੂ ਹੁੰਦਾ ਅਤੇ ਲੋਕਾਂ ਨੂੰ ਉਨ੍ਹਾਂ ਦੇ ਸਾਰੇ ਲੋਕਤੰਤਰੀ ਹੱਕਾਂ ਦੀ ਗਾਰੰਟੀ ਦੇਂਦਾ ਹੈ। ਲੋਕਾਂ ਨੂੰ ਅਦਾਲਤਾਂ ਤੋਂ ਲੋਕਤੰਤਰ ਬਾਰੇ ਚੁਣੌਤੀ ਦੀ ਨਹੀਂ, ਲੋਕਤੰਤਰੀ ਹੱਕਾਂ ਦੀ ਪਹਿਰੇਦਾਰੀ ਦੀ ਆਸ ਰਹਿੰਦੀ ਹੈ, ਪਰ ਆਸ ਪੂਰੀ ਹੋਈ ਜਾਂ ਨਹੀਂ, ਇਸ ਦਾ ਫੈਸਲਾ ਅਮਲਾਂ ਨੇ ਕਰਨਾ ਹੈ।


# ਅੱਸੂ ਆਸਾਂ ਦਾ ਮਹੀਨਾ !

ਅੱਸੂ ਦੇ ਮਹੀਨੇ 'ਤੇ ਵਿਸ਼ੇਸ਼



ਅੱਸੂ ਦਾ ਮਹੀਨਾ ਗਰਮ ਤੇ ਸਰਦ 'ਚੋ ਰੁੱਤਾਂ ਦੇ ਮੇਲ ਦਾ ਸੁਹਾਵਣਾ ਮਹੀਨਾ ਮੰਨਿਆ ਜਾਂਦਾ ਹੈ। ਹਰ ਰੁੱਤ ਦੀ ਸਾਡੇ ਤੇ ਸਾਡੇ ਵਿਰਸੇ-ਵਿਰਾਸਤ ਨਾਲ ਬੜੀ ਡੂੰਘੀ ਸਾਂਝ ਹੈ। ਸਾਲ ਦਾ ਹਰ ਮਹੀਨਾ ਆਪਣੇ ਨਾਲ ਨਵੀਂ ਰੁੱਤ ਲੈ ਕੇ ਆਉਂਦਾ ਹੈ। ਹਰ ਮਹੀਨੇ, ਹਰ ਰੁੱਤ, ਆਪਣੇ ਆਪ ਵਿਚ ਖਾਸ ਹੈ। ਅੱਸੂ ਦਾ ਮਹੀਨਾ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਸਤੰਬਰ ਤੋਂ ਸ਼ੁਰੂ ਹੋ ਅੱਧ ਅਕਤੂਬਰ ਤਕ ਦਾ ਹੁੰਦਾ ਹੈ। ਅੱਸੂ ਦੇ ਮਹੀਨੇ 'ਚ ਜਿੱਥੇ ਰਾਤਾਂ ਮਿੰਨੀਆਂ-ਮਿੰਨੀਆਂ ਠੰਢੀਆਂ ਹੋਈਆਂ ਜਾਪਦੀਆਂ ਹਨ, ਉੱਥੇ ਹੀ ਦਿਨੇ ਧੁੱਪ ਹੁੰਦੀ ਹੈ। ਪ੍ਰੰਤੂ ਅੱਸੂ ਦੇ ਮਹੀਨੇ ਨਾ ਤਾਂ ਬਹੁਤੀ ਗਰਮੀ ਮਹਿਸੂਸ ਹੁੰਦੀ ਹੈ, ਤੇ ਨਾ ਹੀ ਬਹੁਤੀ ਸਰਦੀ, ਤਾਂ ਹੀ ਤਾਂ ਸਾਡੀਆਂ ਲੋਕ ਬੋਲੀਆਂ 'ਚ ਅੱਸੂ ਦੇ ਮਹੀਨੇ ਦਾ ਜਿਕਰ ਕਰਦੇ ਕਿਹਾ ਜਾਂਦਾ ਹੈ ਕਿ 'ਅੱਸੂ ਮਾਹ ਨਿਰਾਲਾ, ਦਿਹੁੰ ਧੁੱਪ ਤੇ ਰਾਤੀਂ ਪਾਲਾ' ਇਸ ਮਹੀਨੇ ਮਿੰਨੀਆਂ-ਮਿੰਨੀਆਂ ਠੰਢੀਆਂ ਰਾਤਾਂ ਸਿਆਲੂ ਰੁੱਤ ਦੇ ਆਗਾਜ਼ ਦੀ ਦਸਤਕ ਦਿੰਦੀਆਂ ਜਾਪਦੀਆਂ ਹਨ। ਇਸ ਮਹੀਨੇ ਹੋਏ ਸੁਹਾਵਣੈ ਮੌਸਮ 'ਚ ਕੁਦਰਤ ਚਹੂ ਪਾਸੀਂ ਹਰਿਆਵਲ ਬਿਖੇਰਦੀ ਨਜ਼ਰ ਆਉਂਦੀ ਹੈ। ਅੱਸੂ ਦਾ ਮਹੀਨਾ ਚੜ੍ਹਦੇ-ਚੜ੍ਹਦੇ ਤਕਰੀਬਨ ਬਰਸਾਤੀ ਮੌਸਮ ਖ਼ਤਮ 'ਹੋ ਚੁੱਕਾ ਹੁੰਦਾ ਹੈ। ਪ੍ਰੰਤੂ ਜੇ ਕਿਧਰੋਂ ਅਸਮਾਨ 'ਚ ਬੱਦਲੀ 'ਆ ਜਾਵੇ ਕਿਸਾਨਾਂ ਦੇ ਸਾਹ-ਸੂਤੇ ਜਾਂਦੇ ਹਨ, ਕਿਉਂ ਕਿ ਅੱਸੂ ਦੇ ਮਹੀਨੇ 'ਚ ਫਸਲਾ ਭਰ-ਜੋਬਨ ਤੇ ਹੁੰਦੀਆਂ ਹਨ ਤੇ ਹਰੀ ਤੋਂ ਸੁਨਿਹਰੀ ਹੁੰਦੇ ਜੀਰੀ ਦੇ ਸਿੱਟੇ ਵਾਤਾਵਰਣ 'ਚ ਆਪਣਾ ਅਲੱਗ ਹੀ ਸੁਨਿਹਰੀ ਦਰਿਸ਼ ਪੇਸ਼ ਕਰਦੇ ਨਜ਼ਰੀ ਪੈਂਦੇ ਹਨ, ਨਾਲ ਹੀ ਸ਼ੁਰੂ ਹੋ ਜਾਂਦੇ ਨੇ ਅੱਸੂ ਦੇ ਮਹੀਨੇ 'ਚ ਤਿਉਹਾਰ ਉਜ ਤਾਂ ਸਾਡੇ ਪੰਜਾਬੀ ਸੱਭਿਆਚਾਰ 'ਚ ਸਾਰਾ ਸਾਲ ਹੀ ਕੋਈ ਨਾ ਕੋਈ ਤਿੱਥ, ਤਿਉਹਾਰਾਂ ਅਤੇ ਮੇਲੇ ਆਉਂਦੇ ਰਹਿੰਦੇ ਹਨ ਪ੍ਰੰਤੂ ਅੱਸੂ ਦਾ ਮਹੀਨਾ ਚੜ੍ਹਦੇ ਹੀ ਸਾਡੇ ਸਿਆਲੂ ਰੁੱਤ ਦੇ ਤਿੱਥ -ਤਿਉਹਾਰਾਂ ਦਾ ਆਗਾਜ਼ 'ਹੋ ਜਾਂਦਾ ਹੈ। ਕਈ ਵਾਰ ਸਾਡੀ ਅਰਥ ਹੀਣ ਹੋਈ ਜਿੰਦਗੀ ਨੂੰ ਇਨ੍ਹਾਂ ਮਹੀਨਿਆਂ 'ਚ ਆਏ ਇਹ ਮੌਸਮ, ਇਹ ਤਿੱਥ-ਤਿਉਹਾਰਾਂ ਅਤੇ ਮੇਲੇ ਸਾਡੀ ਜਿੰਦਗੀ ਨੂੰ ਇਕ ਇਹੋ ਜਿਹਾ ਸੰਦੇਸ਼, ਇਕ ਇਹੋ ਜਿਹਾ ਹੁਲਾਰਾ ਦੇ ਜਾਂਦੇ ਹਨ ਕਿ ਸਾਡੀ ਅਰਥ ਹੀਣ ਹੋਈ ਜਿੰਦਗੀ ਅਰਥ ਭਰਭੂਰ ਹੋ ਨਿੱਬੜਦੀ ਹੈ। ਜੇ ਅੱਸੂ ਦੇ ਮਹੀਨੇ 'ਚ ਆਏ ਮੇਲਿਆਂ ਦੀ ਗੱਲ ਕਰੀਏ ਤਾਂ, 12ਵੀਂ ਸਦੀ ਦੇ ਸੂਫੀ ਸੰਤ ਬਾਬਾ ਫਰੀਦ ਜੀ ਦੀ ਯਾਦ 'ਚ ਫ਼ਰੀਦਕੋਟ (ਪੰਜਾਬ) ਦੀ ਧਰਤੀ ਤੇ ਬੜਾ ਭਾਰੀ ਮੇਲਾ ਲੱਗਦਾ ਹੈ। ਇੱਥੇ ਗੁਰੂਦਵਾਰਾ ਟਿੱਲਾ ਬਾਬਾ ਫ਼ਰੀਦ ਜੀ ਹੈ ਜਿੱਥੇ ਸੰਗਤਾਂ ਨਕ-ਮਸਤਕ ਹੁੰਦੀਆਂ ਹਨ। ਇਸੇ ਤਰਾਂ ਅੱਸੂ ਦੇ ਮਹੀਨੇ 'ਚ ਸ੍ਰੀ ਸਿੱਧ ਬਾਬਾ ਸੋਢਲ ਜੀ ਦੇ ਸਥਾਨ ਤੇ ਕਾਫ਼ੀ ਭਾਰੀ ਮੇਲਾ ਭਰਦਾ ਹੈ। ਇਹ ਸਥਾਨ ਪੰਜਾਬ ਦੇ ਸ਼ਹਿਰ ਜਲੰਧਰ ਵਿਚ ਸਤਿਥ ਹੈ। ਇਸ ਮੇਲੇ 'ਚ ਪਹੁਚੇ ਸ਼ਰਧਾਲੂ ਸ੍ਰੀ ਸਿੱਧ ਬਾਬਾ ਸੋਢਲ ਜੀ ਦੇ ਸਥਾਨ ਤੇ ਬਣੇ ਮੰਦਿਰ 'ਚ ਹਾਜ਼ਰੀ ਲਵਾਉਂਦੇ ਹਨ। ਅੱਸੂ ਦੇ ਮਹੀਨੇ ਨਾਮਧਾਰੀ ਸਿੱਖ ਸੰਗਤ ਵਲੋਂ ਸ਼੍ਰੀ ਭੈਣੀ ਸਾਹਿਬ, ਲੁਧਿਆਣਾ (ਪੰਜਾਬ) ਦੀ ਧਰਤੀ ਤੇ ਇਕ ਮੇਲੇ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਵਿਚ ਸੰਗਤਾਂ ਕੱਠੀਆਂ 'ਹੋ ਨਾਮ ਸਿਮਰਨ ਕਰਦੀਆਂ ਹਨ, ਸ਼੍ਰੀ ਭੈਣੀ ਸਾਹਿਬ ਲੱਗਣ ਵਾਲੇ ਇਸ ਮੇਲੇ ਨੂੰ 'ਅੱਸੂ ਦਾ ਮੇਲਾ' ਕਿਹਾ ਜਾਂਦਾ ਹੈ। ਇਸੇ ਤਰਾਂ ਮੇਲਾ ਛਪਾਰ ਜੋ ਕਿ ਭਾਰਤ ਦੇ ਅਲੱਗ-ਅਲੱਗ ਪ੍ਰਦੇਸ਼ 'ਚ ਲੱਗਦਾ ਹੈ, ਭਾਦੋਂ ਦੇ ਮਹੀਨੇ ਸ਼ੁਰੂ 'ਹੋ ਅੱਸੂ ਦੇ ਮਹੀਨੇ ਵਿਚ ਸਮਾਪਤ ਹੁੰਦਾ ਹੈ। ਇਹ ਮੇਲਾ ਗੁੱਗਾ ਪੀਰ ਜੀ ਦੀ ਯਾਦ ਵਿਚ ਲੱਗਦਾ ਹੈ, ਜਿਸ ਨੂੰ ਗੋਗਾ ਜੀ ਵੀ ਕਿਹਾ ਜਾਂਦਾ ਹੈ ਅਤੇ ਨਾਗ ਦੇਵਤਾ ਵਜੋਂ ਪੂਜਿਆ ਜਾਂਦਾ ਹੈ। ਇਨ੍ਹਾਂ ਮੇਲਿਆਂ ਤੋਂ ਇਲਾਵਾ ਵੀ ਅੱਸੂ ਦੇ ਮਹੀਨੇ ਕਈ ਧਾਰਮਿਕ ਇਕੱਠ ਹੁੰਦੇ ਹਨ ਜਿਵੇ: ਸ਼੍ਰੀ ਖਡੂਰ ਸਾਹਿਬ ਵਿਖੇ ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਤਾਗੱਦੀ ਦਿਵਸ ਮਨਾਇਆ ਜਾਂਦਾ ਹੈ, ਭਾਈ ਘਨੱਈਆ ਜੀ ਦੀ ਬਰਸੀ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਮਨਾਈ ਜਾਂਦੀ ਹੈ, ਸ਼੍ਰੀ ਗੋਇੰਦਵਾਲ ਸਾਹਿਬ ਦਾ ਜੋੜ ਮੇਲਾ, ਸ਼੍ਰੀ ਦੁਰਗਾ ਅਸ਼ਟਮੀ ਜੀ ਦੀ ਪੂਜਾ, ਮੇਲਾ ਜਵਾਲਾ ਮੁਖੀ ਜੀ ਤੇ ਤਾਰਾ ਦੇਵੀ ਜੀ ਹਿਮਾਚਲ ਪ੍ਰਦੇਸ਼ 'ਚ ਮਨਾਇਆ ਜਾਂਦਾ ਹੈ, ਅਤੇ ਇਸੇ ਅੱਸੂ ਦੇ ਮਹੀਨੇ ਸ਼ਰਾਧ ਸ਼ੁਰੂ ਹੋਕੇ ਖਤਮ ਹੁੰਦੇ ਹਨ, ਨੌਂ ਨਰਾਤਿਆਂ ਦਾ ਆਗਮਨ ਵੀ ਅੱਸੂ ਦੇ ਮਹੀਨੇ ਵਿੱਚ ਹੀ ਹੁੰਦਾ ਹੈ ਤੇ ਦੀਵਾਲੀ ਤੋਂ ਵੀਹ ਦਿਨ ਪਹਿਲਾਂ ਬਦੀ ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਵੀ ਇਸੇ ਅੱਸੂ ਦੇ ਮਹੀਨੇ ਵਿੱਚ ਹੀ ਆਉਂਦਾ ਹੈ। ਅੱਸੂ ਦੇ ਮਹੀਨੇ ਵਿੱਚ ਬਹੁਤ ਸਾਰੇ ਤਿਉਹਾਰਾਂ ਦੀ ਆਮਦ ਹੋਣ ਕਰਕੇ ਅੱਸੂ ਦੇ ਮਹੀਨੇ ਨੂੰ ਭਾਗਾਂ ਵਾਲਾ ਦੇਸੀ ਮਹੀਨਾ ਮੰਨਿਆ ਜਾਂਦਾ ਹੈ।

*ਅੱਸੂ ਆਸਾਂ ਦਾ ਮਹੀਨਾ ਇੰਜ ਛਤੀਦਾ*
*ਹੋ ਚੀਨਾ,*
*ਅਸੀਂ ਬਕਲੀਆਂ ਧਰੀਆਂ ਪੱਟ*
*ਚੁਪੀਆਂ ਵੀ ਚਰੀਆਂ,*
*ਸਾਡੇ ਖੇਤੀਂ ਸਿੱਟੇ ਪੱਕੇ ਤੇ ਕਪਾਹ*
*ਪਈ ਹੱਸੇ,*



ਹਰਮਨਪ੍ਰੀਤ ਸਿੰਘ
ਸਰਹਿੰਦ,
ਜ਼ਿਲ੍ਹਾ ਫ਼ਤਹਿਗੜ੍ਹ
ਸਾਹਿਬ,
9855010005

*ਮੱਕੀਆਂ ਨੇ ਕੱਢੇ ਬਾਬੂ ਹੋਇਆ ਜੋਬਨ*
*ਬੇ-ਕਾਬੂ,*
*ਹਰ ਟਾਹਣੀ ਮੂੰਹ ਚੁੱਕ ਜਿਵੇਂ ਹਰੀ*
*ਭਰੀ ਕੁੱਖ,*
ਵਾਂਗ ਫਨੀਅਰ ਮੇਲੇ ਪਏ ਘੂਕਣ ਗਲੇਲੇ। (ਗਿਆਨੀ ਗੁਰਦਿੱਤ ਸਿੰਘ)

ਅੱਸੂ ਦੇ ਮਹੀਨੇ ਨੂੰ ਆਸਾਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ, ਕਿਉ ਕਿ ਇਸ ਮਹੀਨੇ ਕਈ ਫਸਲਾ ਪੱਕ ਚੁੱਕੀਆਂ ਹੁੰਦੀਆਂ ਹਨ ਤੇ ਕਈ ਪੱਕਣ ਦੀ ਤਿਆਰੀ 'ਚ ਹੁੰਦੀਆਂ ਹਨ। ਜਿਵੇਂ ਤਿਉਹਾਰਾਂ ਦੀ ਆਮਦ ਇਸ ਮਹੀਨੇ ਹੁੰਦੀ ਹੈ, ਉਵੇਂ ਹੀ ਫ਼ਸਲ ਦੀ ਆਮਦ ਵੀ ਇਸੇ ਮਹੀਨੇ ਤੋਂ ਹੋਣੀ ਸ਼ੁਰੂ ਹੋ ਜਾਂਦੀ ਹੈ। ਅੱਸੂ ਦੇ ਮਹੀਨੇ 'ਚ ਆਈ ਫ਼ਸਲ ਦੇਖ ਕਿਸਾਨਾਂ, ਮਜਦੂਰਾਂ ਦੀਆ ਆਸਾਂ ਨੂੰ ਵੀ ਬੂਰ ਪੈਣਾ ਸ਼ੁਰੂ ਹੋ ਜਾਂਦਾ ਹੈ ਤੇ ਮਨ ਹੀ ਮਨ ਆਉਂਦੇ ਸਿਆਲ ਤੋਂ ਪਹਿਲਾਂ-ਪਹਿਲਾਂ ਘਰੇਲੂ ਕਾਰ-ਵਿਹਾਰ ਨੇਪਰੇ ਚਾੜ੍ਹਨ ਦੇ ਨਾਲ -ਨਾਲ ਅਗਲੀ ਫ਼ਸਲ ਦੀ ਬਿਜਾਈ ਦੀਆ ਵੀ ਵਿਉਂਤਾਂ ਬਣਾਉਣ ਲੱਗ ਪੈਂਦੇ ਹਨ। ਪੰਜਾਬ ਖੇਤੀ ਪ੍ਰਧਾਨ ਪ੍ਰਦੇਸ਼ ਹੋਣਾ ਕਾਰਨ ਇੱਥੇ ਵੱਸਦੇ ਕਿਸਾਨ, ਮਜਦੂਰ, ਆੜਤੀ ਅਤੇ ਕਾਰੋਬਾਰੀ ਵਪਾਰੀ ਸਭ ਖੇਤੀ ਆਮਦਨ ਤੇ ਨਿਰਭਰ ਹਨ ਜੋ ਕਿਸਾਨ ਦੇ ਖੇਤ 'ਚੋ ਹੁੰਦੀ ਹੋਈ ਪੂਰੇ ਬਜ਼ਾਰ 'ਚ ਘੁੰਮਦੀ ਹੈ। ਫ਼ਸਲੀ ਪੈਸਾ ਹੱਥ ਆਉਣਾ ਨਾਲ ਜਿੱਥੇ ਅੱਸੂ ਦੇ ਮਹੀਨੇ ਆਏ ਤਿਉਹਾਰ ਮਨਾਏ ਜਾਂਦੇ ਹਨ ਉੱਥੇ ਹੀ ਠੰਡੀ-ਮਿੱਠੀ ਰੁੱਤ ਹੋਣ ਕਾਰਨ ਵਿਆਹ, ਮੁਕਲਾਵਿਆਂ ਦੀਆਂ ਤਿਆਰੀਆਂ ਵੀ ਜ਼ੋਰ ਫੜਨ ਲੱਗਦੀਆਂ ਹਨ। ਇਕ ਲੋਕ ਗੀਤ 'ਚ ਮੁਟਿਆਰ ਆਪਣੇ ਬਾਬਲ ਨੂੰ ਇਉਂ ਕਹਿੰਦੀ ਹੈ :

*ਮੈਂ ਤੈਨੂੰ ਆਖਦੀ ਬਾਬਲਾ, ਮੇਰਾ*
*ਅੱਸੂ ਦਾ ਕਾਜ ਰਚਾ ਵੇ ਤਾਂ ।*
*ਤੇਰਾ ਅੰਨ ਨਾ ਤਰਕੇ ਕੋਠੜੀ, ਤੇਰਾ*
*ਦਹੀਂ ਨਾ ਅਮਲਾ ਜਾਵੇ ।*
*ਬਾਬਲ ਮੈਂ ਬੇਟੀ ਮੁਟਿਆਰ, ਵੇ*
*ਬਾਬਲ ਧਰਮੀ, ਮੈਂ ਬੇਟੀ ਮੁਟਿਆਰ।*

ਪੁਰਾਤਨ ਸਮਿਆਂ 'ਚ ਅੱਸੂ ਦੇ ਮਹੀਨੇ ਨੂੰ ਵਿਆਹ-ਸ਼ਾਦੀਆਂ ਲਈ ਚੰਗਾ ਸਮਝਿਆ ਜਾਂਦਾ ਸੀ, ਕਿਉਂ ਕਿ ਵਿਆਹ-ਸ਼ਾਦੀਆਂ ਲਈ ਬਣੀਆ ਮਠਿਆਈਆ, ਸਬਜ਼ੀਆਂ- ਭਾਜੀਆਂ ਤੇ ਦੁੱਧ,ਦਹੀ ਖ਼ਰਾਬ ਹੋਣ ਦਾ ਖ਼ਤਰਾ ਘੱਟ ਹੁੰਦਾ ਸੀ। ਉਨ੍ਹਾਂ ਸਮਿਆਂ 'ਚ ਖਾਨ-ਪੀਣ ਦਾ ਇੰਨਾ ਸਮਾਨ ਸਾਂਭ-ਸੰਭਾਲ ਲਈ ਢੁਕਵੇਂ ਸਾਧਣ ਨਹੀਂ ਸਨ ਹੁੰਦੇ, ਇਸ ਲਈ ਬਹੁਤੇ ਕਾਰ-ਵਿਹਾਰ ਮੌਸਮਾਂ ਨੂੰ ਦੇਖਕੇ ਹੀ ਕਰਨੇ ਪੈਂਦੇ ਸਨ। ਅੱਸੂ ਦੇ ਮਹੀਨੇ ਰਾਤਾਂ ਨੂੰ ਪੈਂਦੀ ਤਰੇਲ ਮੌਸਮ ਨੂੰ ਠੰਡਾ ਕਰ ਦਿੰਦੀ। ਅੱਸੂ ਮਨੁੱਖੀ ਮਨ 'ਚ ਪ੍ਰੇਮ ਪੈਦਾ ਕਰਨ ਵਾਲਾ ਮਹੀਨਾ ਮੰਨਿਆ ਜਾਂਦਾ ਹੈ। ਮਨੁੱਖੀ ਮਨ ਤੇ ਮੌਸਮਾਂ ਦਾ ਅਸਰ ਬਹੁਤ ਜਲਦੀ ਪੈਂਦਾ ਹੈ, ਅੱਸੂ ਦੇ ਮਹੀਨੇ ਠੰਡੀ-ਮਿੱਠੀ ਰੁੱਤ ਹੋਣ ਕਾਰਨ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਹੁੰਦੀ ਹੈ, ਉਹ ਮਿਲਾਪ ਦੀ ਤਾਂਘ ਦੁਨਿਆਵੀ ਰਿਸ਼ਤਿਆਂ ਤੋਂ ਇਲਾਵਾ, ਉਸ ਪ੍ਰਮੇਸ਼ਵਰ, ਉਸ ਪ੍ਰਭੂ ਪਿਆਰੇ ਦੇ ਮਿਲਾਪ ਦੀ ਤਾਂਘ ਵੀ ਹੋ ਸਕਦੀ ਹੈ। ਜਿਨ੍ਹਾਂ ਆਪਣੇ ਪੁਰਖਿਆਂ ਦੀ ਸੰਗਤ 'ਚ ਬੀਤੇ ਵੇਲਿਆਂ ਦੌਰਾਨ ਇਨ੍ਹਾਂ ਦੇਸੀ ਮਹੀਨਿਆਂ ਦਾ ਅਨੰਦ ਮਾਣਿਆ ਹੋਵੇਗਾ, ਉਹ ਅੱਜ ਆਪਣੀ ਉਮਰ ਦੇ ਇਸ ਪੜਾਅ ਤੇ ਪਹੁੰਚ ਜਰੂਰ ਮਹਿਸੂਸ ਕਰਦੇ ਹੋਣਗੇ, ਕਿ ਅਸੀਂ ਬਹੁਤ ਕੁਝ ਪਿੱਛੇ ਛੱਡ ਆਏ ਹਾਂ ਪ੍ਰੰਤੂ ਉਹ ਖੱਟੀਆਂ -ਮਿੱਠੀਆਂ ਕੀਮਤੀ ਯਾਦਾਂ ਅੱਜ ਵੀ ਨਾਲ ਹਨ।

# ਕਿਉਂ ਨਾ ਅਸੀਂ ਪਹਿਲਾਂ ਆਪਣੇ ਅੰਦਰ ਦੇ ਰਾਵਣ ਨੂੰ ਮਾਰੀਏ ?





ਹਰਪ੍ਰੀਤ ਸਿੰਘ
ਬਰਾੜ
ਮੇਨ ਏਅਰ ਫੋਰਸ
ਰੋਡ, ਬਠਿੰਡਾ

ਰਾਵਣ ਨੂੰ ਹਰਾਉਣ ਦੇ ਲਈ ਪਹਿਲਾਂ ਖੁਦ ਰਾਮ ਬਣਨਾ ਪੈਂਦਾ ਹੈ।ਵਿਜੈ ਦਸ਼ਮੀ ਯਾਨੀ ਦੁਸ਼ਹਿਰੇ ਦਾ ਦਿਨ ਬੁਰਾਈ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ।ਉਹ ਜਿੱਤ ਜੋ ਰਾਮ ਨੇ ਬੁਰਾਈ ਦੇ ਨੁੰਮਾਇੰਦੇ ਰਾਵਣ 'ਤੇ ਹਾਸਲ ਕੀਤੀ, ਉਹ ਰਾਵਣ ਜੋ ਬੁਰਾਈ ਦਾ, ਅਧਰਮ ਦਾ, ਹੰਕਾਰ ਅਤੇ ਪਾਪ ਦਾ ਪ੍ਰਤੀਕ ਹੈ।ਉਹ ਜਿੱਤ ਜਿਸ ਨੇ ਪਾਪ ਦੀ ਸਲਤਨਤ ਦਾ ਨਾਸ਼ ਕੀਤਾ ।ਪਰ ਕੀ ਬੁਰਾਈ ਹਾਰ ਗਈ? ਯੁੱਗਾਂ ਤੋਂ ਹਰੇਕ ਸਾਲ ਪੂਰੇ ਦੇਸ਼ ਵਿਚ ਰਾਵਣ ਦਾ ਪੁਤਲਾ ਸਾੜ ਕੇ ਦੁਸ਼ਹਿਰੇ ਦਾ ਤਿਓਹਾਰ ਮਨਾਇਆ ਜਾਂਦਾ ਹੈ। ਜੇਕਰ ਰਾਵਣ ਕਈ ਸਾਲ ਪਹਿਲਾਂ ਮਰ ਗਿਆ ਤਾਂ ਫਿਰ ਉਹ ਅੱਜ ਵੀ ਸਾਡੇ ਵਿਚਕਾਰ ਜਿਉਂਦਾ ਕਿਵੇਂ ਹੈ? ਜੇਕਰ ਰਾਵਣ ਦਾ ਨਾਸ਼ ਹੋ ਗਿਆ ਸੀ ਤਾਂ ਫਿਰ ਉਹ ਕੌਣ ਹੈ ਜਿਸ ਨੇ ਪਿਛੇ ਜਿਹੇ ਇਕ ਸੱਤ ਸਾਲ ਦੇ ਮਾਸੂਮ ਦੀ ਬੇਰਹਿਮੀ ਨਾਲ ਜਾਨ ਲੈਕੇ ਇਕ ਮਾਂ ਦੀ ਗੋਦ ਉਜਾੜ ਦਿੱਤੀ? ਉਹ ਕੌਣ ਹੈ ਜੋ ਆਏ ਦਿਨ ਸਾਡੀਆਂ ਬੱਚੀਆਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ। ਉਹ ਕੌਣ ਹੈ ਜੋ ਸਾਡੀਆਂ ਧੀਆਂ ਨੂੰ ਦਹੇਜ਼ ਦੇ ਲਈ ਮਾਰ ਦਿੰਦਾ ਹੈ? ਉਹ ਕੌਣ ਹੈ ਜੋ ਪੈਸੇ, ਪਹੁੰਚ ਅਤੇ ਪਹਿਚਾਣ ਦੇ ਦਮ 'ਤੇ ਕਿਸੇ ਹੋਰ ਦੇ ਹੱਕ ਨੂੰ ਮਾਰ ਕੇ ਉਸਦੀ ਥਾਂ ਨੌਕਰੀ ਲੈ ਲੈਂਦਾ ਹੈ? ਉਹ ਕੌਣ ਹੈ ਜੋ ਸਰਕਾਰੀ ਅਹੁਦੇ ਦਾ ਗਲਤ ਇਸਤੇਮਾਲ ਕਰਕੇ ਭ੍ਰਿਸ਼ਟਾਚਾਰ ਨੂੰ ਹੁੰਗਾਰਾ ਦਿੰਦਾ ਹੈ? ਉਹ ਕੌਣ ਹੈ ਜੋ ਕਿਸੇ ਦੁਰਘਟਨਾ 'ਚ ਫੱਟੜਾਂ ਦੇ ਦਰਦ ਨੂੰ ਨਜ਼ਰਅੰਦਾਜ਼ ਕਰਦੇ ਹੋਏ ਉਨ੍ਹਾਂ ਨੂੰ ਹਸਪਤਾਲ ਲਿਜਾਣ ਦੀ ਥਾਂ, ਘਟਨਾ ਦੀ ਵੀਡੀਓ ਬਣਾਉਣਾ ਜਿਆਦਾ ਜਰੂਰੀ ਸਮਝਦਾ ਹੈ? ਇਕ ਰਾਵਣ ਉਹ ਸੀ ਜਿਸ ਨੇ ਕੜੀ ਤਪੱਸਿਆ ਕਰਕੇ ਪ੍ਰਮਾਤਮਾ ਤੋਂ ਸ਼ਕਤੀਆਂ ਹਾਸਲ ਕੀਤੀਆਂ ਅਤੇ ਇਨ੍ਹਾਂ ਸ਼ਕਤੀਆਂ ਦੇ ਗਲਤ ਇਸਤੇਮਾਲ ਨਾਲ ਆਪਣੀ ਪਾਪ ਦੀ ਲੰਕਾ ਖੜੀ ਕੀਤੀ।ਅਤੇ ਇਕ ਅੱਜ ਦਾ ਰਾਵਣ ਹੈ ਜੋ ਪੈਸੇ, ਅਹੁਦੇ, ਸਰਕਾਰੀ ਵਰਦੀ ਰੂਪੀ ਸ਼ਕਤੀਆਂ ਨੂੰ ਹਾਸਲ ਕਰਕੇ ਉਨ੍ਹਾਂ ਦੇ ਗਲਤ ਇਸਤੇਮਾਲ ਨਾਲ ਪੂਰੇ ਸਮਾਜ ਨੂੰ ਹੀ ਪਾਪ ਦੀ ਲੰਕਾ ਵਿਚ ਬਦਲ ਰਿਹਾ ਹੈ।

ਕੀ ਇਹ ਰਾਵਣ ਨਹੀਂ ਹੈ ਜੋ ਅੱਜ ਵੀ ਸਾਡੇ ਹੀ ਅੰਦਰ ਸਾਰੇ ਸਮਾਜ 'ਚ ਜਿਉਂਦਾ ਹੈ? ਅਸੀਂ ਬਾਹਰ ਉਸਦਾ ਪੁਤਲਾ ਸਾੜਦੇ ਹਾਂ ਪਰ ਆਪਣੇ ਅੰਦਰ ਉਸ ਨੂੰ ਪਾਲਦੇ ਵੀ ਹਾਂ। ਸਿਰਫ ਉਸਨੂੰ ਪਾਲਦੇ ਹੀ ਨਹੀਂ ਸਗੋਂ ਅੱਜ ਕੱਲ ਤਾਂ ਸਾਨੂੰ ਰਾਮ ਤੋਂ ਜਿਆਦਾ ਰਾਵਣ ਆਪਣੇ ਵੱਲ ਖਿੱਚਣ ਲੱਗ ਗਿਆ ਹੈ।ਸਾਡੇ ਸਮਾਜ ਵਿਚ ਅੱਜ ਰਾਮ ਦੀ ਥਾਂ ਰਾਵਣ ਦੀ ਸੰਗਿਆ ਜਿਆਦਾ ਸਟੀਕ ਬੈਠ ਰਹੀ ਹੈ।ਕਿਸੇ ਸਾਜ਼ਿਸ਼ ਦੇ ਅਧੀਨ ਸਾਡੇ ਸਮਾਜ ਦੀਆਂ ਨੈਤਿਕ ਅਤੇ ਸਮਾਜਕ ਕਦਰਾਂ -ਕੀਮਤਾਂ ਦੀ ਮੂਲ ਵਿਚਾਰਧਾਰਾ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਬਦਣਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਬੁਰਾਈ,ਹੰਕਾਰ,ਅਧਰਮ ਦਾ ਪ੍ਰਤੀਕ ਰਾਵਣ ਅੱਜ ਤੱਕ ਇਸ ਲਈ ਜਿਉਂਦਾ ਹੈ,ਕਿਉਂਕਿ ਅਸੀਂ ਉਸ ਨੂੰ ਸਾੜਣ ਦੀ ਥਾਂ ,ਉਸਦੇ ਪ੍ਰਤੀਕ ਸਿਰਫ ਇਕ ਪੁਤਲੇ ਨੂੰ ਸਾੜਦੇ ਹਾਂ।ਹਾਲਾਂਕਿ ਜੇਕਰ ਅਸੀਂ ਰਾਵਣ ਦਾ ਵਾਕਈ ਨਾਸ਼ ਕਰਨਾ ਹੈ ਤਾਂ ਸਾਨੂੰ ਪੁਤਲੇ ਦੀ ਥਾਂ ਰਾਵਣ ਨੂੰ ਹੀ ਸਾੜਨਾ ਪਵੇਗਾ।

ਉਹ ਰਾਵਣ ਜੋ ਸਾਡੇ ਹੀ ਅੰਦਰ ਹੈ ਲਾਲਚ ਦੇ ਰੂਪ 'ਚ, ਝੂਠ ਬੋਲਣ ਦੀ ਆਦਤ ਦੇ ਰੂਪ 'ਚ, ਹੰਕਾਰ ਦੇ ਰੂਪ 'ਚ, ਸਵਾਰਥ ਦੇ ਰੂਪ 'ਚ, ਆਲਸ ਦੇ ਰੂਪ 'ਚ, ਅਹੁਦੇ ਅਤੇ ਪੈਸੇ ਦੀ ਤਾਕਤ ਦੇ ਰੂਪ 'ਚ, ਅਜਿਹੇ ਹੋਰ ਕਿੰਨੇ ਹੀ ਰੂਪ ਹਨ ਜਿਨ੍ਹਾਂ 'ਚ ਲੁਕ ਕੇ ਰਾਵਣ ਸਾਡੇ ਅੰਦਰ ਰਹਿੰਦਾ ਹੈ, ਸਾਨੂੰ ਇਨ੍ਹਾਂ ਸਾਰੇ ਰਾਵਣਾਂ ਨੂੰ ਸਾੜਨਾ ਪਵੇਗਾ। ਇਨ੍ਹਾਂ ਦਾ ਨਾਸ਼ ਅਸੀਂ ਕਰ ਸਕਦੇ ਹਾਂ ਅਤੇ ਸਾਨੂੰ ਹੀ ਕਰਨਾ ਵੀ ਪਵੇਗਾ।

ਜਿਸ ਤਰ੍ਹਾਂ ਹਨੇਰੇ ਦਾ ਨਾਸ਼ ਕਰਨ ਦੇ ਲਈ ਇਕ ਛੋਟਾ ਜਿਹਾ ਦੀਵਾ ਹੀ ਕਾਫ਼ੀ ਹੈ, ਉਸੇ ਤਰ੍ਹਾਂ ਸਾਡੇ ਸਮਾਜ ਵਿਚ ਲੁਕੇ ਇਸ ਰਾਵਣ ਦਾ ਨਾਸ਼ ਕਰਨ ਲਈ ਇਕ ਸੋਚ ਹੀ ਕਾਫੀ ਹੈ। ਜੇਕਰ ਅਸੀਂ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸੰਸਕਾਰੀ ਬਣਾਵਾਂਗੇ, ਉਨ੍ਹਾਂ ਨੂੰ ਨੈਤਿਕਤਾ ਦਾ ਗਿਆਨ ਦੇਵਾਂਗੇ, ਖੁਦ ਰਾਮ ਬਣਕੇ ਉਨ੍ਹਾਂ ਦੇ ਅੱਗੇ ਮਿਸਾਲ ਪੇਸ਼ ਕਰਾਂਗੇ ਤਾਂ ਐਨੇ ਸਾਰੇ ਰਾਮਾਂ ਵਿਚ ਕੀ ਰਾਵਣ ਟਿਕ ਪਾਵੇਗਾ ?

ਕਿਉਂ ਅਸੀਂ ਪੂਰੇ ਇਕ ਸਾਲ ਰਾਵਣ ਨੂੰ ਸਾੜ ਕੇ ਮਾਰਨ ਲਈ ਇੰਤਜਾਰ ਕਰਦੇ ਹਾਂ? ਉਹ ਸਤਯੁੱਗ ਸੀ ਜਦੋਂ ਇਕ ਹੀ ਰਾਵਣ ਸੀ ਪਰ ਅੱਜ ਕਲਯੁੱਗ ਹੈ ਅੱਜ ਅਨੇਕਾਂ ਰਾਵਣ ਹਨ। ਉਸ ਰਾਵਣ ਦੇ ਦਸ ਸਿਰ ਸਨ ਪਰ ਹਰੇਕ ਸਿਰ ਦਾ ਇਕੋਂ ਚਿਹਰਾ ਸੀ ਜਦਕਿ ਅੱਜ ਦੇ ਰਾਵਣ ਦਾ ਸਿਰ ਭਾਵੇਂ ਇਕੋ ਹੈ ਪਰ ਚਿਹਰੇ ਅਨੇਕਾਂ ਹਨ।
ਚਿਹਰੇ 'ਤੇ ਚਿਹਰੇ ਹਨ, ਜੋ ਨਕਾਬਾਂ ਪਿੱਛੇ ਛਿਪੇ ਹੋਏ ਹਨ। ਇਸੇ ਲਈ ਇਨ੍ਹਾਂ ਦੇ ਖਾਤਮੇ ਲਈ ਸਿਰਫ ਇਕ ਦਿਨ ਹੀ ਕਾਫ਼ੀ ਨਹੀਂ ਹੈ। ਇਨ੍ਹਾਂ ਨੂੰ ਰੋਜ਼ ਮਾਰਨਾ ਸਾਨੂੰ

ਆਪਣੀ ਰੋਜਾਨਾ ਦੀ ਜਿੰਦਗੀ 'ਚ ਸ਼ਾਮਲ ਕਰਨਾ ਪਵੇਗਾ। ਉਸ ਰਾਵਣ ਨੂੰ ਰਾਮ ਨੇ ਤੀਰ ਨਾਲ ਮਾਰਿਆ ਸੀ, ਅੱਜ ਸਾਨੂੰ ਸਭ ਨੂੰ ਰਾਮ ਬਣਕੇ ਅੱਜ ਦੇ ਰਾਵਣ ਨੂੰ ਸੰਸਕਾਰਾਂ ਨਾਲ, ਗਿਆਨ ਨਾਲ ਅਤੇ ਆਪਣੀ ਦ੍ਰਿਢ ਇੱਛਾ ਸ਼ਕਤੀ ਨਾਲ ਮਾਰਨਾ ਪਵੇਗਾ।

# ਦੁਸਹਿਰੇ ਦੇ ਤਿਉਹਾਰ ਤੇ ਵਿਸ਼ੇਸ

ਸਾਡੇ ਦੇਸ਼ ਵਿੱਚ ਅਨੇਕਾਂ ਮੇਲੇ ਤੇ ਤਿਉਹਾਰ ਮਨਾਏ ਜਾਂਦੇ ਹਨ। ਸਾਲ ਭਰ ਵਿਚ ਅਨੇਕਾਂ ਤਿਉਹਾਰ ਆਉਂਦੇ ਹਨ ਜੋ ਸਾਨੂੰ ਰਾਸ਼ਟਰ, ਜਾਤੀ ਅਤੇ ਮਨੁੱਖ ਦੇ ਪ੍ਰਤੀ ਕਰਤੱਵਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ। ਤਿਉਹਾਰਾਂ ਨੂੰ ਮਨਾਉਣ ਦੀ ਰੀਤ ਸਦੀਆਂ ਤੋਂ ਚੱਲਦੀ ਆ ਰਹੀ ਹੈ। ਦੁਸਹਿਰਾ ਵੀ ਇਹਨਾਂ ਵਿਚੋਂ ਹੀ ਇਕ ਹੈ, ਜੋ ਭਾਰਤ ਵਾਸੀਆਂ ਨੂੰ ਅਧਰਮ ਤੋਂ ਧਰਮ ਵੱਲ, ਅਗਿਆਨ ਤੋਂ ਗਿਆਨ ਵੱਲ ਅਤੇ ਝੂਠ ਤੋਂ ਸੱਚ ਵਲ ਜਾਣ ਦੀ ਪ੍ਰੇਰਣਾ ਦਿੰਦਾ ਹੈ। ਦੋਸਤੋਂ ਹਰ ਇੱਕ ਤਿਉਹਾਰ ਤੋਂ ਸਾਨੂੰ ਕੋਈ ਨਾ ਕੋਈ ਸਿੱਖਿਆ ਜਿਵੇਂ ਸੱਭਿਆਚਾਰਕ ਸੰਸਕ੍ਰਿਤੀ ,ਇਤਿਹਾਸਿਕ ,ਨੈਤਿਕ ਮੁੱਲਾਂ,ਆਦਿ ਬਾਰੇ ਜਾਣਕਾਰੀ ਮਿਲਦੀ ਹੈ।

ਦੋਸਤੋ ਦੁਸਹਿਰੇ ਦੇ ਤਿਉਹਾਰ ਦਾ ਸਭ ਨੂੰ ਚਾਅ ਹੁੰਦਾ ਹੈ ਕਿਉਂਕਿ ਇਸ ਤਿਉਹਾਰ ਤੋਂ ਸਰਦੀ ਸ਼ੂਰੂ ਹੋ ਜਾਂਦੀ ਹੈ ਇਸ ਤੋਂ ਬਾਅਦ ਲਗਾਤਾਰ ਬਾਕੀ ਤਿਉਹਾਰ ਆਉਣੇ ਸ਼ੂਰੂ ਹੋ ਜਾਂਦੇ ਹਨ। ਕਈ ਪਰਿਵਾਰਾਂ ਵਿੱਚ ਵਿਆਹ ਸ਼ੂਰੂ ਹੋ ਜਾਂਦੇ ਹਨ।

ਦੁਸਹਿਰਾ' ਸ਼ਬਦ ਦਾ ਅਰਥ ਹੈ "ਦਸ ਸਿਰਾਂ ਨੂੰ ਹਰਨ ਵਾਲਾ ਇਹ ਤਿਉਹਾਰ ਅੱਸੂ ਮਹੀਨੇ ਦੇ ਸ਼ੁਕਲ ਪੱਖ ਦੀ ਦਸਵੀਂ ਨੂੰ ਮਨਾਇਆ ਜਾਂਦਾ ਹੈ। ਇਸੇ ਲਈ ਇਸ ਨੂੰ ਵਿਜੇ-ਦਸ਼ਮੀ ਵੀ ਕਹਿੰਦੇ ਹਨ। ਇਹ ਤਿਉਹਾਰ ਦੀਵਾਲੀ ਤੋਂ ਵੀਹ ਦਿਨ ਪਹਿਲਾ ਮਨਾਇਆ ਜਾਂਦਾ ਹੈ। ਇਸ ਦਿਨ ਭਗਵਾਨ ਰਾਮ ਜੀ ਨੇ ਸੀਤਾ ਮਾਤਾ ਜੀ ਨੂੰ ਰਾਵਣ ਦੀ ਕੈਦ ਚੋਂ ਮੁਕਤ ਕਰਵਾਇਆ ਅਤੇ ਉਸਤੇ ਜਿੱਤ ਪ੍ਰਾਪਤ ਕੀਤੀ ਸੀ।

ਦਸਮੀ ਤੋਂ ਪਹਿਲਾਂ ਨੌ ਨੌਰਾਤੇ ਹੁੰਦੇ ਹਨ। ਦੋਸਤੋਂ ਦੁਸਹਿਰੇ ਤੋਂ ਪਹਿਲਾ ਸਾਂਝੀ ਮਾਈ ਦੀ ਪੂਜਾ ਕੀਤੀ ਜਾਂਦੀ ਹੈ ਉਸਨੂੰ ਵੀ ਦੁਸਹਿਰੇ ਵਾਲੇ ਦਿਨ ਪਾਣੀ ਵਿੱਚ ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ। ਦੁਸਹਿਰੇ ਵਾਲੇ ਲੋਕ ਨਵੇਂ ਨਵੇਂ ਕੱਪੜੇ ਪਾਉਂਦੇ ਹਨ । ਬੱਚਿਆਂ ਨੂੰ ਦੁਸਹਿਰਾ ਦੇਖਣ ਦਾ ਬੜਾ ਹੀ ਚਾਅ ਹੁੰਦਾ ਹੈ। ਵੱਖ -ਵੱਖ ਸ਼ਹਿਰਾਂ ਵਿੱਚ ਝਲਕੀਆਂ ਦਿਖਾਈਆਂ ਜਾਂਦੀਆਂ ਹਨ। ਦੁਸਹਿਰੇ ਤੋਂ ਪਹਿਲਾ ਕਥਾ (ਰਮਾਇਣ)ਵੀ ਸੁਣਾਈ ਜਾਂਦੀ ਹੈ। ਰਾਮ-ਰੀਲਾ ਦਿਖਾਈ ਜਾਂਦੀ ਹੈ। ਦੁਸਹਿਰੇ ਦਾ ਚਾਅ ਮੈਨੂੰ ਵੀ ਬਹੁਤ ਹੁੰਦਾ ਹੈ ਦੋਸਤੋਂ । ਜਦੋਂ ਅਸੀਂ ਬਹੁਤ ਛੋਟੇ ਹੁੰਦੇ ਸੀ ਤਾਂ ਅਸੀਂ ਸਾਰੇ ਜਾਣੇ ਪਾਪਾ ਨਾਲ ਬਰਨਾਲੇ ਦੁਸਹਿਰਾ ਦੇਖਣ ਜਾਂਦੇ ਸੀ ਰਾਮ ਲਛਮਣ ਦੀਆਂ ਝਾਕੀਆਂ ਦੇਖ ਕੇ ਬੜੇ ਖੁਸ਼ ਹੁੰਦੇ ਸੀ ਕਈ ਵਾਰ ਤੀਰ ਕਮਾਨ ਲੈਣ ਦੀ ਵੀ ਜਿੱਦ ਕਰਦੇ ਸੀ। ਤੇ ਨਿੱਕੇ ਨਿੱਕੇ ਪਿਸਤੌਲ ਖਰੀਦ ਲੈਂਦੇ ਸੀ ਉਹ ਲਾਲ ਗੋਲ ਬਿੰਦੀਆਂ ਵਾਲੇ ਪਟਾਖੇ ਲੈਂਦੇ ਸੀ ਜੋ ਪਿਸਤੌਲ ਵਿੱਚ ਪਾਕੇ ਚੱਲਦੇ ਸਨ ਉਹ ਪਟਾਖੇ ਅਸੀਂ ਦੀਵਾਲੀ ਤੱਕ ਵਜਾਈ ਹੀ ਜਾਂਦੇ ਸੀ ਪਰ ਦੋਸਤੋਂ ਅੱਜ ਉਹ ਦੁਸਹਿਰੇ ਦੇ ਦਿਨ ਨਹੀਂ ਰਹੇ ਜੋ ਕਦੇ ਬਚਪਨ ਵਿੱਚ ਹੋਇਆਂ ਕਰਦੇ ਸੀ। ਦੋਸਤੋ ਦੁਸਹਿਰੇ ਵਾਲੇ ਦਿਨ ਲੋਕ ਘਰਾਂ ਵਿੱਚ ਕਈ ਤਰਾਂ ਦੇ ਪਕਵਾਨ ਵੀ ਬਣਾਏ ਜਾਂਦੇ ਹਨ। ਦਸਮੀ ਵਾਲੇ ਦਿਨ ਸ਼ਹਿਰਾਂ ਵਿਚ ਇਕ ਖੁਲ੍ਹੇ ਸਥਾਨ ਤੇ ਰਾਵਣ, ਕੁੰਭਕਰਣ ਅਤੇ ਮੇਘਨਾਥ ਦੇ ਵੱਡੇ ਵੱਡੇ ਬੁੱਤ ਬਣਾਏ ਜਾਂਦੇ ਹਨ ਅਤੇ ਸਵੇਰ ਤੋਂ ਹੀ ਉਹਨਾਂ ਨੂੰ ਮੈਦਾਨ ਵਿਚ ਖੜੇ ਕਰ ਦਿੱਤਾ ਜਾਂਦਾ ਹੈ। ਉਹਨਾਂ ਵਿੱਚ ਕਈ ਤਰਾਂ ਦੇ ਪਟਾਕੇ ਪੋਟਾਸ ਭਰਿਆ ਜਾਂਦਾ ਹੈ। ਸ਼ਾਮ ਨੂੰ ਬਹੁਤ ਸਾਰੇ ਲੋਕਾਂ ਦੇ ਵਿਚਕਾਰ ਆਤਿਸ਼ਬਾਜੀਆਂ ਚਲਾਈਆਂ ਜਾਂਦੀਆਂ ਹਨ ਅਤੇ ਸ੍ਰੀ ਰਾਮ ਚੰਦਰ ਜੀ ਦੁਆਰਾ ਇਹਨਾਂ ਬੁੱਤਾਂ ਨੂੰ ਜਲਾ ਦਿੱਤਾ ਜਾਂਦਾ ਹੈ। ਬੁੱਤਾਂ ਦੇ ਜਲ ਜਾਣ ਦੇ ਨਾਲ ਹੀ ਇਹ ਤਿਉਹਾਰ ਖਤਮ ਹੋ ਜਾਂਦਾ ਹੈ। ਸ਼ਾਮ ਨੂੰ ਲੋਕ ਮੇਲਾ ਵੇਖ ਕੇ ਖੁਸ਼ੀ-ਖੁਸ਼ੀ ਮਠਿਆਈਆਂ,
ਖਿਡੌਣੇ ਆਦਿ ਖ਼ਰੀਦ ਕੇ ਆਪਣੇ-ਆਪਣੇ ਘਰਾਂ ਨੂੰ ਵਾਪਸ ਪਰਤ ਜਾਂਦੇ ਹਨ। ਇਹ ਨੇਕੀ ਦੀ ਬਦੀ ਉੱਤੇ ਜਿੱਤ ਦਾ ਪ੍ਰਤੀਕ ਹੈ।

*-ਗਗਨਦੀਪ ਧਾਲੀਵਾਲ*

## ਸ਼ਹੀਦ ਜਵਾਨ ਦੀ ਅਰਥੀ ਨੂੰ ਮੁੱਖ ਮੰਤਰੀ ਚੰਨੀ ਨੇ ਖੁਦ ਮੋਢਾ ਦਿੱਤਾ




ਨੂਰਪੁਰ ਬੇਦੀ, 14 ਅਕਤੂਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੇ ਜ਼ਿਲ੍ਹਾ ਰਾਜੌਰੀ ਦੇ ਸੁਰਨਕੋਟ ਵਿਖੇ ਅੱਤਵਾਦੀਆਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਏ ਪੰਜਾਬ ਦੇ ਨਾਇਬ ਸੂਬੇਦਾਰ ਜਸਵਿੰਦਰ ਸਿੰਘ ਪਿੰਡ ਮਾਨਾ ਤਲਵੰਡੀ, ਕਪੂਰਥਲਾ, ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਚੱਠਾ ਦੇ ਨਾਇਕ ਮਨਦੀਪ ਸਿੰਘ ਤੇ ਜ਼ਿਲ੍ਹਾ ਰੂਪਨਗਰ ਦੇ ਪਿੰਡ ਪਚਰੰਡਾ ਦੇ ਜਵਾਨ ਗੱਜਣ ਸਿੰਘ ਨੂੰ ਹਜ਼ਾਰਾਂ ਸੇਜਲ ਅੱਖਾਂ ਵੱਲੋਂ ਅੰਤਿਮ ਵਿਦਾਇਗੀ ਦਿੱਤੀ ਗਈ ਹੈ। ਇਸ ਮੌਕੇ ਵੱਖ-ਵੱਖ ਪਾਰਟੀਆਂ ਦੇ ਆਗੂ, ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

ਸ਼ਹੀਦ ਜਵਾਨ ਗੱਜਣ ਸਿੰਘ ਦੀ ਅੰਤਿਮ ਵਿਦਾਇਗੀ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਸਮੇਤ ਹੋਰ ਆਗੂਆਂ ਨੇ ਸ਼ਹੀਦ ਨੂੰ ਫੁੱਲ ਮਾਲਾ ਭੇਟ ਕੀਤੀਆਂ।ਸ਼ਹੀਦ ਦੀ ਪਤਨੀ ਹਰਪ੍ਰੀਤ ਕੌਰ ਨੇ ਵੀ ਆਪਣੇ ਪਤੀ ਨੂੰ ਸਲਾਮੀ ਦੇ ਕੇ ਜ਼ਿੰਦਾਬਾਦ ਦੇ ਨਾਅਰੇ ਲਾਏ। ਫਿਰ ਮ੍ਰਿਤਕ ਦੇਹ ਫ਼ੌਜੀ ਗੱਡੀ ਵਿੱਚ ਪਿੰਡ ਪਚਰੰਡਾ ਦੇ ਸ਼ਮਸ਼ਾਨਘਾਟ ਵਿਖੇ ਲਿਜਾਈ ਗਈ, ਜਿੱਥੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਅਤੇ ਹਲਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ, ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਪ੍ਰੇਮ ਸਿੰਘ ਚੰਦੂਮਾਜਰਾ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਹੋਰਨਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਮੁੱਖ ਮੰਤਰੀ ਅਤੇ ਸਪੀਕਰ ਨੇ ਖ਼ੁਦ ਸ਼ਹੀਦ ਦੀ ਮ੍ਰਿਤਕ ਦੇਹ ਵਾਲੇ ਤਾਬੂਤ ਨੂੰ ਮੋਢਾ ਦਿੱਤਾ। ਸ਼ਹੀਦ ਦੀ ਚਿਤਾ ਨੂੰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸ਼ਹੀਦ ਦੇ ਪਿਤਾ ਚਰਨ ਸਿੰਘ ਤੇ ਹੋਰਨਾਂ ਨੇ ਅਗਨੀ ਦਿਖਾਈ। ਫਿਰ ਮੁੱਖ ਮੰਤਰੀ ਚੰਨੀ ਨੇ ਸ਼ਹੀਦ ਦੇ ਪਿਤਾ ਚਰਨ ਸਿੰਘ, ਮਾਤਾ ਮਲਕੀਤ ਕੌਰ ਤੇ ਪਤਨੀ ਨੂੰ ਤਿਰੰਗਾ ਤੇ ਪਗੜੀ ਸੌਂਪੀ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਸਰਕਾਰ ਵੱਲੋਂ ਸ਼ਹੀਦ ਸੈਨਿਕਾਂ ਦੇ ਪਰਵਾਰਾਂ ਨੂੰ ਪਹਿਲਾਂ ਹੀ 50-50 ਲੱਖ ਰੁਪਏ ਗ੍ਰਾਂਟ ਤੇ ਪਰਵਾਰ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਜਾ ਚੁੱਕਾ ਹੈ।

# ਪੰਜਾਬ ਦੇ ਵਪਾਰੀਆਂ ਨਾਲ ਵੀ ਕੇਜਰੀਵਾਲ ਵੱਲੋਂ 10 ਵਾਅਦੇ

### * ਜਲੰਧਰ ਵਿੱਚ ਵਪਾਰੀਆਂ ਤੇ ਸਨਅਤਕਾਰਾਂ ਨਾਲ ਮੀਟਿੰਗ

ਜਲੰਧਰ, 14 ਅਕਤੂਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕਹਿਣਾ ਹੈ ਕਿ ਪੰਜਾਬ ਵਿੱਚਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਵਪਾਰੀਆਂ ਅਤੇ ਸਨਅਤਕਾਰਾਂ ਦੇ ਅਦਾਰਿਆਂ ਉੱਤੇ ਆਮਦਨ ਟੈਕਸ ਵਿਭਾਗ ਵੱਲੋਂ ਕੀਤੀ ਜਾਂਦੀ ਛਾਪੇਮਾਰ ਨੂੰ ਪੂਰੀ ਤਰ੍ਹਾਂ ਬੰਦ ਕਰਕੇ ਉਨ੍ਹਾਂ ਨੂੰ ਵੱਡੇ ਪੱਧਰ ਉੱਤੇ ਰਾਹਤ ਦਿੱਤੀ ਜਾਵੇਗੀ ਅਤੇ ਪੰਜਾਬ ਵਿੱਚ ਕਾਂਗਰਸ ਸਰਕਾਰਹੇਠ ਚੱਲਦੇ ਇੰਸਪੈਕਟਰੀ ਰਾਜ ਤੇ ਲਾਲ ਫੀਤਾ ਸ਼ਾਹੀ ਸਿਸਟਮ ਨੂੰ ਵੀ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇਗਾ, ਕਿਉਂਕਿ ਇਹ ਸਿਸਟਮ ਮੰਤਰੀਆਂ ਤੇ ਅਫ਼ਸਰਾਂਨੇ ਕੇਵਲ ਅਤੇ ਕੇਵਲ ਰਿਸ਼ਵਤਖ਼ੋਰੀ ਲਈ ਬਣਾਇਆ ਹੈ ਅਤੇ ਸਨਅਤਕਾਰਾਂ ਤੇ ਵਪਾਰੀਆਂ ਲਈ ਘਾਟੇਵੰਦਾ ਹੈ।

ਜਲੰਧਰ-ਫਗਵਾੜਾ ਰੋਡ ਉੱਤੇ ਇੱਕ ਪੈਲੇਸ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਵਪਾਰੀਆਂ ਤੇ ਸਨਅਤਕਾਰਾਂ ਨੂੰ ਸੰਬੋਧਨ ਕਰਨ ਸਮੇਂ ਅਰਵਿੰਦ ਕੇਜਰੀਵਾਲ ਦੇ ਨਾਲ ਵਿਸ਼ੇਸ਼ ਤੌਰ ਉੱਤੇ ਲੋਕ ਸਭਾ ਮੈਂਬਰ ਅਤੇ ਆਮ ਆਦਮੀ ਪਾਰਟੀ ਦੇਸੂਬਾ ਪ੍ਰਧਾਨ ਭਗਵੰਤ ਮਾਨ, ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ, ਕੋ ਇੰਚਾਰਜ ਰਾਘਵ ਚੱਢਾ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ, ਵਿਧਾਇਕ ਅਮਨ ਅਰੋੜਾ, ਮਨਜੀਤ ਸਿੰਘ ਬਿਲਾਸਪੁਰ, ਮੀਤ ਹੇਅਰ ਵੀ ਹਾਜ਼ਰ ਸਨ। ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚਪਹੁੰਚੇ ਸਨਅਤਕਾਰਾਂ ਨੇ ਪੰਜਾਬ ਸਰਕਾਰ ਅਤੇ ਅਫ਼ਸਰਸ਼ਾਹੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਇੱਕ ਥਾਂ ਨੂੰ ਉਦਯੋਗਿਕ ਖੇਤਰ ਦੱਸ ਕੇ ਜ਼ਮੀਨਾਂ ਦਾ ਮਾਲਕੀ ਹੱਕ ਸਨਅਤਕਾਰਾਂ ਨੂੰ ਦੇ ਦੇਂਦੀ ਹੈ, ਪਰ ਕੁਝ ਸਾਲ ਬਾਅਦ ਹੀ ਵਿਭਾਗ ਵੱਲੋਂ ਸਨਅਤਕਾਰਾਂ ਨੂੰ ਉਸੇ ਥਾਂ ਦਾ ਹੋਰ ਪੈਸਾ ਦੇਣ ਦਾ ਨੋਟਿਸ ਭੇਜ ਕੇ ਤੰਗ ਕੀਤਾ ਜਾਂਦਾ ਹੈ। ਜੇ ਸਰਕਾਰ ਕਿਸੇ ਜ਼ਮੀਨ ਨੂੰ ਫੋਕਟ ਪੁਆਇੰਟ ਵਾਲੀ ਦੱਸ ਕੇ ਸਨਅਤਕਾਰਾਂ ਤੇ ਵਪਾਰੀਆਂ ਨੂੰ ਵੇਚਦੀ ਹੈ ਤਾਂ ਫਿਰ ਸੀ ਐਲ ਯੂ (ਚੇਂਜ ਆਫ ਲੈਂਡ ਯੂਜ਼) ਦੇ ਪਰਦੇ ਵਿੱਚ ਲੱਖਾਂ ਰੁਪਏ ਦੀ ਮੰਗ ਕਰਨ ਦੇ ਨੋਟਿਸ ਭੇਜ ਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਕੰਮ ਨਹੀਂ ਚੱਲਣ ਦਿੱਤਾ ਜਾਧਾ।



ਅਰਵਿੰਦ ਕੇਜਰੀਵਾਲ ਨੇ ਇਸ ਮੌਕੇ ਸਨਅਤਕਾਰਾਂ ਨਾਲ 10 ਵਾਅਦੇ ਕੀਤੇ। ਪਹਿਲਾ ਵਾਅਦਾ ਇਹ ਕਿ ਪੰਜਾਬ ਵਿੱਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਦੇ ਸਾਰ ਸਭ ਤੋਂ ਪਹਿਲਾਂ 24 ਘੰਟੇ ਬਿਜਲੀ ਸਪਲਾਈ ਲੋਕਾਂ ਤੇ ਸਨਅਤਕਾਰਾਂ ਨੂੰ ਦਿੱਤੀ ਜਾਵੇਗੀ, ਜਿਵੇਂ ਦਿੱਲੀ ਵਿੱਚ ਦਿੱਤੀ ਜਾਂਦੀ ਹੈ। ਦੂਸਰਾ, ਪੰਜਾਬ ਵਿੱਚ ਭ੍ਰਿਸ਼ਟਾਚਾਰ ਵਧਾਉਣ ਅਤੇ ਸਨਅਤਕਾਰਾਂ ਨੂੰ ਪ੍ਰੇਸ਼ਾਨ ਕਰਨ ਲਈ ਲਾਗੂ ਕੀਤੇ ਇੰਸਪੈਕਟਰੀ ਰਾਜਅਤੇ ਲਾਲ ਫੀਤਾਸ਼ਾਹੀ ਕਾਨੂੰਨ ਨੂੰ ਪਹਿਲ ਦੇ ਆਧਾਰ ਉੱਤੇ ਰੱਦ ਕਰ ਕੇ ਇਨ੍ਹਾਂ ਵਿੱਚ ਸੋਧ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਦੇਪਰਦੇ ਵਿੱਚ ਪੈਸਾ ਝਪਟ ਕੇ ਸਿਆਸੀ ਆਗੂਆਂ ਤਕ ਪਹੁੰਚਾਇਆ ਜਾ ਰਿਹਾ ਹੈ। ਤੀਸਰ ਉਨ੍ਹਾਂ ਕਿਹਾ ਕਿ ਵਪਾਰੀਆਂ ਅਤੇ ਸਨਅਤਕਾਰਾਂ ਦੇ ਅਦਾਰਿਆਂ ਉੱਤੇ ਮਾਰੇ ਜਾਂਦੇ ਛਾਪੇ ਪੂਰੀ ਤਰ੍ਹਾਂ ਬੰਦ ਕੀਤੇ ਜਾਣਗੇ ਅਤੇ ਇਸ ਦੇ ਨਾਲ ਸਨਅਤਕਾਰਾਂ ਤੇ ਵਪਾਰੀਆਂ ਦੇ ਕਰੋੜਾਂ ਰੁਪਏ, ਜੋ ਵੈਟ ਦੇ ਰੂਪ ਵਿੱਚਵਿਭਾਗ ਵੱਲ ਖੜ੍ਹੇ ਹਨ, ਤਿੰਨ ਤੋਂ ਛੇ ਮਹੀਨੇ ਵਿੱਚ ਵਪਾਰੀਆਂ ਨੂੰ ਦਿੱਤੇ ਜਾਣਗੇ ਅਤੇ ਜੇ ਕਿਸੇ ਅਦਾਰੇ ਦੀ ਰਕਮ ਬਹੁਤ ਵੱਡੀ ਹੈ ਤਾਂ ਉਹ ਕਿਸ਼ਤਾਂ ਵਿੱਚ ਦੇਦਿੱਤੀ ਜਾਵੇਗੀ। ਚੌਥਾ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਟੈਕਸ ਵਜੋਂ ਕਰੋੜਾਂਰੁਪਏ ਦੇਣ ਵਾਲੇ ਵਪਾਰੀ ਤੇ ਸਨਅਤਕਾਰ ਪਾਣੀ, ਸੜਕਾਂ, ਸੀਵਰੇਜ, ਬਿਜਲੀ ਤੇ ਹੋਰ ਸਹੂਲਤਾਂ ਤੋਂ ਵਾਂਝੇ ਹੋਣ ਕਾਰਨ ਉਨ੍ਹਾਂ ਨੂੰ ਭਾਰੀ ਪ੍ਰੇਸ਼ਾਨੀ ਹੁੰਦੀ ਹੈ, ਸਾਡੀ ਸਰਕਾਰ ਬਣਦੇ ਸਾਰ ਉਨ੍ਹਾਂ ਨੂੰ ਇਹ ਸਹੂਲਤਾਂ ਦਿੱਤੀਆਂ ਜਾਣਗੀਆਂ।5ਵਾਂ ਵਾਅਦਾ ਉਨ੍ਹਾਂ ਕੀਤਾ ਕਿ ਉਦਯੋਗਿਕ ਫੋਕਲ ਪੁਆਇੰਟਾਂ ਵਿੱਚ ਦਿੱਤੇ ਪਲਾਟਾਂ ਦੀ ਵਾਧੂ ਕੀਮਤ ਨਹੀਂ ਲਈ ਜਾਵੇਗੀ। 6ਵੇਂ ਵਾਅਦੇ ਵਿੱਚ ਉਨ੍ਹਾਂ ਕਿਹਾ ਕਿ ਸਰਕਾਰ ਬਣਨ ਉੱਤੇ ਕਿਸੇ ਵੀ ਅਦਾਰੇ ਨੂੰ ਸੀ ਐਲ ਯੂ ਦੇ ਬਹਾਨੇ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ, ਕਿਉਂਕਿ ਜਦੋਂ ਸਰਕਾਰ ਨੇ ਕਿਸੇ ਜ਼ਮੀਨ ਨੂੰ ਇੰਡਸਟਰੀਅਲ ਜ਼ੋਨ ਲਾਗੂ ਕਰ ਕੇ ਦਿੱਤਾ ਹੈ ਤਾਂ ਉਸ ਜ਼ਮੀਨ ਦਾ ਸੀ ਐਲ ਯੂ ਨਹੀਂ ਲਿਆ ਜਾ ਸਕਦਾ। 7ਵੇਂ ਵਾਅਦੇ ਵਿੱਚ ਅਫ਼ਸਰਾਂ ਬਾਰੇ ਕਿਹਾ ਕਿ ਪੰਜਾਬ ਵਿੱਚ ਹਫ਼ਤਾ ਤੇ ਮਹੀਨਾ ਦੇਣ ਦਾ ਬਹੁਤ ਰਿਵਾਜ ਹੈ ਤੇ ਇਸ ਤੋਂ ਬਿਨਾਂ ਕੋਈ ਕੰਮ ਨਹੀਂ ਹੁੰਦਾ। ਉਨ੍ਹਾਂ ਦੋਸ਼ ਲਾਇਆ ਕਿ ਗੁੰਡਾ ਟੈਕਸ ਨੂੰ ਮੰਤਰੀਆਂ ਦੀ ਸ਼ਹਿ ਹੁੰਦੀ ਹੈ ਤੇ ਕੋਈ ਵੀ ਟਰੱਕ ਗੁੰਡਾ ਟੈਕਸ ਦਿੱਤੇ ਬਿਨਾਂ ਬਾਹਰ ਨਹੀਂ ਜਾਣ ਦਿੱਤਾ ਜਾਂਦਾ, ਜਿਸ ਨੂੰ ਬੰਦ ਕੀਤਾ ਜਾਏਗਾ।8ਵੇਂ ਵਾਅਦੇ ਵਿੱਚ ਉਨ੍ਹਾਂ ਕਿਹਾ ਕਿ ਸਨਅਤਕਾਰਾਂ ਤੇ ਵਪਾਰੀਆਂ ਦਾ ਸੰਗਠਨ ਬਣਾ ਕੇ ਸਰਕਾਰ ਨਾਲ ਭਾਈਵਾਲੀ ਕੀਤੀ ਜਾਵੇਗੀ ਤੇ ਮਹੀਨੇ ਵਿੱਚ ਇੱਕ ਵਾਰ ਮੰਤਰੀ ਨਾਲ ਮੀਟਿੰਗ ਵਿੱਚ ਵਪਾਰੀਆਂ ਤੇ ਸਨਅਤਕਾਰਾਂ ਵੱਲੋਂ ਜੋ ਫ਼ੈਸਲੇ ਲਏ ਜਾਣਗੇ, ਉਨ੍ਹਾਂ ਨੂੰ ਉਸੇ ਦਿਨ ਤੋਂ ਲਾਗੂ ਕਰ ਦਿੱਤਾ ਜਾਵੇਗਾ। 9ਵੇਂ ਵਾਅਦੇ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਿਆਰ, ਮੁਹੱਬਤ, ਅਮਨ-ਸ਼ਾਂਤੀ ਤੇ ਕਾਨੂੰਨ ਵਿਵਸਥਾ ਕਾਇਮ ਰੱਖਣ ਲਈ ਆਮ ਆਦਮੀ ਪਾਰਟੀ ਸਭ ਵਰਗਾਂ ਦੇ ਲੋਕਾਂ ਨੂੰ ਨਾਲ ਲੈ ਕੇ ਚੱਲੇਗੀ।10ਵੇਂ ਵਾਅਦੇ ਵਿੱਚ ਕੇਜਰੀਵਾਲ ਨੇ ਛੋਟੇ ਉਦਯੋਗ ਅਤੇ ਐਮ ਐਸ ਐਮ ਈ ਨੂੰ ਹੋਰ ਵਧਾਉਣ ਦੇ ਨਾਲ ਰੁਜ਼ਗਾਰ ਵਧਾਉਣ ਦਾ ਐਲਾਨ ਕੀਤਾ। ਉਨ੍ਹਾਂ ਸਨਅਤਕਾਰਾਂ ਤੋਂ ਵਾਅਦਾ ਲਿਆ ਕਿ ਵਿਕਾਸ ਹੋਣ ਉੱਤੇ ਪੰਜਾਬੀ ਨੌਜਵਾਨਾਂ ਨੂੰ ਨੌਕਰੀਆਂ ਜ਼ਰੂਰ ਦੇਣਗੇ। ਉਨ੍ਹਾਂ ਕਿਹਾ ਕਿ ਛੋਟੇ ਵਪਾਰੀਆਂ ਨੂੰ ਵੀ ਸਹੂਲਤਾਂ ਦਿਆਂਗੇ। ਇਸ ਮੌਕੇ ਭਗੰਵਤ ਮਾਨ ਨੇ ਕਿਹਾ ਕਿ ਸਿਆਸਤ ਦੀ ਦਿਸ਼ਾ ਅਤੇ ਦਸ਼ਾ ਬਦਲ ਰਹੀ ਹੈ ਅਤੇ ਵੱਡੀਆਂ ਸਿਆਸੀ ਪਾਰਟੀਆਂ ਆਮ ਆਦਮੀ ਪਾਰਟੀ ਨੂੰ ਦੇਖ ਕੇ ਸਿਆਸੀ ਏਜੰਡੇ ਤੈਅ ਕਰਨ ਲੱਗੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚੋਂ ਉਦਯੋਗ ਬਾਹਰ ਜਾ ਰਿਹਾ ਹੈ, ਜਿਸ ਦੀ ਸਭ ਤੋਂ ਵੱਡੀ ਮਿਸਾਲ ਧਾਰੀਵਾਲ ਤੇ ਗੁਰਦਾਸਪੁਰ ਤਕ ਦੇ ਉਦਯੋਗ ਅਤੇ ਵਪਾਰ ਹੋਰਨਾਂ ਰਾਜਾਂ ਵਿੱਚ ਚਲੇ ਗਏ ਹਨ, ਕਿਉਂਕਿ ਪੰਜਾਬ ਵਿੱਚ ਕੋਈ ਉਦਯੋਗਿਕ ਨੀਤੀ ਨਹੀਂ ਹੈ।

## ਏ ਟੀ ਐਮ ਕਾਰਡ ਬਦਲ ਕੇ 94 ਹਜ਼ਾਰ ਰੁਪਏ ਠੱਗ ਲਏ

ਕਰਤਾਰਪੁਰ, 14 ਅਕਤੂਬਰ (ਪੋਸਟ ਬਿਊਰੋ)- ਇੱਕ ਬਜ਼ੁਰਗ ਏ ਟੀ ਐਮ ਵਿੱਚੋਂ ਪੈਸੇ ਕਢਵਾਉਣ ਗਿਆ ਅਤੇ ਮਸ਼ੀਨ ਖਰਾਬ ਹੋਣ ਦਾ ਬਹਾਨਾ ਲਾ ਕੇ ਉਥੇ ਮੌਜੂਦ ਇੱਕ ਵਿਅਕਤੀ ਨੇ ਉਸ ਬਜ਼ੁਰਗ ਦਾ ਏ ਟੀ ਐਮ ਕਾਰਡ ਬਦਲ ਕੇ 91400 ਰੁਪਏ ਕਢਵਾ ਲਏ। ਇਸ ਤਰ੍ਹਾਂ ਕਈ ਲੋਕਾਂ ਨਾਲ ਪਹਿਲਾਂ ਵੀ ਹੋ ਚੁੱਕਾ ਹੈ।

ਗੁਰਦੇਵ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਕਮੇਟੀ ਬਾਜ਼ਾਰ ਨੇ ਦੱਸਿਆ ਕਿ ਉਸ ਦੀ ਧੀ ਸ਼ਰਨਜੀਤ ਕੌਰ ਉਸ ਦੇ ਕੋਲ ਰਹਿੰਦੀ ਹੈ ਤੇ ਉਸ ਨੂੰ ਅੱਖਾਂ ਤੋਂ ਦਿਖਾਈ ਨਹੀਂ ਦਿੰਦਾ। ਉਹ ਸਕੂਲ ਅਧਿਆਪਕ ਵਜੋਂ ਨੌਕਰੀ ਕਰਦੀ ਹੈ। ਉਸ ਨੇ ਆਪਣਾ ਏ ਟੀ ਐਮ ਕਾਰਡ ਪੈਸੇ ਕਢਵਾਉਣ ਲਈ ਦਿੱਤਾ ਸੀ। ਕਾਰਡ ਲੈ ਕੇ ਉਹ ਬਾਰਾਂਦਰੀ ਬਾਜ਼ਾਰ ਵਿੱਚ ਏ ਟੀ ਐਮ ਤੋਂ ਪੈਸੇ ਕਢਵਾਉਣ ਗਿਆ। ਉਥੇ ਇੱਕ ਵਿਅਕਤੀ ਪਹਿਲਾਂ ਤੋਂ ਮੌਜੂਦ ਸੀ। ਉਸ ਨੂੰ ਵੇਖ ਕੇ ਜਾਪਿਆ ਕਿ ਬੈਂਕ ਦਾ ਕੋਈ ਮੁਲਾਜ਼ਮ ਹੋਵੇਗਾ ਅਤੇ ਉਸ ਨੇ ਵੀ ਗੱਲਾਂ ਦੌਰਾਨ ਮੈਨੂੰ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਬੈਂਕ ਕਰਮਚਾਰੀ ਨਹੀਂ ਹੈ। ਪੈਸੇ ਨਾ ਨਿਕਲਣ ਕਾਰਨ ਉਹ ਘਰ ਵਾਪਸ ਆ ਗਿਆ, ਪਰ ਉਸ ਵਿਅਕਤੀ ਨੇ ਚਲਾਕੀ ਨਾਲ ਆਪਣੇ ਨਾਲ ਕਾਰਡ ਬਦਲ ਲਿਆ। ਜਦੋਂ ਦੂਸਰੇ ਦਿਨ ਉਹ ਪੈਸੇ ਕਢਾਉਣ ਲਈ ਗਿਆ ਤਾਂ ਉਨ੍ਹਾਂ ਦੱਸਿਆ ਕਿ ਖਾਤੇ ਵਿੱਚ ਸਿਰਫ 44 ਰੁਪਏ ਹਨ। ਇਸ ਬਾਰੇ ਬੈਂਕ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਏ ਟੀ ਐਮ ਰਾਹੀਂ ਕਰਤਾਰਪੁਰ ਦੇ ਵੱਖ-ਵੱਖ ਏ ਟੀ ਐਮ ਵਿੱਚੋਂ 91400 ਦੀ ਨਕਦੀ ਕਢਵਾਈ ਗਈ ਹੈ। ਪੀੜਤ ਵਿਅਕਤੀ ਨੇ ਥਾਣਾ ਕਰਤਾਰਪੁਰ ਵਿੱਚ ਦਰਖਾਸਤ ਦੇ ਦਿੱਤੀ ਹੈ ਤੇ ਥਾਣਾ ਮੁਖੀ ਨੇ ਵਿਸ਼ਵਾਸ ਦਿਵਾਇਆ ਕਿ ਏ ਟੀ ਐਮ ਵਿਖੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖ ਕੇ ਜਲਦੀ ਹੀ ਨੌਸਰਬਾਜ਼ ਕਾਬੂ ਕਰ ਲਿਆ ਜਾਵੇਗਾ।

## ਸੌਣ ਨੂੰ ਲੈ ਕੇ ਝਗੜਾ,ਇੱਕ ਨੇ ਦੂਜੇ ਨੂੰ ਤੀਸਰੀ ਮੰਜ਼ਿਲ ਤੋਂ ਹੇਠਾਂ ਸੁੱਟਿਆ

ਲੁਧਿਆਣਾ, 14 ਅਕਤੂਬਰ (ਪੋਸਟ ਬਿਊਰੋ)- ਏਥੋਂ ਦੇ ਢੋਕਾ ਮੁਹੱਲੇ ਵਿੱਚ ਦੋ ਕਿਰਾਏਦਾਰਾਂ ਵਿੱਚ ਝਗੜੇ ਦੌਰਾਨਇੱਕ ਨੌਜਵਾਨ ਨੇ ਦੂਸਰੇ ਕਿਰਾਏਦਾਰ ਦੀ ਕੁੱਟਮਾਰ ਕਰ ਕੇ ਤੀਸਰੀ ਮੰਜ਼ਿਲ ਤੋਂ ਹੇਠਾਂ ਸੁੱਟ ਦਿੱਤਾ।

ਅਸਲ ਵਿੱਚ ਦੋਵਾਂ ਕਿਰਾਏਦਾਰਾਂ ਨੇ ਪਹਿਲਾਂ ਇਕੱਠੇ ਬੈਠ ਕੇ ਸ਼ਰਾਬ ਪੀਤੀ, ਫਿਰ ਦੋਵੇਂ ਵਿਹੜੇ ਵਿੱਚ ਸੌਣ ਲਈ ਬਿਸਤਰਾ ਵਿਛਾਉਂਦੇ ਝਗੜ ਪਏ। ਇੱਕ ਕਿਰਾਏਦਾਰ ਨੌਜਵਾਨ ਨੇ ਦੂਸਰੇ ਕਿਰਾਏਦਾਰ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਉਸ ਨੂੰ ਤੀਸਰੀ ਮੰਜ਼ਿਲ ਤੋਂ ਹੇਠਾਂ ਸੁੱਟ ਦਿੱਤਾ, ਜਿਸ ਕਾਰਨ ਉਸ ਦੀ ਮੌਕੇ ਉੱਤੇ ਮੌਤ ਹੋ ਗਈ। ਪੁਲਸ ਨੇ ਸਤਿੰਦਰ ਦੀ ਸ਼ਿਕਾਇਤ ਉੱਤੇ ਵਿਪਨ ਕੁਮਾਰ ਦੇ ਵਿਰੁੱਧ ਕੇਸ ਦਰਜ ਕੀਤਾ ਹੈ। ਏ ਐਸ ਆਈ ਜਗਦੀਸ਼ ਰਾਜ ਨੇ ਦੱਸਿਆ ਕਿ ਸੁਦਾਮਾ ਅਤੇ ਦੋਸ਼ੀ ਵਿਪਨ ਕੁਮਾਰ ਇੱਕੋ ਘਰ ਵਿੱਚ ਕਿਰਾਏ ਉੱਤੇ ਰਹਿੰਦੇ ਸਨ ਤੇ ਦੋਵੇਂ ਹੌਜ਼ਰੀ ਫੈਕਟਰੀ ਵਿੱਚ ਨੌਕਰੀ ਕਰਦੇ ਸਨ। ਦੋਸ਼ੀ ਵਿਪਨ ਨੂੰ ਗ੍ਰਿਫਤਾਰ ਕਰ ਲਿਆ ਹੈ। ਸੁਦਾਮੇ ਦੇ ਭਰਾ ਨੇ ਦੱਸਿਆ ਕਿ ਵਿਪਨ ਨੇ ਪਹਿਲਾਂ ਸੁਦਾਮੇ ਦੀ ਬੁਰੀ ਤਰ੍ਹਾਂ ਮਾਰਕੁੱਟ ਕੀਤੀ, ਜਿਸ ਨਾਲ ਉਹ ਖ਼ੂਨ ਨਾਲ ਲਥਪਥ ਹੋ ਗਿਆ, ਕੰਧਾਂ ਤੇ ਬਿਸਤਰੇ ਉੱਤੇ ਵੀ ਖ਼ੂਨ ਖਿਲਰਿਆ ਹੋਇਆ ਸੀ। ਫਿਰ ਉਸ ਦੇ ਸਿਰ ਵਿੱਚ ਕਿਸੇ ਚੀਜ਼ ਨਾਲ ਵਾਰ ਕੀਤਾ। ਜਦ ਉਹ ਬੇਹੋਸ਼ ਹੋ ਗਿਆ ਤਾਂ ਉਸ ਨੂੰ ਛੱਤ ਤੋਂ ਹੇਠਾਂ ਸੁੱਟ ਦਿੱਤਾ। ਸ਼ਿਕਾਇਤਕਰਤਾ ਅਨੁਸਾਰ ਦੋਸ਼ੀ ਨੇ ਜਦ ਸੁਦਾਮੇ ਦੀ ਹਾਲਤ ਖਰਾਬ ਦੇਖੀ ਤਾਂ ਉਸ ਨੇ ਉਸ ਨੂੰ ਛੱਤ ਤੋਂ ਹੇਠਾਂ ਸੁੱਟ ਦਿੱਤਾ, ਤਾਂ ਕਿ ਲੱਗੇ ਕਿ ਸ਼ਰਾਬ ਪੀਣ ਕਾਰਨ ਅਚਾਨਕ ਡਿੱਗਣ ਉੱਤੇ ਉਸ ਦੀ ਮੌਤ ਹੋਈ ਹੈ।

## ਕੈਪਟਨ ਵੱਲੋਂ ਖੇਤੀ ਕਾਨੂੰਨਾਂ ਬਾਰੇ ਕੇਂਦਰ ਅਤੇ ਕਿਸਾਨ ਜਥੇਬੰਦੀਆਂ ਦੀ ਸਾਲਸੀ ਦੇ ਚਰਚੇ

ਚੰਡੀਗੜ੍ਹ, 14 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜਿਹੜੇ ਦਿੱਲੀ ਦੀ ਆਪਣੀ 3-4 ਦਿਨਾਂ ਦੀ ਫੇਰੀ ਪਿੱਛੋਂ ਚੰਡੀਗੜ੍ਹ ਮੁੜੇ ਹਨ, ਬਾਰੇ ਚਰਚਾ ਹੈ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਸਬੰਧੀ ਵਿਚਾਰ ਸਮਝਣ ਪਿੱਛੋਂ ਕੁਝ ਕਿਸਾਨ ਆਗੂਆਂ ਨਾਲ ਵੀ ਸੰਪਰਕ ਕੀਤਾ ਹੈ। ਆਉਂਦੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਕਿਸਾਨ ਅੰਦੋਲਨ ਬਾਰੇ ਕਾਫ਼ੀ ਪ੍ਰੇਸ਼ਾਨ ਦੱਸੀ ਜਾਂਦੀਕੇਂਦਰ ਸਰਕਾਰ ਨੂੰ ਇਸ ਗੁੰਝਲਦਾਰ ਸਥਿਤੀ ਵਿੱਚੋਂ ਨਿਕਲਣ ਲਈ ਵੱਡੀਆਂ ਉਮੀਦਾਂ ਹਨ, ਪ੍ਰੰਤੂ ਉਹ ਤਿੰਨ ਖੇਤੀ ਕਾਨੂੰਨ ਵਾਪਸ ਨਾ ਲੈਣ ਬਾਰੇ ਅਜੇ ਵੀ ਜ਼ਿਦ ਕਰ ਰਹੀ ਹੈ, ਜਿਸ ਕਾਰਨ ਕੋਈ ਰਸਤਾ ਹਾਲੇ ਨਹੀਂ ਨਿਕਲ ਰਿਹਾ।



ਮਿਲੀ ਜਾਣਕਾਰੀ ਅਨੁਸਾਰ ਮੁੱਢਲੀ ਗੱਲਬਾਤ ਦੌਰਾਨ ਕੇਂਦਰ ਸਰਕਾਰ ਨੇ ਇਨ੍ਹਾਂ ਕਾਨੂੰਨਾਂ ਉੱਤੇ ਅਮਲ ਤਿੰਨ ਸਾਲ ਅੱਗੇ ਪਾਉਣ, ਫ਼ਸਲਾਂ ਲਈ ਘੱਟੋ-ਘੱਟ ਖ਼ਰੀਦ ਮੁੱਲ ਦੀ ਗਾਰੰਟੀ, ਪੰਜਾਬ ਨੂੰ ਫ਼ਸਲੀ ਅਨੇਕਤਾ ਲਈ ਵੱਡਾ ਵਿੱਤੀ ਪੈਕੇਜ ਦੇਣ ਅਤੇ ਕਾਨੂੰਨਾਂ ਨੂੰ ਅਮਲ ਹੇਠ ਲਿਆਉਣ ਜਾਂ ਨਾ ਲਿਆਉਣ ਦਾ ਫ਼ੈਸਲਾ ਰਾਜਾਂ ਉੱਤੇ ਛੱਡਣ ਦੇ ਬਾਰੇਕੁਝ ਹੱਦ ਤਕ ਸਹਿਮਤੀ ਪ੍ਰਗਟਾਈ ਹੈ, ਜਿਸ ਤੋਂ ਸਾਫ ਹੈ ਕਿ ਇਹ ਕਾਨੂੰਨ ਉਨ੍ਹਾਂ ਰਾਜਾਂ ਵਿੱਚ ਅਮਲ ਹੇਠ ਲਿਆਂਦੇ ਜਾ ਸਕਣਗੇ, ਜਿੱਥੋਂ ਦੀਆਂ ਰਾਜ ਸਰਕਾਰਾਂ ਇਸ ਲਈ ਸਹਿਮਤੀ ਦੇਣਗੀਆਂ। ਸੁਪਰੀਮ ਕੋਰਟ ਨੇ ਵੀ ਪਹਿਲਾਂ ਇਨ੍ਹਾਂ ਕਾਨੂੰਨਾਂ ਉੱਤੇ ਅਮਲ ਰੋਕਿਆ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਦਿੱਲੀ ਫੇਰੀ ਦੌਰਾਨ ਕੇਂਦਰ ਤੇ ਭਾਜਪਾ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਦੌਰਾਨ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਕੇਂਦਰ ਸਰਕਾਰ ਇਸ ਮੁੱਦੇ ਉੱਤੇ ਕਿਸ ਹੱਦ ਤਕ ਪੈਰ ਪਿੱਛੇ ਖਿੱਚਣ ਲਈ ਤਿਆਰ ਹੋ ਸਕਦੀ ਹੈ।

ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੇ ਸਮਰਥਕਾਂ ਦਾ ਦਾਅਵਾ ਹੈ ਕਿ ਕੈਪਟਨ ਹਮੇਸ਼ਾ ਕਿਸਾਨੀ ਹਿੱਤਾਂ ਲਈ ਯਤਨਸ਼ੀਲ ਰਹੇ ਹਨ, ਉਹ ਦੇਸ਼ ਦੀ ਕਿਸਾਨੀ ਨੂੰ ਖੇਤੀ ਕਾਨੂੰਨੀ ਬਾਰੇ ਡੈਡਲਾਕ ਵਿੱਚੋਂ ਕੱਢਣ ਵਿੱਚ ਸਫਲ ਹੋ ਸਕਦੇ ਹਨ ਅਤੇ ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਦੀਵਾਲੀ ਤਕ ਇਸ ਬਾਰੇ ਕੋਈ ਸਫਲਤਾ ਮਿਲ ਸਕਦੀ ਹੈ। ਕੈਪਟਨ ਅਮਰਿੰਦਰ ਸਿੰਘ ਦਾ ਧੜਾ ਸਮਝਦਾ ਹੈ ਕਿ ਉਨ੍ਹਾਂ ਦੇ ਧੜੇ ਦੀ ਭਵਿੱਖ ਦੀ ਸਿਆਸਤ ਤੇ ਕਾਮਯਾਬੀ ਕਿਸਾਨ ਆਗੂਆਂ ਨਾਲ ਗੱਲਬਾਤ ਉੱਤੇ ਨਿਰਭਰ ਕਰੇਗੀ। ਇਸੇ ਲਈ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਜਾ ਰਹੀ ਨਵੀਂ ਪਾਰਟੀ ਦਾ ਨਾਂਅ ਕਿਸਾਨੀ ਨਾਲ ਜੋੜ ਕੇ ਰੱਖਣ ਦਾ ਫ਼ੈਸਲਾ ਲਿਆ ਗਿਆ ਤੇ ਪੁਰਾਣਾ ਪੰਜਾਬ ਵਿਕਾਸ ਪਾਰਟੀ ਦਾ ਨਾਂਅ ਛੱਡ ਦਿੱਤਾ ਗਿਆ ਹੈ।

## ਨਿੱਜੀ ਬੱਸਾਂ ਵਿੱਚ ਵਾਹਨ ਟਰੈਕਿੰਗ ਸਿਸਟਮ ਲੱਗਣਗੇ: ਵੜਿੰਗ

ਚੰਡੀਗੜ੍ਹ, 14 ਅਕਤੂਬਰ (ਪੋਸਟ ਬਿਊਰੋ)- ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਾ ਕਹਿਣਾ ਹੈ ਕਿ ਵਾਹਨ ਟਰੈਕਿੰਗ ਸਿਸਟਮ (ਵੀ ਟੀ ਐਸ) ਸਾਰੀਆਂ ਪ੍ਰਾਈਵੇਟ ਬੱਸਾਂ ਵਿੱਚ ਵੀ ਲਾਇਆ ਜਾਵੇਗਾ। ਪੰਜਾਬ ਰੋਡਵੇਜ਼ ਅਤੇ ਪਨਬਸ ਦੇ ਮੁੱਖ ਦਫਤਰ ਵਿਖੇ ਬੱਸ ਟਰੈਕਿੰਗ ਸਿਸਟਮ ਮਾਨੀਟ੍ਰਿੰਗ ਅਤੇ ਕੰਟਰੋਲ ਰੂਮ ਦੇ ਕੰਮਾਂ ਦੀ ਸਮੀਖਿਆ ਕਰਦੇ ਹੋਏ ਰਾਜਾ ਵੜਿੰਗ ਨੇ ਕਿਹਾ ਕਿ ਪ੍ਰਾਈਵੇਟ ਆਪਰੇਟਰਾਂ ਦੀਆਂ ਬੱਸਾਂ ਦੀ ਕਾਰਗੁਜ਼ਾਰੀ ਸੁਰੱਖਿਆ ਪੱਖ ਤੋਂ ਤਸੱਲੀ ਵਾਲੀ ਨਾ ਹੋਣ ਕਾਰਨ ਪ੍ਰਾਈਵੇਟ ਬੱਸਾਂ ਵਿੱਚ ਵੀ ਵਾਹਨ ਟ੍ਰੈਕਿੰਗ ਸਿਸਟਮ ਲਾਉਣਾ ਯਕੀਨੀ ਕੀਤਾ ਜਾਵੇਗਾ।



ਇਸ ਮੌਕੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੱਸਿਆ ਕਿ ਇਹੋ ਜਿਹਾ ਸਿਸਟਮ ਪਨਬਸ ਅਤੇ ਪੰਜਾਬ ਰੋਡਵੇਜ਼ ਦੀਆਂ 1450 ਬੱਸਾਂ ਵਿੱਚ ਲਾਗੂ ਕੀਤਾ ਜਾ ਚੁੱਕਾ ਹੈ, ਜੋ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਰਿਹਾ ਹੈ, ਕਿਸੇ ਐਮਰਜੈਂਸੀ ਸਥਿਤੀ ਲਈ ਔਰਤਾਂ ਲਈ ਬੱਸਾਂ ਵਿੱਚ ਪੈਨਿਕ ਬਟਨ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਵੀ ਟੀ ਐਸ ਰਾਹੀਂ ਬੱਸਾਂ ਦੀ ਤੇਜ਼ ਰਫਤਾਰ, ਗਲਤ ਢੰਗ ਨਾਲ ਬ੍ਰੇਕ ਲਾਉਣ ਅਤੇ ਤੇਜ਼ ਭਜਾਉਣ, ਬੱਸਾਂ ਦੀ ਰਾਤ ਠਹਿਰ, ਨਿਰਧਾਰਤ ਥਾਂਵਾਂ ਦੀ ਬਜਾਏ ਕਿਸੇ ਹੋਰ ਥਾਂ ਰੁਕਣਾ, ਬੱਸਾਂ ਦਾ ਢਾਬਿਆਂ ਉੱਤੇ 25 ਮਿੰਟਾਂ ਤੋਂ ਵੱਧ ਰੁਕਣਾ, ਮਿੱਥੇ ਸਟਾਪ ਉੱਤੇ ਨਾ ਰੁਕਣਾ, ਕਾਊਂਟਰਾਂ ਤੋਂ ਬੱਸਾਂ ਦੇ ਆਉਣ-ਜਾਣ ਦੇ ਅਸਲ ਸਮੇਂ ਦੀ ਨਿਗਰਾਨੀ, ਬੱਸਾਂ ਦੀ ਅਸਲ ਯਾਤਰਾ ਦੂਰੀ ਆਦਿ ਬਾਰੇ ਜਾਂਚ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ ਦੀ ਵਰਤੋਂ ਡਰਾਈਵਰਾਂ ਤੇ ਕੰਡਕਟਰਾਂ ਦੇ ਵਿਹਾਰ, ਬੱਸਾਂ ਦੀ ਵਰਤੋਂ, ਮੌਜੂਦ ਸਟਾਫ ਦੀ ਵਰਤੋਂ, ਬੱਸਾਂ ਨੂੰ ਮਿੱਥੇ ਸਮੇਂ ਤੋਂ ਦੇਰੀ ਨਾਲ ਅਤੇ ਪਹਿਲਾਂ ਚਲਾਉਣਾ, ਬੱਸਾਂ ਵੱਲੋਂ ਤੈਅ ਕੀਤੇ ਕਿਲੋਮੀਟਰਾਂ ਬਾਰੇ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ।

## ਬਹਿਬਲ ਕਲਾਂ ਕੇਸ ਵਿੱਚ ਦਸਤਾਵੇਜ਼ ਸੌਂਪਣ ਦਾ ਨਿਰਦੇਸ਼

ਫਰੀਦਕੋਟ, 14 ਅਕਤੂਬਰ (ਪੋਸਟ ਬਿਊਰੋ)- ਬਹਿਬਲ ਕਲਾਂ ਪੁਲਸ ਫਾਇਰਿੰਗ ਕੇਸ ਵਿੱਚ ਦੋਸ਼ੀ ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ ਅਤੇ ਸਰਕਾਰੀ ਪੱਖ ਦੇ ਵਿਚਕਾਰ ਕੁਝ ਦਸਤਾਵੇਜ਼ਾਂ ਦੀ ਸਪਲਾਈਬਾਰੇ ਛੇ ਮਹੀਨੇ ਤੋਂ ਵੱਧ ਸਮੇਂ ਤਕ ਝਗੜੇ ਦੇ ਬਾਅਦ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਫਰੀਦਕੋਟ ਦੀ ਅਦਾਲਤ ਨੇ ਸਰਕਾਰੀ ਧਿਰ ਨੂੰ ਇਹ ਦਸਤਾਵੇਜ਼ ਸੌਂਪਣ ਦੇ ਨਿਰਦੇਸ਼ ਦਿੱਤੇ ਹਨ। ਇਸ ਸੰਬੰਧ ਵਿੱਚ ਦੋ ਅਪ੍ਰੈਲ 2021 ਨੂੰ ਸ਼ਰਮਾ ਨੇ ਇੱਕ ਅਰਜ਼ੀ ਪੇਸ਼ ਕੀਤੀ ਸੀ, ਜਿਸ ਵਿੱਚ ਦੋਸ਼ੀ ਪਰਮਰਾਜ ਸਿੰਘ ਉਮਰਾਨੰਗਲ, ਸੁਮੇਧ ਸਿੰਘ ਸੈਣੀ, ਬਿਕਰਮਜੀਤ ਸਿੰਘ, ਅਮਰਜੀਤ ਸਿੰਘ ਕੁਲਾਰ, ਸੁਹੇਲ ਸਿੰਘ ਬਰਾੜ ਅਤੇ ਪੰਕਜ ਬਾਂਸਲ ਦੇ ਖਿਲਾਫ ਪੁਲਸ ਵੱਲੋਂ ਪੇਸ਼ ਕੀਤੇ ਗਏ ਤਿੰਨ ਸਪਲੀਮੈਂਟਰੀ ਚਲਾਨਾਂ ਦੀਆਂ ਕਾਪੀਆਂ ਦਿੱਤੇ ਜਾਣ ਦੀ ਮੰਗ ਕੀਤੀ ਗਈ ਸੀ। ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਕੋਈ ਦਸਤਾਵੇਜ਼ ਨਹੀਂ ਦਿੱਤੇ ਗਏ, ਜੋ ਕੇਸਦਾ ਜਵਾਬ ਦੇਣ ਦੀ ਤਿਆਰੀ ਲਈ ਜ਼ਰੂਰੀ ਸਨ।

ਪੰਜਾਬ ਦੇ ਸਰਕਾਰੀ ਵਕੀਲ ਨੇ ਦਾਅਵਾ ਕੀਤਾ ਕਿ ਦਸਤਾਵੇਜ਼ਾਂ ਦੀਆਂ ਕਾਪੀਆਂ ਦੋਸ਼ੀ ਨੂੰ ਪਹਿਲਾਂ ਦਿੱਤੀਆਂ ਜਾ ਚੁੱਕੀਆਂ ਸਨ ਅਤੇ ਉਹ ਮੁਕੱਦਮੇ ਵਿੱਚ ਦੇਰੀ ਲਈ ਇੱਕ ਪਿੱਛੋਂ ਦੂਸਰੀ ਅਰਜ਼ੀਆਂ ਦੇ ਰਿਹਾ ਹੈ। ਅਰਜ਼ੀਆਂ ਪੇਸ਼ ਕਰਨ ਦਾ ਉਸ ਦਾ ਇੱਕੋ ਮਕਸਦ ਅਤੇ ਇਰਾਦਾ ਮੁਕੱਦਮੇ ਵਿੱਚ ਦੇਰੀ ਕਰਨਾ ਹੈ। ਇਸ ਤਰ੍ਹਾਂ ਦੀ ਅਰਜ਼ੀ ਪੇਸ਼ ਕਰ ਕੇ ਉਹ ਕੇਸ ਦੀ ਸੁਚਾਰੂ ਸੁਣਵਾਈ ਅਤੇ ਨਿਆਂ ਦਿਵਾਉਣ ਬਾਰੇ ਸਰਕਾਰੀ ਪੱਖਦੇ ਰਾਹ ਵਿੱਚ ਰੋੜਾ ਅਟਕਾ ਰਿਹਾ ਹੈ। ਓਧਰ ਸ਼ਰਮਾ ਨੇ ਦਾਅਵਾ ਕੀਤਾ ਕਿ ਕਿਉਂਕਿ ਕੇਸਦੇ ਸਾਰੇ ਚਲਾਨ ਆਪੋ ਵਿੱਚ ਜੁੜਦੇ ਹਨ, ਉਹ ਕਾਪੀਆਂ ਲੈਣ ਦਾ ਹੱਕਦਾਰ ਹੈ।

## ਐਸ ਸੀ ਕਮਿਸ਼ਨ ਵੱਲੋਂ ਦਲਿਤ ਪਰਿਵਾਰ ਦੀ ਕੁੱਟਮਾਰ ਦਾ ਨੋਟਿਸ

ਤਰਨ ਤਾਰਨ, 14 ਅਕਤੂਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਸਰਹੱਦੀ ਪਿੰਡ ਪਿੰਡ ਆਸਲ ਉਤਾੜ ਵਿਖੇ ਪਲਾਟ ਦੇ ਝਗੜੇ ਕਾਰਨ ਕੁਝ ਲੋਕਾਂ ਵੱਲੋਂ ਐਸ ਸੀ (ਸ਼ਡਿਊਲਡ ਕਾਸਟ) ਪਰਵਾਰ ਦੀ ਕੁੱਟਮਾਰ ਕਰਨ ਅਤੇ ਇੱਕ ਔਰਤ ਨਾਲ ਸੈਕਸ ਛੇੜਛਾੜ ਦੇ ਕੇਸ ਦਾ ਨੈਸ਼ਨਲ ਐਸ ਸੀ ਕਮਿਸ਼ਨ ਨੇ ਨੋਟਿਸ ਲਿਆ ਹੈ। ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਦੀ ਹਦਾਇਤ ਉੱਤੇ 22 ਅਕਤੂਬਰ ਤਕ ਇਸ ਕੇਸਵਿੱਚ ਕਾਰਵਾਈ ਦੀ ਰਿਪੋਰਟ ਮੰਗੀ ਗਈ ਹੈ।

ਪਤਾ ਲੱਗਾ ਹੈ ਕਿ ਸ਼ਿਕਾਇਤਕਰਤਾ ਨਿੰਦਰ ਸਿੰਘ ਨੇ 2018 ਵਿੱਚ ਪਿੰਡ ਆਸਲ ਉਤਾੜ ਵਿਖੇ ਘਰ ਖਰੀਦਿਆ ਸੀ, ਪਰ ਪਿੰਡ ਦੇ ਕੁਝ ਲੋਕ ਇਸ ਉੱਤੇ ਕਬਜ਼ਾ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ 12 ਜਨਵਰੀ ਨੂੰ ਇਸ ਪਰਵਾਰ ਉਪਰ ਹਮਲਾ ਕਰ ਦਿੱਤਾ, ਜਿਨ੍ਹਾਂ ਵਿੱਚ ਕੁਝ ਅਣਪਛਾਤੇ ਬੰਦੇ ਸ਼ਾਮਲ ਸਨ। ਸ਼ਿਕਾਇਤ ਮੁਤਾਬਕ ਰਸੂਖ ਵਾਲੇ ਇਨ੍ਹਾਂ ਬੰਦਿਆਂ ਨੇ ਪਰਵਾਰ ਵਿੱਚ ਮੌਜੂਦ ਔਰਤ ਨਾਲ ਛੇੜਖਾਨੀ ਕਰਨ ਦੀ ਕੋਸ਼ਿਸ਼ ਕੀਤੀ ਤੇ ਉਸ ਦੇ ਕੱਪੜੇ ਪਾੜ ਦਿੱਤੇ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਪਰਵਾਰ ਉਪਰ ਤਲਵਾਰਾਂ ਨਾਲ ਹਮਲਾ ਕੀਤਾ ਗਿਆ ਅਤੇ ਫਾਇਰ ਵੀ ਕੀਤੇ ਗਏ। ਉਨ੍ਹਾਂ ਨੇ ਜਾਤੀ ਸੂਚਕ ਸ਼ਬਦ ਬੋਲਣ ਦੇ ਵੀ ਦੋਸ਼ ਲਾਏ ਹਨ। ਇਹੀ ਨਹੀਂ, ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਕਿ ਉਨ੍ਹਾਂ ਨੇ ਵਲਟੋਹਾ ਥਾਣੇ ਨੂੰ ਰਿਪੋਰਟ ਦਿੱਤੀ, ਪਰ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਨੇ ਐਸ ਐਚ ਓ ਬਲਵਿੰਦਰ ਸਿੰਘ ਕੋਲ ਲਿਖਤੀ ਸ਼ਿਕਾਇਤ ਕੀਤੀ ਸੀ ਤੇ ਕਾਰਵਾਈ ਨਾ ਹੋਣ ਮਗਰੋਂ ਡੀ ਐਸ ਪੀ ਭਿੱਖੀਵਿੰਡ ਨੂੰ ਸ਼ਿਕਾਇਤ ਦਿੱਤੀ। ਪੁਲਸ ਨੇ ਇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਵੀ ਬਣਾਈ, ਪਰ ਅਜੇ ਤਕ ਦੋਸ਼ੀਆਂ ਉੱਤੇ ਕੋਈ ਕਾਰਵਾਈ ਨਹੀਂ ਹੋਈ।

ਐੱਸ ਸੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਨੇ ਜਲੰਧਰ ਡਵੀਜ਼ਨ ਦੇ ਕਮਿਸ਼ਨਰ, ਫਿਰੋਜ਼ਪੁਰ ਰੇਂਜ ਦੇ ਆਈ ਜੀ, ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਸ ਮੁਖੀ ਨੂੰ ਨੋਟਿਸ ਜਾਰੀ ਕਰ ਕੇ ਕਿਹਾ ਕਿ ਕੇਸ ਦੀ ਜਾਂਚ ਕਰ ਕੇ ਰਿਪੋਰਟ ਤੁਰੰਤ ਕਮਿਸ਼ਨ ਨੂੰ ਭੇਜੀ ਜਾਵੇ।

### ਹਾਈ ਕੋਰਟ ਵਿੱਚ ਰਿਪੋਰਟ ਪੇਸ਼

## ਪਿੰਡ ਦੀ ਹੋਂਦ ਹੀ ਨਹੀਂ, ਗਰਾਂਟਾਂ ਦਿੱਤੀਆਂ ਜਾ ਰਹੀਆਂ ਨੇ

ਚੰਡੀਗੜ੍ਹ, 14 ਅਕਤੂਬਰ (ਪੋਸਟ ਬਿਊਰੋ)- ਜਲੰਧਰ ਜ਼ਿਲੇ ਵਿੱਚ ਵਜੂਦ ਨਾ ਹੋਣ ਦੇ ਬਾਵਜੂਦ ਇੱਕ ਪਿੰਡ ਦੇ ਵਿਕਾਸ ਦੇ ਨਾਂਅ ਉੱਤੇ ਸਰਕਾਰ ਤੋਂ ਗਰਾਂਟਾਂ ਲੈ ਕੇ ਘਪਲੇਬਾਜ਼ੀ ਕਰਨ ਦੇ ਦੋਸ਼ ਬਾਰੇ ਹਾਈ ਕੋਰਟ ਦੇ ਆਦੇਸ਼ਾਂ ਉੱਤੇਇੱਕ ਸੀਲਡ ਰਿਪੋਰਟ ਜਲੰਧਰ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਹਾਈ ਕੋਰਟ ਨੂੰ ਪੇਸ਼ ਕੀਤੀ ਹੈ। ਇਸ ਨੂੰ ਅਦਾਲਤ ਦੇ ਹੁਕਮਾਂ ਮੁਤਾਬਕ ਖੋਲ੍ਹਿਆ ਗਿਆ ਤਾਂ ਪਟੀਸ਼ਨਰ ਪੱਖ ਨੇ ਇਸ ਦੀ ਜਾਂਚ ਲਈ ਬੈਂਚ ਨੂੰ ਸਹਿਯੋਗ ਕਰਨ ਲਈ ਸਮਾਂ ਮੰਗਿਆ ਹੈ। ਅਜਿਹੇ ਵਿੱਚ 28 ਅਕਤੂਬਰ ਲਈ ਕੇਸ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਗਈ ਹੈ।




ਇਸ ਜ਼ਿਲੇ ਦੇ ਪੂਰਨ ਸਿੰਘ ਅਤੇ ਚੰਡੀਗੜ੍ਹ ਦੇ ਗੁਰਨਾਮ ਸਿੰਘ ਸਿੱਧੂ ਨੇ ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਤੇ ਹੋਰਨਾਂ ਨੂੰ ਪਾਰਟੀ ਬਣਾ ਕੇ ਪਟੀਸ਼ਨ ਦਾਇਰ ਕਰਦਿਆਂ ਮੰਗ ਕੀਤੀ ਸੀ ਕਿ ਪੰਜਾਬ ਸਰਕਾਰ ਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਨੂੰ ਆਦੇਸ਼ ਦਿੱਤੇ ਜਾਣ ਕਿ ਜਲੰਧਰ ਦੇ ਇੱਕ ਪਿੰਡ ਦਿਵਿ- ਵਆ ਗ੍ਰਾਮ, ਬਲਾਕ ਨੂਰਮਹਿਲ, ਜਲੰਧਰ, ਜਿਸ ਦੀ ਹੋਂਦ ਹੀ ਨਹੀਂ ਹੈ, ਦੀ ਗ੍ਰਾਮ ਪੰਚਾਇਤ ਬਣਾਉਣ ਦੇ ਕੇਸ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ। ਇਸਦੇ ਨਾਲ ਸਬੰਧਤ ਗ੍ਰਾਮ ਪੰਚਾਇਤ ਵੱਲੋਂ ਗਰਾਂਟ ਵਿੱਚ ਲਏ ਫ਼ੰਡ ਅਤੇ ਘਪਲੇਬਾਜ਼ੀ ਵਿਰੁੱਧ ਸਬੰਧਤ ਅਫ਼ਸਰਾਂ ਉੱਤੇ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਹੋਂਦ ਨਾ ਹੋਣ ਦੇ ਬਾਵਜੂਦ ਇਸ ਪਿੰਡ ਦੇ ਵਿਕਾਸ ਦੇ ਨਾਂਅ ਉੱਤੇ 13ਵੇਂ ਤੇ 14ਵੇਂ ਵਿੱਤ ਕਮਿਸ਼ਨ ਦੇ ਰਾਹੀਂ ਫ਼ੰਡ ਦਿੱਤੇ ਗਏ ਸਨ।



## ਯੇਦੀਯੁਰੱਪਾ ਦੇ ਕਰੀਬੀਆਂ ਉੱਤੇ ਛਾਪਿਆਂ ਵਿੱਚ 750 ਕਰੋੜ ਰੁਪਏ ਦੀ ਅਣ-ਐਲਾਨੀ ਜਾਇਦਾਦ ਮਿਲੀ



ਬੰਗਲੌਰ, 14 ਅਕਤੂਬਰ (ਪੋਸਟ ਬਿਊਰੋ)- ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬੀ ਐਸ ਯੇਦੀਯੁਰੱਪਾ ਦੇ ਕਰੀਬੀ ਬੀ ਆਰ ਉਮੇਸ਼ ਅਤੇ ਹੋਰਨਾਂ ਦੇ ਬੰਗਲੌਰ ਅਤੇ ਕਈ ਹੋਰ ਸਥਾਨਾਂ ਉੱਤੇਤਾਜ਼ਾ ਇਨਕਮ ਟੈਕਸ ਛਾਪਿਆਂ ਵਿੱਚ ਕਰੀਬ 750 ਕਰੋੜ ਰੁਪਏ ਦੀ ਅਣ-ਐਲਾਨੀ ਜਾਇਦਾਦ ਦਾ ਪਤਾ ਲੱਗਾ ਹੈ। ਸਬੰਧਤ ਕੰਪਨੀ ਗਰੁੱਪਾਂ ਨੇ ਇਨ੍ਹਾਂ ਵਿੱਚੋਂ 487 ਕਰੋੜ ਰੁਪਏ ਦੀ ਰਾਸ਼ੀ ਨੂੰ ਆਪਣੀ ਅਣ-ਐਲਾਨੀ ਆਮਦਨ ਸਵੀਕਾਰ ਕਰ ਲਿਆ ਹੈ।

ਇਨਕਮ ਟੈਕਸ ਵਿਭਾਗ ਨੇ ਸੱਤ ਅਕਤੂਬਰ ਤੋਂ ਤਿੰਨ ਦਿਨਾਂ ਤਕ ਬੀ ਆਰ ਉਮੇਸ਼ ਸਮੇਤ ਸਿੰਚਾਈ ਅਤੇ ਹਾਈਵੇ ਪ੍ਰੋਜੈਕਟਾਂ ਵਿੱਚ ਲੱਗੇ ਬੰਗਲੌਰ ਵਿਚਲੇ ਤਿੰਨ ਵੱਡੇ ਠੇਕੇਦਾਰਾਂ ਦੇ ਮਾਮਲੇ ਵਿੱਚ ਤਲਾਸ਼ੀ ਅਤੇ ਜ਼ਬਤੀ ਮੁਹਿੰਮ ਚਲਾਈ ਸੀ। ਛਾਪਿਆਂ ਦੌਰਾਨ 4.69 ਕਰੋੜ ਰੁਪਏ ਨਕਦ, 8.67 ਕਰੋੜ ਰੁਪਏ ਦੇ ਗਹਿਣੇ ਅਤੇ ਸੋਨਾ-ਚਾਂਦੀ ਤੇ 29.83 ਲੱਖ ਰੁਪਏ ਦੀਆਂ ਚਾਂਦੀ ਦੀਆਂ ਵਸਤਾਂ ਜ਼ਬਤ ਕੀਤੀਆਂ ਗਈਆਂ ਹਨ। ਸੂਤਰਾਂ ਮੁਤਾਬਕ ਪੂਰੀ ਆਸ ਹੈ ਕਿ ਪੈਸਾ ਯੇਦੀਯੁਰੱਪਾ ਤਕ ਪਹੁੰਚਦਾ ਸੀ। ਇਸ ਦੌਰਾਨ ਕਰਨਾਟਕਾ ਦੇ ਸਾਬਕਾ ਮੁੱਖ ਮੰਤਰੀ ਐਚ ਡੀ ਕੁਮਾਰਸਵਾਮੀ ਨੇ ਦੋਸ਼ ਲਾਇਆ ਹੈ ਕਿ ਇਹ ਛਾਪੇ ਯੇਦੀਯੁਰੱਪਾ ਨੂੰ ਮਾਤ ਦੇਣ ਅਤੇ ਵੱਸ ਵਿੱਚ ਕਰਨ ਲਈ ਮਾਰੇ ਗਏ ਹਨ।

ਇਨਕਮ ਟੈਕਸ ਵਿਭਾਗ ਨੇ ਡਿਜ਼ਾਈਨ ਬਾਕਸ ਕੰਪਨੀ ਦੇ ਦਫਤਰ ਅਤੇ ਉਸ ਹੋਟਲ ਰੂਮ ਵਿੱਚ ਵੀ ਛਾਪੇ ਮਾਰੇ ਹਨ, ਜਿਸ ਵਿੱਚ ਕੰਪਨੀ ਦੇ ਮਾਲਕ ਨਰੇਸ਼ ਅਰੋੜਾ ਰਹਿੰਦੇ ਹਨ। ਇਹ ਕੰਪਨੀ ਰਾਜਸੀ ਨੇਤਾਵਾਂ ਦੇ ਇੰਟਰਨੈਟ ਮੀਡੀਆ ਪਲੇਟਫਾਰਮਾਂ ਦਾ ਪ੍ਰਬੰਧ ਤੇ ਬ੍ਰਾਂਡਿੰਗ ਕਰਦੀ ਹੈ।

## ਜ਼ੋਰਾਵਰਾਂ ਦੀ ਸ਼ਿਕਾਇਤ ਉਤੇ 150 ਦਲਿਤ ਪਰਿਵਾਰਾਂ ਦਾ ਬਾਈਕਾਟ

ਜੀਂਦ, 14 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ਵਿੱਚ ਜੀਂਦ ਜ਼ਿਲ੍ਹੇ ਦੇ ਉਚਾਣਾ ਵਿਧਾਨ ਸਭਾ ਖੇਤਰ ਦੇ ਛਾਤਰ ਪਿੰਡ ਵਿੱਚ ਇੱਕ ਦਲਿਤ ਨੌਜਵਾਨ ਦੀ ਕੁੱਟਮਾਰ ਕਰਨ ਵਾਲੇ ਉਚ ਜਾਤੀ ਦੇ ਨੌਜਵਾਨ ਦੀ ਸ਼ਿਕਾਇਤ ਪੁਲਸ ਨੂੰ ਕਰਨ ਉੱਤੇ 150 ਦਲਿਤ ਪਰਵਾਰਾਂ ਦਾ ਕੱਲ੍ਹ ਤੋਂ 15 ਦਿਨ ਦਾ ਸਮਾਜਕ ਬਾਈਕਾਟ ਕਰ ਦਿੱਤਾ ਗਿਆ ਹੈ।

ਇਸ ਵਿੱਚ ਦੋਸ਼ ਹੈ ਕਿ ਜ਼ੋਰਾਵਰਾਂ ਨੇ ਪੰਚਾਇਤ ਕਰ ਕੇ ਬਿਨਾਂ ਸ਼ਰਤ ਸ਼ਿਕਾਇਤ ਵਾਪਸ ਲੈਣ ਤਕ ਬਾਈਕਾਟ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਸ਼ਿਕਾਇਤ ਅਨੁਸਾਰ ਇਨ੍ਹਾਂ 150 ਦਲਿਤ ਪਰਵਾਰਾਂ ਨੂੰ ਨਾ ਖੇਤਾਂ ਵਿੱਚ ਜਾਣ ਦਿੱਤਾ ਜਾ ਰਿਹਾ ਹੈ, ਨਾ ਪਿੰਡ ਦੇ ਕਿਸੇ ਹੋਰ ਮੁਹੱਲੇ ਵਿੱਚ ਉਨ੍ਹਾਂ ਨੂੰ ਜਾਣ ਦੀ ਇਜਾਜ਼ਤ ਹੈ ਅਤੇ ਨਾ ਦੁਕਾਨਦਾਰ ਉਨ੍ਹਾਂ ਨੂੰ ਸਾਮਾਨ ਦੇ ਰਹੇ ਹਨ। ਜੀਂਦ ਦੇ ਐਸ ਪੀ ਵਸੀਮ ਅਕਰਮ ਨੇ ਦੱਸਿਆ ਕਿ ਮਾਮਲਾ ਪੁਲਸ ਦੇ ਧਿਆਨ ਵਿੱਚ ਹੈ ਤੇ ਉਚਾਣਾ ਦੇ ਐਸ ਡੀ ਐਮ ਅਤੇ ਡੀ ਐਸ ਪੀ ਨੂੰ ਜਾਂਚ ਲਈ ਕਈ ਵਾਰ ਪਿੰਡ



ਭੇਜਿਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਪਿੰਡ ਵਿੱਚ ਪੁਲਸ ਲਾਈ ਗਈ ਹੈ। ਮਾਂਗੁ ਬਾਗੜ ਮੁਹੱਲੇ ਦੇ ਸੱਤਰ ਸਾਲਾ ਬਜ਼ੁਰਗ ਲਹਿਰੀ ਸਿੰਘ ਨੇ ਦੱਸਿਆ ਕਿ 10 ਸਤੰਬਰ ਨੂੰ ਗੁਰਮੀਤ ਖੇਡ ਮੇਲੇ ਵਿੱਚ ਕਬੱਡੀ ਮੈਚ ਦੇਖਣ ਗਿਆ ਸੀ। ਉਥੇ ਉਸ ਦੇ ਨਾਲ ਪਿੰਡ ਦੇ ਰਾਜੇਸ਼ ਪੁੱਤਰ ਬਿੱਲਾ ਅਤੇ ਉਸ ਦੇ ਕਈ ਸਾਥੀਆਂ ਨੇ ਮਾਰਕੁੱਟ ਕੀਤੀ। ਗੁਰਮੀਤ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਕੀਤੀ ਤਾਂ ਦੋਸ਼ੀ ਨੌਜਵਾਨਾਂ ਦੇ ਪਰਵਾਰ ਵਾਲੇ ਪਿੰਡ ਦੇ ਕੁਝ ਲੋਕਾਂ ਨਾਲ ਮੁਹੱਲੇ ਵਿੱਚ ਆਏ ਤੇ ਧਮਕੀ ਕੇ ਗੁਰਮੀਤ ਨੂੰ ਮਾਮਲਾ ਵਾਪਸ ਲੈਣ ਨੂੰ ਕਿਹਾ। ਲਹਿਰੀ ਸਿੰਘ ਨੇ ਦੱਸਿਆ ਕਿ ਲਗਾਤਾਰ ਦਬਾਅ ਤੋਂ ਤੰਗ ਆ ਕੇ ਗੁਰਮੀਤ ਨੇ ਸ਼ਿਕਾਇਤ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ।

## ਉੱਪ ਰਾਸ਼ਟਰਪਤੀ ਵੈਂਕਈਆ ਨਾਇਡੂ ਦੀ ਅਰੁਣਾਚਲ ਫੇਰੀ ਉਤੇ ਚੀਨ ਨੂੰ ਇਤਰਾਜ਼




ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਦੇ ਅਰੁਣਾਚਲ ਪ੍ਰਦੇਸ਼ ਦੌਰੇ ਉੱਤੇਚੀਨ ਵੱਲੋਂ ਪ੍ਰਗਟਾਏ ਇਤਰਾਜ਼ ਭਾਰਤ ਨੇ ਰੱਦ ਕਰ ਦਿੱਤੇ ਹਨ। ਭਾਰਤ ਨੇ ਕਿਹਾ ਕਿ ਇਹ ਰਾਜ ਭਾਰਤ ਦਾ ਅਟੁੱਟ ਹਿੱਸਾ ਹੈ ਅਤੇ ਇਸ ਨੂੰ ਕਦੇ ਵੀ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ।

ਵਰਨਣ ਯੋਗ ਹੈ ਕਿ ਚੀਨ ਨੇ ਕੱਲ੍ਹ ਕਿਹਾ ਸੀ ਕਿ ਉਹ ਅਰੁਣਾਚਲ ਪ੍ਰਦੇਸ਼ ਦਾ ਭਾਰਤੀ ਆਗੂਆਂ ਵੱਲੋਂ ਦੌਰਾ ਕਰਨ ਦਾ ਵਿਰੋਧ ਕਰਦਾ ਹੈ, ਕਿਉਂਕਿ ਉਨ੍ਹਾਂ ਕਦੇ ਵੀ ਅਰੁਣਾਚਲ ਨੂੰ ਮਾਨਤਾ ਨਹੀਂ ਦਿੱਤੀ। ਚੀਨ ਇਸ ਤੋਂਪਹਿਲਾਂ ਵੀ ਭਾਰਤੀ ਆਗੂਆਂ ਵੱਲੋਂ ਅਰੁਣਾਚਲ ਪ੍ਰਦੇਸ਼ ਦਾ ਦੌਰਾ ਕਰਨਦਾ ਇਤਰਾਜ਼ ਕਰ ਚੁੱਕਾ ਹੈ। ਉਹ ਦਾਅਵਾ ਕਰਦਾ ਹੈ ਕਿ ਅਰੁਣਾਚਲ ਪ੍ਰਦੇਸ਼ ਦੱਖਣੀ ਤਿੱਬਤ ਦਾ ਹਿੱਸਾ ਹੈ। ਭਾਰਤ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਅਰਿਦਮ ਬਾਗਚੀ ਨੇ ਕਿਹਾ ਹੈ ਕਿ ਭਾਰਤੀ ਆਗੂਆਂ ਦੇ ਭਾਰਤੀ ਸੂਬੇ ਦੇ ਦੌਰੇ ਉੱਤੇ ਇਤਰਾਜ਼ ਕਰਨ ਦਾ ਕੋਈ ਕਾਰਨ ਨਹੀਂ ਤੇ ਇਹ ਸਮਝ ਤੋਂ ਬਾਹਰ ਹੈ। ਬਾਗਚੀ ਨੇ ਕਿਹਾ ਕਿ ਉਨ੍ਹਾਂ ਚੀਨ ਦੇ ਸਰਕਾਰੀ ਬੁਲਾਰੇ ਦੀਆਂ ਟਿੱਪਣੀਆਂ ਦਾ ਨੋਟਿਸ ਲਿਆ ਹੈ। ਭਾਰਤ ਇਨ੍ਹਾਂ ਨੂੰ ਰੱਦ ਕਰਦਾ ਹੈ।

ਵੈਂਕਈਆ ਨਾਇਡੂ ਨੇ ਪਿਛਲੇ ਹਫਤੇ ਦੇ ਅਖੀਰ ਵਿੱਚ ਅਰੁਣਾਚਲ ਦੌਰੇ ਦੌਰਾਨ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਨੂੰ ਸੰਬੋਧਨ ਕੀਤਾ ਸੀ। ਭਾਰਤੀ ਬੁਲਾਰੇ ਨੇ ਕਿਹਾ ਕਿ ਦੇਸ਼ ਦੇ ਆਗੂ ਅਰੁਣਾਚਲ ਪ੍ਰਦੇਸ਼ ਵੀਓਦਾਂ ਹੀ ਜਾਂਦੇ ਰਹਿੰਦੇ ਹਨ, ਜਿਵੇਂ ਉਹ ਬਾਕੀ ਰਾਜਾਂ ਵਿੱਚ ਜਾਂਦੇ ਹਨ। ਇਸ ਤੋਂ ਪਹਿਲਾਂ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਜਿਆਨ ਨੇ ਕਿਹਾ ਕਿ ਭਾਰਤ ਨੇ ਅਰੁਣਚਲ ਦੀ ਸਥਾਪਨਾ ਇਕਪਾਸੜ ਤੇ ਗੈਰ ਕਾਨੂੰਨੀ ਢੰਗ ਨਾਲ ਕੀਤੀ ਸੀ। ਝਾਓ ਨੇ ਕਿਹਾ ਕਿ ਉਹ ਭਾਰਤੀ ਧਿਰ ਨੂੰ ਬੇਨਤੀ ਕਰਦੇ ਹਨ ਕਿ ਅਰੁਣਚਲ ਨਾਲ ਜੁੜੇ ਚੀਨ ਦੇ ਫਿਕਰਾਂ ਨੂੰ ਸਤਿਕ-ਾਰ ਨਾਲ ਲਿਆ ਜਾਵੇ। ਇਸ ਤਰ੍ਹਾਂ ਦਾ ਕੋਈ ਕਦਮ ਨਾ ਚੁੱਕਿਆ ਜਾਵੇ, ਜੋ ਸਥਿਤੀ ਨੂੰ ਹੋਰ ਗੁੰਝਲਦਾਰ ਬਣਾਏ ਤੇ ਸਰਹੱਦੀ ਵਿਵਾਦ ਨੂੰ ਵਧਾਏ। ਉਨ੍ਹਾਂ ਕਿਹਾ ਕਿ ਆਪਸੀ ਭਰੋਸੇ ਤੇ ਦੁਵੱਲੇ ਰਿਸ਼ਤਿਆਂ ਨੂੰ ਅਣਗੌਲਿਆ ਨਾ ਜਾਵੇ। ਬੁਲਾਰੇ ਨੇ ਕਿਹਾ ਕਿ ਭਾਰਤ ਨੂੰ ਸਰਹੱਦ ਉੱਤੇ ਸ਼ਾਂਤੀ-ਸਥਿਰਤਾ ਬਣਾਈ ਰੱਖਣ ਦੇ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਦੁਵੱਲੇ ਰਿਸ਼ਤੇ ਮੁੜ ਲੀਹ ਉੱਤੇ ਪੈ ਸਕਣ। ਭਾਰਤ ਤੇ ਚੀਨ ਵਿਚਾਲੇ ਪਿੱਛੇ ਜਿਹੇ ਹੋਈ ਫੌਜੀ ਵਾਰਤਾ ਵਿੱਚ ਭਾਰਤੀ ਧਿਰ ਨੂੰ ਜ਼ੋਰ ਦੇ ਕੇ ਕਿਹਾ ਸੀ ਕਿ ਪੂਰਬੀ ਲੱਦਾਖ ਵਿੱਚ ਬਕਾਇਆ ਸਰਹੱਦੀ ਮਸਲੇ ਹੱਲ ਕੀਤੇ ਜਾਣ, ਪਰ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲ ਸਕਿਆ।

## ਦਿੱਲੀ ਦੰਗਿਆਂ ਦੇ ਕੇਸ ਵਿੱਚ ਦੋ ਜਣਿਆਂ ਨੂੰ ਜ਼ਮਾਨਤ ਤੋਂ ਨਾਂਹ



ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਪਿਛਲੇ ਸਾਲ 2020 ਵਿੱਚ ਦਿੱਲੀ ਵਿੱਚ ਹੋਏ ਦੰਗਿਆਂ ਦੇ ਕੇਸ ਨਾਲ ਸਬੰਧਤ ਗੋਕੁਲਪੁਰ ਇਲਾਕੇ ਵਿੱਚ 15 ਸਾਲਾ ਲੜਕੇ ਦੀ ਮਿਲੀ ਲਾਸ਼ ਮਿਲਣਬਾਰੇ ਹਾਈ ਕੋਰਟ ਨੇ ਦੋ ਵਿਅਕਤੀਆਂ ਨੂੰ ਜ਼ਮਾਨਤ ਤੋਂ ਇਨਕਾਰ ਕਰ ਦਿੱਤਾ ਹੈ। ਓਦੋਂ ਉਸ ਲੜਕੇ ਦੀ ਲਾਸ਼ ਡਰੇਨ ਵਿੱਚੋਂ ਮਿਲਣ ਪਿੱਛੋਂ ਇਨ੍ਹਾਂ ਦੋਵਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਦੇ ਬਾਅਦ ਕੇਸ ਦੀ ਸੁਣਵਾਈ ਚੱਲ ਰਹੀ ਹੈ।

ਦਿੱਲੀ ਹਾਈ ਕੋਰਟ ਦੇ ਜਸਟਿਸ ਮੁਕਤਾ ਗੁਪਤਾ ਨੇ ਕਿਹਾ ਕਿ ਗਵਾਹਾਂ ਦੇ ਮੁਤਾਬਕ ਉਨ੍ਹਾਂ ਨੇ ਦੋਸ਼ੀਆਂ ਅੰਕਿਤ ਚੌਧਰੀ ਤੇ ਰਿਸ਼ਭ ਚੌਧਰੀ ਨੂੰ ਦੇਖਿਆ ਸੀ, ਜਿਨ੍ਹਾਂ ਨੇ ਦੂਜੇ ਧਰਮ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਸੀ, ਇਸ ਲਈ ਇਨ੍ਹਾਂ ਨੂੰ ਜ਼ਮਾਨਤ ਦੇਣ ਦਾ ਕੋਈ ਆਧਾਰ ਨਹੀਂ ਬਣਦਾ। ਅਦਾਲਤ ਨੇ ਕਿਹਾ ਕਿ ਪਟੀਸ਼ਨਰ ਅਪਰਾਧ ਵਾਲੀ ਥਾਂ ਦੇ ਨੇੜੇ ਰਹਿੰਦੇ ਹਨ, ਪਰ ਕਾਲ ਰਿਕਾਰਡ ਦੇ ਮੁਤਾ-ਬਕ ਉਨ੍ਹਾਂ ਦੀ ਟਾਵਰ ਲੋਕੇਸ਼ਨ ਇਹ ਸਾਬਤ ਕਰਨ ਲਈ ਕਾਫੀ ਨਹੀਂ ਕਿ ਉਹ ਘਟਨਾ ਵਾਲੀ ਥਾਂ ਮੌਜੂਦ ਨਹੀਂ ਸਨ, ਸ਼ਾਇਦ ਉਹ ਆਪਣੇ ਫੋਨ ਘਰ ਛੱਡ ਗਏ ਹੋਣ। ਸਰਕਾਰੀ ਪੱਖ ਦਾ ਕਹਿਣਾ ਹੈ ਕਿ ਜਿਹੜੀ ਮ੍ਰਿਤਕ 15 ਸਾਲਾ ਲੜਕੇ ਦੇ ਸਿਰ ਦੇ ਪਿੱਛੇ ਸੱਟ ਮਾਰੀ ਗਈ ਸੀ। ਉਸ ਦੀ ਲਾਸ਼ ਡਰੇਨ ਵਿੱਚੋਂ ਪਹਿਲੀ ਮਾਰਚ 2020 ਨੂੰ ਮਿਲੀ ਤੇ ਲੜਕੇ ਦੇ ਪਿਤਾ ਨੇ ਉਸ ਦੀ ਪਛਾਣ ਕੱਪੜਿਆਂ ਤੋਂ ਕੀਤੀ ਸੀ। ਅਦਾਲਤ ਨੇ ਕਿਹਾ ਕਿ ਗਵਾਹਾਂ ਨੇ ਕਿਹਾ ਹੈ ਕਿ ਉਨ੍ਹਾਂ ਕੁਝ ਲੋਕਾਂ ਨੂੰ ਪੁਲ ਉਤੇ ਦੇਖਿਆ ਸੀ, ਜੋ ਓਥੋਂ ਲੰਘਦੇ ਲੋਕਾਂ ਨੂੰ ਡਾਂਗਾਂ, ਰਾਡ ਤੇ ਪੱਥਰ ਮਾਰ ਰਹੇ ਸਨ। ਇਸ ਤੋਂ ਬਾਅਦ ਉਨ੍ਹਾਂ ਇੱਕ ਲਾਸ਼ ਨਾਲੇ ਵਿੱਚ ਸੁੱਟੀ ਸੀ। ਗਵਾਹਾਂ ਨੇ ਦੋਵਾਂ ਦੋਸ਼ੀਆਂ ਦੀ ਚੰਗੀ ਤਰ੍ਹਾਂ ਪਛਾਣ ਕੀਤੀ ਸੀ।

## ਕੇਜਰੀਵਾਲ ਵੱਲੋਂ ਪ੍ਰਦੂਸ਼ਣ ਰੋਕਣ ਵਾਸਤੇ ‘ਰੈਡ ਲਾਈਟ ਆਨ, ਵ੍ਹੀਕਲ ਆਫ’ ਮੁਹਿੰਮ ਦਾ ਐਲਾਨ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੇ ਲੋਕਾਂ ਨੂੰ ਸ਼ਹਿਰ ਵਿੱਚ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਮਦਦ ਦੇਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਉਹ ਹਫ਼ਤੇ ਵਿੱਚ ਘੱਟੋ-ਘੱਟ ਇੱਕ ਦਿਨ ਆਪਣੀਆਂ ਨਿੱਜੀ ਕਾਰਾਂ ਅਤੇ ਮੋਟਰ ਗੱਡੀਆਂ ਦੀ ਵਰਤੋਂ ਨਾ ਕਰਨ।

ਅਰਵਿੰਦ ਕੇਜਰੀਵਾਲ ਨੇ ਇੱਕ ਬਿਆਨ ਵਿੱਚ ਕਿਹਾ ਕਿ ਆਂਢ-ਗੁਆਂਢ ਦੇ ਰਾਜਾਂ ਦੇ ਕਿਸਾਨਾਂ ਨੇ ਪਰਾਲੀ ਸਾੜਨੀ ਸ਼ੁਰੂ ਕਰ ਦਿੱਤੀ ਹੈ, ਜਿਸ ਕਾਰਨ ਦਿੱਲੀ ਵਿੱਚ ਪਿੱਛਲੇ 3-4 ਦਿਨ ਤੋਂ ਹਵਾ ਪ੍ਰਦੂਸ਼ਣ ਵਧਣ ਲੱਗਾ ਹੈ। ਮੈਂ ਇੱਕ ਮਹੀਨੇ ਤੋਂ ਹਵਾ ਦੀ ਗੁਣਵੱਤਾ ਦੇ ਅੰਕੜੇ ਟਵੀਟ ਕਰ ਰਿਹਾ ਹੈ। ਉਸ ਵਿੱਚ ਪਤਾ ਲੱਗਦਾ ਹੈ ਕਿ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਵਧ ਰਿਹਾ ਹੈ, ਇਸ ਲਈ ਜ਼ਰੂਰੀ ਹੈ ਕਿ ਹਰ



ਦਿੱਲੀ ਵਾਸੀ ਆਪਣੀ ਜ਼ਿੰਮੇਵਾਰੀ ਨਿਭਾਏ ਤੇ ਘੱਟੋ-ਘੱਟ ਸਥਾਨਕ ਪੱਧਰ ਉੱਤੇ ਪੈਦਾ ਹੁੰਦੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ 18 ਅਕਤੂਬਰ ਤੋਂ ਸ਼ੁਰੂ ਹੋਣ ਵਾਲੀ ਮੁਹਿੰਮ ‘ਰੈਡ ਲਾਈਟ ਆਨ, ਵ੍ਹੀਕਲ ਆਫ’ ਅਧੀਨ ਯੋਗਦਾਨ ਪਾਵੇ।ਉਨ੍ਹਾਂ ਕਿਹਾ ਕਿ ਮਾਹਿਰਾਂ ਦਾ ਕਹਿਣਾ ਹੈ ਕਿ ਲਾਲ ਬੱਤੀ ਉੱਤੇ ਮੋਟਰ ਗੱਡੀ ਬੰਦ ਕਰਨ ਨਾਲ 250 ਕਰੋੜ ਰੁਪਏ ਬਚਾਏ ਜਾ ਸਕਦੇ ਹਨ ਅਤੇ ਪ੍ਰਦੂਸ਼ਣ ਨੂੰ 13 ਤੋਂ 20 ਫੀਸਦੀ ਘੱਟ ਕੀਤਾ ਜਾ ਸਕਦਾ ਹੈ।

## ਭਾਰਤ ਦੇ ਡਰੱਗ ਕੰਟ੍ਰੋਲਰ ਜਨਰਲ ਵੱਲੋਂ ਬਾਇਓਟੈਕ ਦੀ ਵੈਕਸੀਨ ਨੂੰ ਐਮਰਜੈਂਸੀ ਮਨਜ਼ੂਰੀ

### * 2 ਤੋਂ 18 ਸਾਲਾਂ ਦੀ ਉਮਰ ਵਾਲਿਆਂ ਨੂੰ ਵੀ ਟੀਕਾ ਲੱਗ ਸਕੇਗਾ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਡਰੱਗ ਅਥਾਰਿਟੀ ਨੇ ਦੋ ਤੋਂ 18 ਸਾਲਾਂ ਤਕ ਦੀ ਉਮਰ ਦੇ ਬੱਚਿਆਂ ਅਤੇ ਜਵਾਨਾਂ ਨੂੰ ਐਮਰਜੈਂਸੀ ਵਿੱਚ ਭਾਰਤ ਬਾਇਓਟੈਕ ਦਾ ਕੋਵੈਕਸੀਨ ਟੀਕਾ ਲਗਾਉਣ ਦੀ ਇਜਾਜ਼ਤ ਦਿੱਤੇ ਜਾਣ ਦੀ ਸਿਫਾਰਿਸ਼ ਕੀਤੀ ਹੈ, ਜਿਹੜੀ ਮੰਨੀ ਜਾਣ ਦੇ ਆਸਾਰ ਹਨ।

ਹੈਦਰਾਬਾਦ ਵਿਚਲੀ ਭਾਰਤ ਬਾਇਓਟੈਕ ਨੇ ਦੋ ਤੋਂ 18 ਸਾਲਾਂ ਤਕ ਦੇ ਬੱਚਿਆਂ ਅਤੇ ਜਵਾਨਾਂ ਨੂੰ ਲਾਏ ਜਾਣ ਲਈ ਕੋਵਿਡ-19 ਰੋਕੂ ਟੀਕੇ ਕੋਵੈਕਸੀਨ ਦੇ 2/3 ਪੜਾਅ ਦਾ ਟੈਸਟ ਪੂਰਾ ਕਰ ਲਿਆ ਹੈ। ਕੰਪਨੀ ਨੇ ਇਸ ਦੀ ਸਰਟੀਫਿਕੇਸ਼ਨ ਅਤੇ ਐਮਰਜੈਂਸੀ ਵਰਤੋਂ ਦੀ ਮਨਜ਼ੂਰੀ ਲਈ ਇਸ ਮਹੀਨੇ ਦੇ ਸ਼ੁਰੂ ਵਿੱਚ ਅੰਕੜੇ ਸੈਂਟਰਲ ਮੈਡੀਸਨ ਸਟੈਂਡਰਡ ਕੰਟਰੋਲ ਸੰਗਠਨ ਨੂੰ ਸੌਂਪੇ ਸਨ। ਕੋਵਿਡ-19 ਬਾਰੇ ਵਿਸ਼ਾ ਮਾਹਿਰ ਕਮੇਟੀ ਨੇ ਅੰਕੜਿਆਂ ਦੀ ਸਮੀਖਿਆ ਕੀਤੀ ਅਤੇ ਐਮਰਜੈਂਸੀ ਮਨਜ਼ੂਰੀ ਦੀ ਅਰਜ਼ੀ ਉੱਤੇਵਿਚਾਰ ਕੀਤਾ। ਉਸ ਨੇ ਆਪਣੀਆਂ ਸਿਫਾਰਿਸ਼ਾਂ ਨੂੰ ਆਖਰੀ



ਮਨਜ਼ੂਰੀ ਲਈ ਭਾਰਤ ਦੇ ਡਰੱਗ ਕੰਟ੍ਰੋਲਰ ਜਨਰਲ ਨੂੰ ਭੇਜ ਦਿੱਤਾ ਹੈ। ਇਨ੍ਹਾਂ ਸਿਫਾਰਿਸ਼ਾਂ ਵਿੱਚ ਕਿਹਾ ਗਿਆ ਕਿ ਟੀਕੇ ਦੇ ਪ੍ਰਭਾਵਸ਼ਾਲੀ ਹੋਣ ਸਬੰਧੀ ਤੀਜੇ ਪੜਾਅ ਦੀ ਸਟੱਡੀ ਵਿੱਚ ਬੱਚਿਆਂ ਦੀ ਆਬਾਦੀ ਦੇ ਓਵਰਆਲ ਜੀਓਮੈਟ੍ਰਿਕ ਮੀਨ ਟਾਈਟਰ (ਜੀ ਐਮ ਟੀ) ਦਾ ਮੁਕਾਬਲਾ ਬਾਲਗ ਆਬਾਦੀ ਦੇ ਜੀ ਐਮ ਟੀ ਨਾਲ ਕੀਤਾ ਜਾ ਸਕਦਾ ਹੈ। ਸੂਤਰਾਂ ਅਨੁਸਾਰ ਸਾਰੇ ਅਧਿਐਨ ਤੋਂ ਪਿੱਛੋਂ ਸਬੰਧਤ ਕਮੇਟੀ ਨੇ ਕਿਹਾ ਕਿ ਬੱਚਿਆਂ ਨੂੰ ਇਹ ਟੀਕਾ ਦੋ ਡੋਜ਼ ਵਿੱਚ ਦਿੱਤਾ ਜਾਵੇਗਾ ਤੇ ਇਸ ਵਿੱਚ 20 ਦਿਨਾਂ ਦਾ ਫਰਕ ਰਹੇਗਾ। ਸ਼ਰਤਾਂ ਅਨੁਸਾਰ ਕੰਪਨੀ ਨੂੰ ਮਨਜ਼ੂਰੀ ਕਲੀਨਿਕਲ ਟੈਸਟ ਪ੍ਰੋਟੋਕੋਲ ਅਨੁਸਾਰ ਅਧਿਐਨ ਜਾਰੀ ਰੱਖਣਾ ਪਵੇਗਾ ਤੇ ਤਾਜ਼ਾ ਜਾਣਕਾਰੀਪੈਕੇਜ ਇੰਸਰਟ (ਦਵਾਈ ਤੇ ਉਸ ਦੀ ਵਰਤੋਂ ਦੀ ਜਾਣਕਾਰੀ ਦੇਣ ਵਾਲਾ ਦਸਤਾਵੇਜ਼, ਜਿਸ ਨੂੰ ਦਵਾਈ ਦੇ ਨਾਲ ਦਿੱਤਾ ਜਾਂਦਾ ਹੈ), ਉਤਪਾਦ ਵਿਸ਼ੇਸ਼ਤਾਵਾਂ ਦਾ ਸਾਰ ਅਤੇ ਤੱਥ ਪੱਤਰ ਦੇਣੇ ਪੈਣਗੇ। ਇਸ ਤੋਂ ਇਲਾਵਾ ਕੰਪਨੀ ਨੂੰ ਸ਼ੁਰੂਆਤੀ ਦੋ ਮਹੀਨਿਆਂ ਵਿੱਚ ਲੋੜੀਂਦੇ ਵਿਸ਼ਲੇਸ਼ਣ ਦੇ ਨਾਲ ਟੀਕਾਕਰਨ ਤੋਂ ਬਾਅਦ ਦੀਆਂ ਉਲਟ ਘਟਨਾਵਾਂ ਤੇ ਵਿਸ਼ੇਸ਼ ਹਿੱਤਾਂ ਸਬੰਧੀ ਉਲਟ ਘਟਨਾਵਾਂ ਅਤੇ ਅੰਕੜਿਆਂ ਸਮੇਤ ਸੁਰੱਖਿਆ ਹਰ 15 ਦਿਨਾਂ ਵਿੱਚ ਮੁਹੱਈਆ ਕਰਵਾਉਣੀ ਪੈਵੇਗੀ।

## ਮਹਿੰਦਰਗੜ੍ਹ ਵਿੱਚ ਵਿਦਿਆਰਥੀ ਦੀ ਹੱਤਿਆ ਦੇ ਮਾਮਲੇ ਵਿੱਚ ਵੀਡੀਓ ਸਾਹਮਣੇ ਆਈ

### *ਵਿਦਿਆਰਥੀ ਨੂੰ ਪਾਣੀ ਪਿਆ-ਪਿਆ ਕੇ ਕੁੱਟਦੇ ਰਹੇ

ਮਹਿੰਦਰਗੜ੍ਹ, 14 ਅਕਤੂਬਰ (ਪੋਸਟ ਬਿਊਰੋ)- ਮਾਲੜਾ ਵਿੱਚ ਬਵਾਨਾ ਦੇ ਨੌਜਵਾਨ ਦੀ 9 ਅਕਤੂਬਰ ਨੂੰ ਹੋਈ ਹੱਤਿਆ ਦੇ ਮਾਮਲੇ ਵਿੱਚ ਇੱਕ ਵੀਡੀਓ ਸਾਹਮਣੇ ਆਈ ਹੈ। ਇਸ ਤੋਂ ਪਤਾ ਲੱਗ ਰਿਹਾ ਹੈ ਕਿ ਦੋਸ਼ੀ ਨੌਜਵਾਨਾਂ ਨੇ ਬੀ ਐਸ ਸੀ ਦੇ ਵਿਦਿਆਰਥੀ ਗੌਰਵ (18) ਨੂੰ ਡੰਡਿਆਂ ਅਤੇ ਲੱਤਾਂ-ਮੁੱਕੇ ਮਾਰ ਕੇ ਬੇਰਹਿਮੀ ਨਾਲ ਕੁੱਟਿਆ ਸੀ।

ਇਸ ਵੀਡੀਓ ਵਿੱਚ ਦੋਸ਼ੀ ਨੌਜਵਾਨ ਪਾਣੀ ਪਿਆ-ਪਿਆ ਕੇ ਕੁੱਟਮਾਰ ਕਰਦੇ ਰਹੇ, ਤਾਂ ਕਿ ਪੀੜਤ ਛੇਤੀ ਨਾ ਮਰੇ। ਇਸ ਦੌਰਾਨ ਗੌਰਵ ਉਨ੍ਹਾਂ ਤੋਂ ਮੁਆਫੀ ਮੰਗਦਾ ਨਜ਼ਰ ਆ ਰਿਹਾ ਹੈ। ਇਸ ਦੇ ਬਾਵਜੂਦ ਹਮਲਾਵਰਾਂ ਨੇ ਉਸ ਉੱਤੇ ਤਰਸ ਨਹੀਂ ਕੀਤਾ। ਕਰੀਬ ਇੱਕ ਮਿੰਟ ਦੇ ਇਸ ਵੀਡੀਓ ਨੇ ਪੁਲਸ ਦੀ ਜਾਂਚ ਨੂੰ ਆਸਾਨ ਬਣਾ ਦਿੱਤਾ ਹੈ। ਵਰਨਣ ਯੋਗ ਹੈ ਕਿ 9 ਅਕਤੂਬਰ ਨੂੰ ਪਿੰਡ ਮਾਲੜਾ ਦੀ ਨਹਿਰ ਅਤੇ ਪੈਟਰੋਲ ਪੰਪ ਨੇੜੇ ਕੁਝ ਨੌਜਵਾਨਾਂ ਨੇ ਡੰਡਿਆਂ ਅਤੇ ਲੱਤਾਂ-ਮੁੱਕਿਆਂ ਨਾਲ ਗੌਰਵ ਪੁੱਤਰ ਦਵਿੰਦਰ ਨੂੰ ਕੁੱਟਿਆ ਸੀ।



ਦੋਸ਼ੀ ਉਸ ਨੂੰ ਅੱਧਮਰੀ ਹਾਲਤ ਵਿੱਚ ਛੱਡ ਕੇ ਭੱਜ ਗਏ ਸਨ। ਜ਼ਖਮੀ ਨੌਜਵਾਨ ਦੀ ਪਿੱਛੋਂ ਮੌਤ ਹੋ ਗਈ ਸੀ। ਉਹ ਮਹਿੰਦਰਗੜ੍ਹ ਦੇ ਇੱਕ ਪ੍ਰਾਈਵੇਟ ਕਾਲਜ ਵਿੱਚ ਬੀ ਐਸ ਸੀ ਵਿੱਚ ਪੜ੍ਹਦਾ ਸੀ। ਇਸ ਕੇਸ ਵਿੱਚ ਪੁਲਸ ਨੇ 11 ਅਕਤੂਬਰ ਨੂੰ ਇੱਕ ਦੋਸ਼ੀ ਵਿੱਕੀ ਉਰਫ ਫੁਕਰਾ ਨੂੰ ਗ੍ਰਿਫਤਾਰ ਕੀਤਾ ਸੀ। ਪਿੰਡ ਮਾਲੜਾ ਵਿੱਚ 14 ਅਤੇ 15 ਸਤੰਬਰ ਦੀ ਰਾਤ ਗੌਰਵ ਅਤੇ ਉਸ ਦੇ ਦੋਸਤ ਮੰਗਲ ਦੀ ਰਵੀ ਉਰਫ ਲੰਗੜਾ ਨਾਲ ਕਿਸੇ ਗੱਲ ਤੋਂ ਬਹਿਸ ਹੋ ਗਈ ਸੀ। ਮ੍ਰਿਤਕ ਦੇ ਪਰਵਾਰ ਦਾ ਦੋਸ਼ ਹੈ ਕਿ ਇਸੇ ਰੰਜਿਸ਼ ਕਾਰਨ ਰਵੀ ਅਤੇ ਉਸ ਦੇ ਦੋਸਤਾਂ ਨੇ ਗੌਰਵ ਨੂੰ ਇਕੱਲਾ ਦੇਖ ਕੇ ਉਸ ਉੱਤੇ ਹਮਲਾ ਕਰ ਦਿੱਤਾ। ਇਲਾਜ ਲਈ ਲਿਜਾਂਦੇ ਸਮੇਂ ਰਾਹ ਵਿੱਚ ਉਸ ਨੇ ਦਮ ਤੋੜ ਦਿੱਤਾ।

## ਫ਼ਰਜ਼ੀ ਬੀਮਾ ਦਾਅਵਾ ਕਰਨ ਵਾਲੇ ਵਕੀਲਾਂ ਵਿਰੁੱਧ ਕਾਰਵਾਈ ਨਾ ਹੋਣ ਤੋਂ ਸੁਪਰੀਮ ਕੋਰਟ ਨਾਰਾਜ਼

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਤੇ ਵਰਕਮੈਨ ਕੰਪਨਸੇਸ਼ਨ ਐਕਟ ਦੇ ਫ਼ਰਜ਼ੀ ਦਾਅਵੇ ਨਾਲ ਬੀਮਾ ਕੰਪਨੀਆਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਪੁਚਾਉਣ ਵਾਲੇ ਵਕੀਲਾਂ ਦੇ ਵਿਰੁੱਧ ਕਾਰਵਾਈ ਨਾ ਕਰਨ ਉੱਤੇ ਬਾਰ ਕੌਂਸਲ ਆਫ਼ ਉਤਰ ਪ੍ਰਦੇਸ਼ ਸਰਕਾਰ ਨੂੰ ਸੁਪਰੀਮ ਕੋਰਟ ਨੇ ਝਾੜ ਪਾਈ ਹੈ। ਕੋਰਟ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਇੰਨੇ ਗੰਭੀਰ ਮਾਮਲੇ ਵਿੱਚ ਵਕੀਲਾਂ ਉੱਤੇ ਹੀ ਦੋਸ਼ ਹਨ।

ਜਸਟਿਸ ਐਮ ਆਰ ਸ਼ਾਹ ਅਤੇ ਜਸਟਿਸ ਏ ਐਸ ਬੋਪੰਨਾ ਦੀ ਬੈਂਚ ਨੇ ਕਿਹਾ ਕਿ ਇਹ ਯੂ ਪੀ ਬਾਰ ਕੌਂਸਲ ਦੀ ਉਦਾਸੀਨਤਾ ਤੇ ਗ਼ੈਰ-ਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ। ਕੋਰਟ ਨੇ ਬਾਰ ਕੌਂਸਲ ਦੇ ਚੇਅਰਮੈਨ ਅਤੇ ਸੀਨੀਅਰ ਵਕੀਲ ਮਨਣ ਕੁਮਾਰ ਮਿਸ਼ਰਾ ਨੂੰ ਇਸ ਉੱਤੇਵਿਚਾਰ ਕਰਨ ਨੂੰ ਕਿਹਾ ਹੈ। ਅਦਾਲਤ ਨੇ ਕਿਹਾ ਹੈ ਕਿ ਇਹ ਰਾਜ



ਦੀ ਬਾਰ ਕੌਂਸਲ ਦਾ ਫ਼ਰਜ਼ ਹੈ ਕਿ ਉਹ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਤੇ ਵਰਕਮੈਨ ਕੰਪਨਸੇਸ਼ਨ ਐਕਟ ਤਹਿਤ ਫ਼ਰਜ਼ੀ ਦਾਅਵੇ ਦਾਇਰ ਕਰਨ ਵਾਲੇ ਵਕੀਲਾਂ ਵਿਰੁੱਧ ਕਾਰਵਾਈ ਕਰੇ। ਕੋਰਟ ਨੇ ਕਿਹਾ ਕਿ ਏਦਾਂ ਜਾਪਦਾ ਹੈ ਕਿ ਬਾਰ ਕੌਂਸਲ ਕਾਰਵਾਈ ਕਰਨ ਵਿੱਚ ਦਿਲਚਸਪੀ ਨਹੀਂ ਦਿਖਾ ਰਹੀ, ਇਸ ਲਈ ਬਾਰ ਕੌਂਸਲ ਆਫ਼ ਇੰਡੀਆ ਨੂੰ ਕੁਝ ਕਰਨਾ ਪਵੇਗਾ ਤੇ ਗ਼ਲਤੀ ਕਰਨ ਵਾਲੇ ਵਕੀਲਾਂ ਵਿਰੁੱਧ ਢੁਕਵੀਂ ਕਾਰਵਾਈ ਕਰਨੀ ਪਵੇਗੀ।

ਇਸ ਦੌਰਾਨ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਵੱਲੋਂ ਪਾਸ ਕੀਤੇ7 ਅਕਤੂਬਰ 2021 ਦੇ ਹੁਕਮ ਦੀ ਪਾਲਣਾ ਵਾਸਤੇਬਣੀ ਇੱਕ ਵਿਸ਼ੇਸ਼ ਜਾਂਚ ਟੀਮ ਨੂੰ 15 ਨਵੰਬਰ ਨੂੰ ਜਾਂ ਉਸ ਤੋਂ ਪਹਿਲਾਂ ਸੀਲਬੰਦ ਲਿਫ਼ਾਫ਼ੇ ਵਿੱਚ ਜਾਂਚ ਦੀ ਰਿਪੋਰਟ ਜਮ੍ਹਾਂ ਕਰਨ ਦਾ ਹੁਕਮ ਦਿੱਤਾ ਹੈ। ਕੋਰਟ ਨੇ ਯੂ ਪੀ ਸਰਕਾਰ ਵੱਲੋਂ ਦਾਇਰ ਸਪਲੀਮੈਂਟਰੀ ਐਫੀਡੇਵਿਟ ਉੱਤੇ ਧਿਆਨ ਦਿੰਦਿਆਂ ਕਿਹਾ ਕਿ ਇਲਾਹਾਬਾਦ ਹਾਈ ਕੋਰਟ ਵੱਲੋਂ ਪਾਸ ਸੱਤ ਅਕਤੂਬਰ 2015 ਦੇ ਹੁਕਮ ਦੀ ਪਾਲਣਾ ਤਹਿਤ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ। ਅਦਾਲਤ ਨੇ ਕਿਹਾ ਕਿ ਐਸ ਆਈ ਟੀ ਨੂੰ ਕੁੱਲ 1376 ਸ਼ਿਕਾਇਤਾਂ, ਸ਼ੱਕੀ ਦਾਅਵਿਆਂ ਦੇ ਮਾਮਲੇ ਪ੍ਰਾਪਤ ਹੋਏ ਹਨ। ਇਹ ਵੀ ਕਿਹਾ ਗਿਆ ਹੈ ਕਿ ਐਸ ਆਈ ਟੀ ਵੱਲੋਂ ਪ੍ਰਾਪਤ ਸ਼ੱਕੀ ਦਾਅਵਿਆਂ ਦੇ ਕੁੱਲ 1376 ਮਾਮਲਿਆਂ ਵਿੱਚੋਂ ਅੱਜ ਤਕ ਸ਼ੱਕੀ ਦਾਅਵਿਆਂ ਦੇ 246 ਕੇਸਾਂ ਦੀ ਜਾਂਚ ਪੂਰੀ ਹੋ ਚੁੱਕੀ ਹੈ ਤੇ ਪਹਿਲੀ ਨਜ਼ਰੇ ਅਪਰਾਧੀ ਪਾਏ ਜਾਣ ਪਿੱਛੋਂ 166 ਮੁਲਜ਼ਮਾਂ ਵਿਰੁੱਧ ਨੋਟਿਸ ਅਪਰਾਧ ਜਾਰੀ ਹੋਏ ਹਨ।

## ਸੱਪ ਦਾ ਡੰਗ ਮਰਵਾ ਕੇ ਪਤਨੀ ਦਾ ਕਤਲ ਕਰਨ ਵਾਲੇ ਨੂੰ ਉਮਰ ਕੈਦ

ਕੋਲਮ (ਕੇਰਲ), 14 ਅਕਤੂਬਰ (ਪੋਸਟ ਬਿਊਰੋ)- ਕੇਰਲ ਦੀ ਇੱਕ ਸੈਸ਼ਨ ਅਦਾਲਤ ਨੇ ਪਤਨੀ ਨੂੰ ਕੋਬਰਾ ਸੱਪ ਕੋਲੋਂ ਡੰਗ ਮਰਵਾ ਕੇ ਉਸ ਦਾ ਕਤਲ ਕਰਨ ਦੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਅਦਾਲਤ ਨੇ 11 ਅਕਤਬੂਰ ਨੂੰ ਪਤੀ ਸੂਰਜ ਕੁਮਾਰ ਨੂੰ ਹੱਤਿਆ, ਜ਼ਹਿਰ ਦੇਣ, ਸਬੂਤ ਮਿਟਾਉਣ ਅਤੇ ਇੱਕ ਵਾਰ ਪਹਿਲਾਂ ਵੀ ਹੱਤਿਆ ਦਾ ਯਤਨ ਕਰਨ ਦਾ ਦੋਸ਼ੀ ਮੰਨਿਆ ਸੀ। ਸਜ਼ਾ ਸੁਣਾਉਣ ਵਾਲੇ ਐਡੀਸ਼ਨਲ ਸੈਸ਼ਨ ਜੱਜ ਸ਼ਸ਼ਠਮ ਮਨੋਜ ਐਮ. ਨੇ ਕਿਹਾ ਕਿ ਮਾਮਲਾ ਦੁਰਲੱਭ ਤੋਂ ਦੁਰਲੱਭ ਹੈ, ਪਰ ਦੋਸ਼ੀ ਦੀ ਉਮਰ ਦੇਖ ਕੇ ਉਸ ਨੂੰ ਮੌਤ ਦੀ ਥਾਂ ਉਮਰ ਕੈਦ ਦੀ ਸਜ਼ਾ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਬਾਰੇ ਵਿਸ਼ੇਸ਼ ਸਿਵਲ ਵਕੀਲ ਮੋਹਨਰਾਜ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਤਲ ਦੇ ਦੋਸ਼ੀ ਦੀ ਉਮਰ 28 ਸਾਲ ਹੈ।ਵਿਸ਼ੇਸ਼ ਸਰਕਾਰੀ ਵਕੀਲ ਨੇ ਕਿਹਾ ਕਿ ਹੱਤਿਆ ਲਈ ਉਮਰ ਕੈਦ ਤੋਂ ਇਲਾਵਾ, ਕੁਮਾਰ ਨੂੰ ਹੱਤਿਆ ਦੇ ਯਤਨ ਦੇ ਅਪਰਾਧ ਲਈ ਉਮਰ ਕੈਦ, ਜ਼ਹਿਰ ਲਈ 10 ਸਾਲ ਤੇ ਸਬੂਤ ਨਸ਼ਟ ਕਰਨ ਲਈ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਸੀ। ਉਨ੍ਹਾਂ ਇਹ ਵੀ ਕਿਹਾ ਕਿ ਅਦਾਲਤ ਨੇ ਵਿਸ਼ੇਸ਼ ਤੌਰ ਉੱਤੇਹੁਕਮ ਦਿੱਤਾ ਕਿ ਦੋਸ਼ੀ ਨੂੰ ਪਹਿਲਾਂ ਜ਼ਹਿਰ ਦੇਣ ਤੇ ਸਬੂਤ ਨਸ਼ਟ ਕਰਨ ਦੇ ਮਾਮਲੇ ਵਿੱਚ ਕੁਲ 17 ਸਾਲ ਸਜ਼ਾ ਭੁਗਤਣੀ ਪਵੇਗੀ ਤੇ ਇਸ ਤੋਂ ਬਾਅਦ ਉਮਰ ਕੈਦ ਸ਼ੁਰੂ ਹੋਵੇਗੀ।ਐਡੀਸ਼ਨਲ ਸਰਕਾਰੀ ਵਕੀਲ ਏਕੇ ਮਨੋਜ ਨੇ ਹੁਕਮ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਅਦਾਲਤ ਨੇ ਕਿਹਾ ਹੈ ਕਿ ਕੁਮਾਰ ਨੂੰ ਦੋ ਉਮਰ ਕੈਦਾਂ ਦੀ ਸਜ਼ਾ ਦਿੱਤੀ ਗਈ ਹੈ, ਜਿਹੜੀ ਇਕੱਠੀ ਚੱਲੇਗੀ। ਉਨ੍ਹਾਂ ਕਿਹਾ ਕਿ ਅਦਾਲਤ ਨੇ ਦੋਸ਼ੀ ਉੱਤੇ ਕੁਲ 5.58 ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ। ਉਨ੍ਹਾਂ ਕਿਹਾ ਕਿ ਮੌਤ ਦੀ ਸਜ਼ਾ ਨਾ ਦੇਣ ਲਈ ਅਦਾਲਤ ਵੱਲੋਂ ਦੱਸੇ ਗਏ ਇੱਕ ਹੋਰ ਕਾਰਨ ਦੋਸ਼ੀ ਦਾ ਕੋਈ ਅਪਰਾਧਿਕ ਇਤਿਹਾਸ ਨਾ ਹੋਣਾ ਵੀ ਹੈ। ਸਜ਼ਾ ਸੁਣਾਏ ਜਾਣ ਤੋਂ ਬਾਅਦ ਮ੍ਰਿਤਕਾ ਦੀ ਮਾਂ ਨੇ ਇੱਕ ਨਿਊਜ਼ ਚੈਨਲ ਨੂੰ ਦੱਸਿਆ ਕਿ ਉਹ ਇਸਫੈਸਲੇ ਤੋਂ ਸੰਤੁਸ਼ਟ ਨਹੀਂ, ਕਿਉਂਕਿ ਉਮੀਦ ਸੀ ਕਿ ਦੋਸ਼ੀ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਸੂਰਜ ਨੇ ਪਿਛਲੇ ਸਾਲ ਮਈ ਵਿੱਚ ਆਪਣੀ ਪਤਨੀ ਉਥਰਾ ਨੂੰ ਸੌਂਦੇ ਹੋਏ ਸੱਪ ਕੋਲੋਂ ਡੰਗ ਮਰਵਾ ਦਿੱਤਾ ਸੀ।

## ਰਿਲਾਇੰਸ ਵੱਲੋਂ ਜ਼ੀ ਐਂਟਰਟੇਨਮੈਂਟ ਕੰਪਨੀ ਨੂੰ ਖਰੀਦਣ ਦੀ ਕੋਸ਼ਿਸ਼

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਮੁਕੇਸ਼ ਅੰਬਾਨੀ ਦੀ ਅਗਵਾਈ ਵਾਲੀ ਰਿਲਾਇੰਸ ਇੰਡਸਟਰੀਜ਼ ਨੇ ਐਂਟਰਟੇਨਮੈਂਟ ਕੰਪਨੀ ਜ਼ੀ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਸੀ।

ਇਹ ਜਾਣਕਾਰੀ ਦੇਸ਼ ਦੀ ਸਭ ਤੋਂ ਵੱਡੀ ਲਿਸਟਿਡ ਮੀਡੀਆ ਕੰਪਨੀ ਜ਼ੀ ਐਂਟਰਟੇਨਮੈਂਟ ਇੰਟਰਪ੍ਰਾਈਜ਼ਿਜ਼ (ਜੀ ਈ ਈ ਐਲ) ਦੇ ਸਭ ਤੋਂ ਵੱਡੇ ਸ਼ੇਅਰ ਹੋਲਡਰ ਇਵਾਂਸਕੋ ਨੇ ਕੱਲ੍ਹ ਦਿੱਤੀ। ਉਨ੍ਹਾਂ ਕਿਹਾ ਕਿ ਦੋਵਾਂ ਕੰਪਨੀਆਂ ਵਿਚਾਲੇ ਉਸ ਨੇ ਸੌਦਾ ਕਰਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਸ ਨੇ ਇਸ ਨੂੰ ਘੱਟ ਮੁੱਲ ਵਿੱਚ ਖਰੀਦਣ ਦੀ ਕੋਸ਼ਿਸ਼ ਕੀਤੀ ਸੀ। ਉਸ ਦਾ ਬਿਆਨ ਜੀ ਈ ਈ ਐਲ ਦੇ ਮੁਖੀ ਪੁਨੀਤ ਗੋਇਨਕਾ ਵੱਲੋਂ ਕੰਪਨੀ ਦੇ ਬੋਰਡ ਨੂੰ ਇਵਾਂਸਕੋ ਦੀ ਪੇਸ਼ਕਸ਼ ਦੀ ਸੂਚਨਾ ਦੇਣ ਦੇ ਅਗਲੇ ਦਿਨ ਆਇਆ ਹੈ। ਗੋਇਨਕਾ ਨੇ ਬੋਰਡ ਨੂੰ ਦੱਸਿਆ ਸੀ




ਕਿ ਫਰਵਰੀ 2021 ਵਿੱਚ ਇਵਾਂਸਕੋ ਨੇ ਇੱਕ ਵੱਡੇ ਭਾਰਤੀ ਗਰੁੱਪ ਦੀਆਂ ਕੁਝ ਕੰਪਨੀ ਨਾਲ ਰਲੇਵੇਂ ਦਾ ਪ੍ਰਸਤਾਵ ਰੱਖਿਆ ਸੀ।

ਗੋਇਨਕਾ ਮੁਤਾਬਕ ਇਸ ਸੌਦੇ ਨਾਲ ਕੰਪਨੀ ਦੇ ਨਿਵੇਸ਼ਕਾਂ ਨੂੰ ਲਗਭਗ 10 ਹਜ਼ਾਰ ਕਰੋੜ ਰੁਪਏ ਨੁਕਸਾਨ ਹੁੰਦਾ ਹੈ। ਉਂਜ ਗੋਇਨਕਾ ਨੇ ਇਸ ਵੱਡੇ ਭਰਤੀ ਗਰੁੱਪ ਦੇ ਨਾਂਅ ਦਾ ਖੁਲਾਸਾ ਨਹੀਂ ਕੀਤਾ। ਇਵਾਂਸਕੋ ਨੇ ਕਿਹਾ ਕਿ ਫਰਵਰੀ ਵਿੱਚ ਸੌਦੇ ਦੀ ਜੋ ਪੇਸ਼ਕਸ਼ ਸੀ, ਉਸ ਉੱਤੇ ਰਿਲਾਇੰਸ, ਗੋਇਨਕਾ ਅਤੇ ਜ਼ੀ ਦੇ ਪ੍ਰਮੋਟਰਾਂ ਦੀ ਗੱਲਬਾਤ ਹੋਈ ਸੀ। ਜ਼ੀ ਦੇ ਸਭ ਤੋਂ ਵੱਡੇ ਸ਼ੇਅਰ ਹੋਲਡਰ ਇਵਾਂਸਕੋ ਨੇ ਕਿਹਾ ਕਿ ਇਸ ਵਿੱਚ ਉਸ ਦੀ ਭੂਮਿਕਾ ਸਿਰਫ ਸੌਦੇ ਨੂੰ ਅੱਗੇ ਵਧਾਉਣ ਦੀ ਸੀ। ਪੁਨੀਤ ਗੋਇਨਕਾ ਨੇ ਬੋਰਡ ਨੂੰ ਕਿਹਾ ਸੀ ਕਿ ਇਸ ਸੌਦੇ ਦੀ ਪੇਸ਼ਕਸ਼ ਇਵਾਂਸਕੋ ਲੈ ਕੇ ਆਈ ਸੀ ਅਤੇ ਜੇ ਸੌਦਾ ਹੋ ਜਾਂਦਾ ਤਾਂ ਸ਼ੇਅਰ ਹੋਲਡਰਾਂ ਨੂੰ ਹਜ਼ਾਰਾਂ ਕਰੋੜ ਦਾ ਨੁਕਸਾਨ ਹੁੰਦਾ।ਜ਼ੀ ਐਂਟਰਟੇਨਮੈਂਟ ਅਤੇ ਇਵਾਂਸਕੋ ਵਿਚਾਲੇ ਵਿਵਾਦ ਇਵਾਂਸਕੋ ਵੱਲੋਂ ਅਸਾਧਾਰਨ ਜਨਰਲ ਮੀਟਿੰਗ (ਈ ਜੀ ਐਮ) ਬੁਲਾਏ ਜਾਣ ਦੀ ਮੰਗ ਤੋਂ ਸ਼ੁਰੂ ਹੋਇਆ ਸੀ। ਇਵਾਂਸਕੋ ਉਤੇ ਓ ਐਫ ਆਈ ਗਲੋਬਲ ਚਾਈਨਾ ਫੰਡ ਐਲ ਐਲ ਸੀ ਨੇ ਜ਼ੀ ਐਂਟਰਟੇਨਮੈਂਟ ਦੇ ਸੀ ਈ ਓ ਪੁਨੀਤ ਗੋਇਨਕਾ ਸਮੇਤ ਤਿੰਨ ਡਾਇਰੈਕਟਰਾਂ ਨੂੰ ਹਟਾਉਣ ਤੇ ਛੇ ਸੁਤੰਤਰ ਡਾਇਰੈਕਟਰਾਂਦੀ ਨਿਯੁਕਤੀ ਲਈ ਬੈਠਕ ਰੱਖੀ ਸੀ। ਪੁਨੀਤ ਗੋਇਨਕਾ ਸੁਭਾਸ਼ ਚੰਦਰ ਦੇ ਪੁੱਤਰ ਹਨ। ਇਸ ਮਸਲੇ ਬਾਰੇ ਜ਼ੀ ਤੇ ਇਵਾਂਸਕੋ ਵਿਚਾਲੇ ਤਿੰਨ ਥਾਂਈਂ ਕਾਨੂੰਨੀ ਲੜਾਈ ਚੱਲ ਰਹੀ ਹੈ।



# ਨਿਊਜ਼ੀਲੈਂਡ ਦਾ ਵਸਨੀਕ ਭਾਰਤੀ ਦੁਬਈ ਵਿੱਚ ਜਾ ਫਸਿਆ

ਆਕਲੈਂਡ, 14 ਅਕਤੂਬਰ (ਪੋਸਟ ਬਿਊਰੋ)- ਨਿਊਜ਼ੀਲੈਂਡ ਦਾ ਵਾਸੀ ਭਾਰਤੀ ਮੂਲ ਦਾ ਇੱਕ ਨੌਜਵਾਨ ਦੁਬਈ ਦੇ ਇੱਕ ਹੋਟਲ ਵਿੱਚ ਕੈਦੀਆਂ ਵਾਂਗ ਰਹਿਣ ਨੂੰ ਮਜਬੂਰ ਹੈ ਕਿਉਂਕਿ ਨਿਊਜ਼ੀਲੈਂਡ ਦੀ ਕੁਆਰੰਟਾਈਨ ਬੁਕਿੰਗ ਕਰਨ ਵਾਲੀ ਟੀਮ ਨੇ ਉਸ ਲਈ ਬੁਕਿੰਗ ਤੋਂ ਜਵਾਬ ਦੇ ਦਿੱਤਾ ਸੀ। ਇਸ ਕਾਰਨ ਮਾਨਸਿਕ ਤਣਾਅ ਵਧਣ ਨਾਲ ਉਸ ਦੀ ਸਿਹਤ ਵੀ ਖਰਾਬ ਹੋ ਰਹੀ ਹੈ। ਸੰਜੀਵ ਕੁਮਾਰ ਨਾਂਅ ਦਾ ਨੌਜਵਾਨ ਆਪਣੀ ਮਾਂ ਦੀ ਮੌਤ ਪਿੱਛੋਂ ਪਰਵਾਰ ਨੂੰ ਮਿਲਣ ਲਈ ਭਾਰਤ ਆਇਆ ਸੀ। ਉਹ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਨੂੰ ਚਿੱਠੀ ਲਿਖ ਕੇ ਇਸ ਬਾਰੇ ਦੱਸ ਚੁੱਕਾ ਹੈ, ਨਿਊਜ਼ੀਲੈਂਡ ਸਰਕਾਰ ਵੱਲੋਂ ਇਸ ਸਬੰਧੀ ਕੋਈ ਸਪੱਸ਼ਟ ਜਵਾਬ ਨਹੀਂ ਮਿਲਿਆ।

ਦੁਬਈ ਤੋਂ ਫੋਨ ਉੱਤੇ ਸੰਜੀਵ ਕੁਮਾਰ ਨੇ ਦੱਸਿਆ ਕਿ ਉਹ ਚਾਰ ਅਕਤੂਬਰ ਤੋਂ ਦੁਬਈ ਦੇ ਇੱਕ ਹੋਟਲ ਵਿੱਚ ਠਹਿਰਿਆ ਹੋਇਆ ਹੈ ਤਾਂ ਜੋ ਭਾਰਤ ਵਰਗੇ ਕੋਵਿਡ-19 ਤੋਂ ਵੱਧ ਪ੍ਰਭਾਵਤ ਦੇਸ਼ ਵਿੱਚੋਂ ਸਿੱਧਾ ਨਿਊਜ਼ੀਲੈਂਡ ਆਉਣ ਦੀ ਥਾਂ ਘੱਟ ਰਿਸਕ ਵਾਲੇ ਦੇਸ਼ ਵਿੱਚ 14 ਦਿਨ ਕੁਆਰੰਟਾਈਨ ਦੀ ਸ਼ਰਤ ਪੂਰੀ ਕਰ ਕੇ ਫਿਰ ਨਿਊਜ਼ੀਲੈਂਡ ਜਾ ਸਕੇ। ਉਸ ਨੇ ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਨੂੰ ਵੀ ਚਿੱਠੀ ਲਿਖੀ ਹੈ ਕਿ ਜੇ ਉਸ ਨੂੰ ਦੁਬਈ ਤੋਂ ਭਾਰਤ ਵਾਪਸ ਜਾਣਾ ਪਿਆ ਤਾਂ ਉਸ ਦਾ ਕਾਫੀ ਨੁਕਸਾਨ ਹੋਵੇਗਾ। ਉਸ ਨੇ ਕਿਹਾ ਕਿ ਉਸ ਦੀ ਮਾਂ ਦੀ ਮੌਤ ਕਾਰਨ ਉਸ ਦਾ ਪਰਵਾਰ ਪਹਿਲਾਂ ਹੀ ਸਦਮੇ ਵਿੱਚ ਹੈ, ਇਸ ਤੋਂ ਇਲਾਵਾ ਉਸ ਦੀ ਪਤਨੀ ਵੀ ਉਸ ਉੱਤੇ ਨਿਰਭਰ ਹੈ। ਉਸ ਨੇ ਦੱਸਿਆ ਕਿ ਜੇ ਉਹ ਛੇਤੀ ਨਿਊਜ਼ੀਲੈਂਡ ਨਾ ਪੁੱਜ ਸਕਿਆ ਤਾਂ ਉਸ ਦੀ ਨੌਕਰੀ ਵੀ ਜਾ ਸਕਦੀ ਹੈ, ਕਿਉਂਕਿ ਉਹ ਦੋ ਮਹੀਨੇ ਦੀ ਸਾਲਾਨਾ ਛੁੱਟੀ ਪੂਰੀ ਕਰ ਚੁੱਕਾ ਹੈ। ਸੰਜੀਵ ਨੇ ਦੱਸਿਆ ਕਿ ਉਹ ਨਿਊਜ਼ੀਲੈਂਡ ਦਾ ਵਾਸੀ ਹੈ ਅਤੇ ਕੁਰੈਕਸ਼ਨ ਅਫਸਰ (ਜੇਲ੍ਹ ਅਫਸਰ) ਵਜੋਂ ਕੰਮ ਕਰਦਾ ਹੈ। ਇਸ ਸਾਲ ਮਈ ਮਹੀਨੇ ਮਾਂ ਦੀ ਮੌਤ ਪਿੱਛੋਂ ਉਹ ਪਰਵਾਰ ਨੂੰ ਮਿਲਣ ਭਾਰਤ ਆਇਆ ਸੀ। ਉਸ ਨੇ ਨਿਊਜ਼ੀਲੈਂਡ ਵਸਦੇ ਭਾਰਤੀ ਭਾਈਚਾਰੇ ਦੇ ਆਗੂਆਂ ਨੂੰ ਵੀ ਮਦਦ ਲਈ ਅਪੀਲ ਕੀਤੀ ਹੈ।

# ਮਿਆਂਮਾਰ ਵਿੱਚ ਫੌਜ ਤੇ ਬਾਗੀਆਂ ਵਿਚਾਲੇ ਸੰਘਰਸ਼, 30 ਮੌਤਾਂ

ਨੇਪਾਈਤਾਅ, 14 ਅਕਤੂਬਰ (ਪੋਸਟ ਬਿਊਰੋ)- ਮਿਆਂਮਾਰ ਵਿੱਚ ਫੌਜ ਅਤੇ ਬਾਗੀ ਗੁੱਟਾਂ ਵਿਚਾਲੇ ਸਾਗੈਂਗ ਖੇਤਰ ਵਿੱਚ ਹੋਏ ਖੂਨੀ ਸੰਘਰਸ਼ ਵਿੱਚ ਘੱਟੋ-ਘੱਟ 30 ਜੁੰਟਾ ਫੌਜੀਆਂ ਦੀ ਮੌਤ ਹੋ ਗਈ ਹੈ।



ਬਾਗੀ ਗੁੱਟ ਪੀਪਲਜ਼ ਡਿਫੈਂਸ ਫੋਰਸ (ਪੀ ਡੀ ਐਫ) ਦੇ ਇੱਕ ਮੈਂਬਰ ਦੇ ਹਵਾਲੇ ਨਾਲ ਰੇਡੀਓ ਫ੍ਰੀ ਏਸ਼ੀਆ ਨੇ ਕਿਹਾ ਕਿ ਸੰਘਰਸ਼ ਓਦੋਂ ਹੋਇਆ ਜਦੋਂ ਜੁੰਟਾ (ਸਰਕਾਰੀ ਫੌਜੀ) ਨੇ ਇਲਾਕਾ ਖਾਲੀ ਕਰਵਾਉਣ ਲਈ ਮੁਹਿੰਮ ਸ਼ੁਰੂ ਕੀਤੀ। ਪੀ ਡੀ ਐਫ ਦੇ ਬੁਲਾਰੇ ਨੇ ਕਿਹਾ ਕਿ ਫੌਜ ਦੇ ਇੱਕ ਕਾਫਲੇ ਨੂੰ ਸੋਮਵਾਰ ਸਵੇਰੇ ਪਾਲੇ ਸ਼ਹਿਰ ਦੇ ਬਾਹਰ ਲੈਂਡਮਾਈਨਸ ਦਾ ਨਿਸ਼ਾਨਾ ਬਣਾਇਆ ਗਿਆ। ਇਸ ਨਾਲ ਕਾਫਲੇ ਵਿੱਚ ਸ਼ਾਮਲ ਕਮਾਂਡਰ ਸਮੇਤ ਘੱਟੋ-ਘੱਟ ਤੀਹ ਫੌਜੀਆਂ ਦੀ ਮੌਤ ਹੋ ਗਈ। ਅਸੀਂ ਫੌਜ ਦੇ ਕਾਫਲੇ ਦੀ ਐਤਵਾਰ ਤੋਂ ਉਡੀਕ ਕਰ ਰਹੇ ਸਾਂ, ਕਿਉਂਕਿ ਅਸੀਂ ਸੁਣਿਆ ਸੀ ਕਿ ਉਸ ਵਿੱਚ ਇੱਕ ਸੀਨੀਅਰ ਕਮਾਂਡਰ ਆ ਰਿਹਾ ਹੈ। ਮਿਆਂਮਾਰ ਵਿੱਚ ਪਿਛਲੇ ਇੱਕ ਫਰਵਰੀ ਤੋਂ ਉਥਲ-ਪੁਥਲ ਮੱਚੀ ਹੋਈ ਹੈ, ਜਦੋਂ ਫੌਜ ਦੇ ਸੀਨੀਅਰ ਜਨਰਲ ਮਿਨ ਆਂਗ ਹਲੈਂਗ ਨੇ ਚੁਣੀ ਹੋਈ ਸਰਕਾਰ ਦਾ ਤਖਤਾ ਪਲਟਦੇ ਹੋਏ ਦੇਸ਼ ਵਿੱਚ ਇੱਕ ਸਾਲ ਲਈ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਸੀ। ਇਸ ਖਿਲਾਫ ਲੋਕ ਸੜਕਾਂ ਉੱਤੇ ਉਤਰ ਆਏ ਤੇ ਵਿਰੋਧ ਨੇ ਫਿਰ ਹਿੰਸਕ ਰੂਪ ਲੈ ਲਿਆ ਸੀ।ਅਸਿਸਟੈਂਟ ਐਸੋਸੀਏਸ਼ਨ ਫਾਰ ਪਾਲੀਟਿਕਲ ਪ੍ਰਿਜ਼ਨਰਸ (ਏ ਏ ਪੀ ਪੀ) ਦੇ ਅੰਕੜਿਆਂ ਮੁਤਾਬਕ ਤਖਤਾ ਪਲਟ ਪਿੱਛੋਂ ਦੇ ਅੱਠ ਮਹੀਨਿਆਂ ਤੋਂ ਵੱਧ ਸਮੇਂ ਵਿੱਚ ਮਿਆਂਮਾਰ ਵਿੱਚ ਫੌਜਾਂ ਨੇ ਘੱਟੋ ਘੱਟ 7219 ਲੋਕਾਂ ਨੂੰ ਗ੍ਰਿਫਤਾਰ ਕੀਤਾ ਤੇ 1167 ਨੂੰ ਮਾਰ ਦਿੱਤਾ ਹੈ।

# ਅਮਰੀਕਾ ਨਵੰਬਰ ਵਿੱਚ ਆਪਣੀਆਂ ਜ਼ਮੀਨੀ ਸਰਹੱਦਾਂ ਖੋਲ੍ਹੇਗਾ

ਸਿਆਟਲ, 14 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਨਵੰਬਰ ਤੋਂ ਆਪਣੇ ਨਾਲ ਲੱਗਦੀਆਂ ਸਭ ਜ਼ਮੀਨੀ ਸਰਹੱਦਾਂ ਆਮ ਵਾਂਗ ਖੋਲ੍ਹਣ ਵਾਲਾ ਹੈ। ਵਾਈਟ ਹਾਊਸ ਤੋਂ ਮਿਲੀ ਜਾਣਕਾਰੀ ਮੁਤਾਬਕ ਕੋਵਿਡ-19 ਕਾਰਨ ਤਕਰੀਬਨ ਡੇਢ ਸਾਲ ਤੋਂ ਵੀ ਵੱਧ ਸਮੇਂ ਤੋਂ ਬੰਦ ਪਈਆਂ ਅਮਰੀਕਾ ਦੀਆਂ ਜ਼ਮੀਨੀ ਸਰਹੱਦਾਂ, ਜਿਨ੍ਹਾਂ ਵਿੱਚ ਕੈਨੇਡਾ ਅਤੇ ਮੈਕਸਿਕੋ ਪ੍ਰਮੁੱਖ ਹਨ, ਨੂੰ ਨਵੰਬਰ ਵਿੱਚ ਖੋਲ੍ਹਣ ਦੀ ਪੂਰੀ ਤਿਆਰੀ ਹੋ ਚੁੱਕੀ ਗਈ ਹੈ, ਪਰ ਇਸ ਜ਼ਮੀਨੀ ਰਸਤੇ ਅਮਰੀਕਾ ਵਿੱਚ ਆਉਣ ਵਾਲੇ ਵਿਅਕਤੀ ਦੇ ਕੋਰੋਨਾ ਰੋਕੂ ਦੋਵੇਂ ਟੀਕੇ ਲੱਗੇ ਹੋਣੇ ਜ਼ਰੂਰੀ ਹੋਣੇ ਚਾਹੀਦੇ ਹਨ। ਕੋਵਿਡ ਤੋਂ ਬਚਾਅ ਕਰਨ ਦੇ ਲਈ ਸੰਸਾਰ ਸਿਹਤ ਸੰਗਠਨ ਤੋਂ ਮਾਨਤਾ ਪ੍ਰਾਪਤ (ਜਿਸ ਵਿੱਚ ਆਸਟਰਾਜੈਨਿਕਾ/ਕੋਵੀਸ਼ੀਲਡ ਸ਼ਾਮਲ ਹੈ) ਵੈਕਸੀਨ ਦੇ ਦੋਵੇਂ ਟੀਕੇ ਲੱਗੇ ਹੋਣੇ ਚਾਹੀਦੇ ਹਨ। ਖ਼ੁਸ਼ੀ ਦੀ ਖ਼ਬਰ ਇਹਹੈ ਕਿ ਜ਼ਮੀਨੀ ਰਸਤੇ ਅਮਰੀਕਾ ਜਾਣ ਲਈ ਯਾਤਰੀਆਂ ਨੂੰ ਨਵਾਂ ਕੋਵਿਡ ਟੈਸਟ ਕਰਾਉਣ ਦੀ ਜ਼ਰੂਰਤ ਨਹੀਂ ਹੋਵੇਗੀ, ਪਰ ਟੀਕਾਕਰਨ ਸਬੂਤ ਦਿਖਾਉਣਾ ਲਾਜ਼ਮੀ ਹੋਵੇਗਾ। ਪਤਾ ਲੱਗਾ ਹੈ ਕਿ ਜਨਵਰੀ 2022 ਤੋਂ ਅਮਰੀਕਾ ਦੀ ਸਰਕਾਰ ਵੱਲੋਂ ਦੇਸ਼ ਵਿੱਚ ਜ਼ਰੂਰੀ ਸਫ਼ਰ (ਕੰਮ, ਕਾਰੋਬਾਰ) ਵਾਸਤੇ ਦਾਖ਼ਲ ਹੋਣ ਵਾਲੇ ਲੋਕਾਂ ਵਾਸਤੇ ਵੀ ਟੀਕਾਕਰਨ ਦੀ ਸ਼ਰਤ ਲਾਗੂ ਕੀਤੀ ਜਾਵੇਗੀ ਜੋ ਕਿ ਟਰੱਕ ਡਰਾਈਵਰਾਂ ਉਪਰ ਵੀ ਇਕਸਾਰ ਲਾਗੂ ਹੋਵੇਗੀ, ਜਿਸ ਦਾ ਭਾਵ ਹੈ ਕਿ ਅਗਲੇ ਸਾਲ ਦੇ ਸ਼ੁਰੂ ਤੋਂ ਸਰੱਹਦ ਰਾਹੀਂ ਬਿਨਾਂ ਟੀਕਾਕਰਨ ਤੋਂ ਕੋਈ ਵੀ ਵਿਅਕਤੀ ਦਾਖਲ ਨਹੀਂ ਕੀਤਾ ਜਾਵੇਗਾ।

# ਅਮਰੀਕਾ ਵਿੱਚ ਹਵਾਈ ਹਾਦਸੇ ਦੌਰਾਨ ਭਾਰਤ ਵੰਸ਼ੀ ਡਾਕਟਰ ਸਣੇ ਦੋ ਮੌਤਾਂ

ਨਿਊ ਯਾਰਕ, 14 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿੱਚ ਬੀਤੇ ਸੋਮਵਾਰ ਹੋਏ ਹਵਾਈ ਹਾਦਸੇ ਵਿੱਚ ਭਾਰਤੀ ਮੂਲ ਦੇ ਦਿਲ ਦੀਆਂ ਬਿਮਾਰੀ ਦੇ ਮਾਹਰ ਡਾਕਟਰ ਸਮੇਤ ਦੋ ਜਣਿਅ ਾਂਦੀ ਮੌਤ ਹੋ ਗਈ। ਹਾਦਸੇ ਦੇ ਬਾਅਦਨੇੜਲੇ ਮਕਾਨਾਂ ਵਿੱਚ ਅੱਗ ਲੱਗ ਗਈ, ਜਿਸ ਨਾਲ ਕਾਫੀ ਨੁਕਸਾਨ ਹੋਇਆ ਹੈ।




ਐਰੀਜ਼ੋਨਾ ਦੇ ਯੁਮਾ ਰੀਜ਼ਨਲ ਮੈਡੀਕਲ ਸੈਂਟਰ (ਆਈ ਆਰ ਐਮ ਸੀ) ਮੁਤਾਬਕ ਹਾਦਸੇ ਦਾ ਸ਼ਿਕਾਰ ਦੋ ਇੰਜਣ ਵਾਲਾ ਸੇਸਨਾ ਸੀ-340 ਜਹਾਜ ਹਵਾਬਾਜ਼ੀ ਇਸ ਅਦਾਰੇ ਵਿੱਚ ਕੰਮ ਕਰਦੇ ਡਾਕਟਰ ਸੁਗਾਤਾ ਦਾਸ ਦਾ ਆਪਣਾ ਸੀ। ਉਹ ਸਿਖਲਾਈ ਪ੍ਰਾਪਤ ਪਾਇਲਟ ਵੀ ਸਨ। ਸੀ ਬੀ ਐਸ-ਐਨ ਬੀ ਸੀ ਨਾਲ ਜੁੜੇ ਟੀ ਵੀ ਸਟੇਸ਼ਨ ਨੇ ਕਿਹਾ ਕਿ ਇਸ ਗੱਲ ਦੀ ਪੁਸ਼ਟੀ ਨਹੀਂ ਹੋਈ ਕਿ ਹਾਦਸੇ ਦੇ ਸਮੇਂ ਦਾਸ ਹਵਾਈ ਜਹਾਜ਼ ਦੇ ਪਾਇਲਟ ਖੁਦ ਸਨ ਜਾਂ ਨਹੀਂ। ਵਾਈ ਆਰ ਐਮ ਸੀ ਦੇ ਮੁੱਖ ਮੈਡੀਕਲ ਅਧਿਕਾਰੀ ਭਰਤ ਮਗੂ ਨੇ ਇੱਕ ਬਿਆਨ ਵਿੱਚ ਕਿਹਾ, 'ਦਿਲ ਦੀਆਂ ਬਿਮਾਰੀਆਂ ਦੇ ਮਾਹਰ ਸੁਗਾਤਾ ਦਾਸ ਦੇ ਜਹਾਜ਼ ਹਾਦਸੇ ਦਾ ਸ਼ਿਕਾਰ ਹੋਣ ਦੀ ਖਬਰ ਤੋਂ ਅਸੀਂ ਦੁਖੀ ਹਾਂ। ਇਹ ਹਵਾਈ ਸੈਂਟੀ (ਕੈਲੀਫੋਰਨੀਆ) ਨੇੜੇ ਹਾਦਸੇ ਦਾ ਸ਼ਿਕਾਰ ਹੋਇਆ। ਉਹ ਆਪਣੇ ਪਰਵਾਰ ਪ੍ਰਤੀ ਵੀ ਸਮਰਪਿਤ ਵਿਅਕਤੀ ਸਨ।'' ਸੈਂਟੀ ਵਿੱਚ ਸੰਤਾਨਾ ਹਾਈ ਸਕੂਲ ਨੇੜੇ ਹੋਏ ਹਾਦਸੇ ਪਿੱਛੋਂ ਅੱਗ ਲੱਗਣ ਨਾਲ ਦੋ ਮਕਾਨ ਸੜ ਕੇ ਸੁਆਹ ਹੋ ਗਏ। ਪੰਜ ਹੋਰ ਮਕਾਨਾਂ ਤੇ ਕਈ ਵਾਹਨਾਂ ਨੂੰ ਵੀ ਨੁਕਸਾਨ ਪੁੱਜਾ ਹੈ। ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਅੱਗ ਉੱਤੇ ਕਾਬੂ ਪਾਇਆ। ਹਾਦਸੇ ਵਿੱਚ ਮਾਰਿਆ ਗਿਆ ਹੋਰ ਵਿਅਕਤੀ ਯੂ ਪੀ ਐਸ ਮੁਲਾਜ਼ਮ ਸੀ, ਜੋ ਘਟਨਾ ਦੇ ਸਮੇਂ ਜ਼ਮੀਨ ਉੱਤੇ ਕੰਮ ਕਰ ਰਿਹਾ ਸੀ। ਇੱਕ ਰਿਪੋਰਟ ਮੁਤਾ-ਬਕ ਦੁਪਹਿਰੇ ਕਰੀਬ 12.30 ਵਜੇ ਅਧਿਕਾਰੀਆਂ ਨੂੰ ਗ੍ਰੀਨਕੈਸਲ ਸਟਰੀਟ ਨੇੜਲੇ ਇਲਾਕੇ ਵਿੱਚ ਹਵਾਈ ਜਹਾਜ਼ ਦੇ ਹਾਦਸਾਗ੍ਰਸਤ ਹੋਣ ਦੀ ਸੂਚਨਾ ਮਿਲੀ ਸੀ।

# ਵਿਸ਼ਵ ਬੈਂਕ ਦਾ ਪ੍ਰਗਟਾਵਾ, ਵਿਦੇਸ਼ੀ ਕਰਜ਼ੇ ਹੇਠ ਦੱਬੇ ਦੁਨੀਆਂ ਦੇ ਚੋਟੀ ਦੇ 10 ਦੇਸ਼ਾਂ ਵਿੱਚ ਪਾਕਿ ਵੀ ਸ਼ਾਮਲ

ਇਸਲਾਮਾਬਾਦ, 14 ਅਕਤੂਬਰ (ਪੋਸਟ ਬਿਊਰੋ)- ਦੂਸਰੇ ਦੇਸ਼ਾਂ ਅਤੇ ਕੌਮਾਂਤਰੀ ਅਦਾਰਿਆਂ ਤੋਂ ਕਰਜ਼ਾ ਲੈ ਕੇ ਗੁਜ਼ਾਰਾ ਕਰਨ ਵਾਲੇ ਪਾਕਿਸਤਾਨ ਦੀ ਸਥਿਤੀ ਹੋਰ ਵਿਗੜ ਸਕਦੀ ਹੈ। ਵਿਸ਼ਵ ਬੈਂਕ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਕੋਵਿਡ ਮਹਾਮਾਰੀ ਨੇ ਉਸ ਦੀ ਅਰਥ ਵਿਵਸਥਾ ਨੂੰ ਬਹੁਤ ਪ੍ਰਭਾਵਤ ਕੀਤਾ ਹੈ ਤੇ ਉਹ ਦੁਨੀਆ ਦੇ ਸਭ ਤੋਂ ਵੱਡਾ ਹੁਦਾਰ ਲੈਣ ਵਾਲੇ ਚੋਟੀ ਦੇ 10 ਵਿੱਚੋਂ ਇੱਕ ਬਣ ਗਿਆ ਹੈ। ਇਹੀ ਨਹੀਂ, ਇਹ ਕਰਜ਼ਾ ਸੇਵਾ ਸਸਪੈਂਸ਼ਨ ਦੇ ਘੇਰੇ ਵਿੱਚ ਵੀ ਆ ਗਿਆ ਹੈ, ਜਿਸ ਕਾਰਨ ਉਸ ਲਈ ਹੋਰ ਵਿਦੇਸ਼ੀ ਕਰਜ਼ੇ ਪ੍ਰਾਪਤ ਕਰਨਾ ਮੁਸ਼ਕਲ ਹੋ ਜਾਵੇਗਾ।



ਵਿਸ਼ਵ ਬੈਂਕ ਵੱਲੋਂ ਜਾਰੀ ਕੀਤੇ ਗਏ 'ਸਾਲ 2022 ਦੇ ਅੰਤਰਰਾਸ਼ਟਰੀ ਕਰਜ਼ੇ ਦੇ ਅੰਕੜਿਆਂ' ਦਾ ਹਵਾਲਾ ਦੇ ਕੇ ਨਿਊਜ਼ ਇੰਟਰਨੈਸ਼ਨਲ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਵੱਡੇ ਹੁਦਾਰ ਲੈਣ ਵਾਲਿਆਂ ਅਤੇ ਜੇਡੀ ਐਸ ਆਈ ਅਧੀਨ ਦੇਸ਼ਾਂ ਵੱਲੋਂ ਪ੍ਰਾਪਤ ਕੀਤੇ ਕਰਜ਼ਿਆਂ ਦੀ ਦਰ ਦਾਵੱਡਾਫਰਕ ਹੈ। ਸਾਲ 2020 ਦੇ ਅੰਤ ਵਿੱਚ 10 ਸਭ ਤੋਂ ਵੱਡੇ ਜੇਡੀ ਐਸ ਆਈ ਹੁਦਾਰ ਲੈਣ ਵਾਲਿਆਂ ਦਾ ਕੁੱਲ ਬਾਹਰੀ ਕਰਜ਼ਾ 509 ਅਰਬ ਡਾਲਰ ਸੀ, ਜੋ 2019 ਦੇ ਮੁਕਾਬਲੇ 12 ਫ਼ੀਸਦ ਵੱਧ ਸੀ ਅਤੇ ਡੀ ਐਸ ਐਸ ਆਈ ਵੱਲੋਂ ਕਵਰ ਕੀਤੇ ਸਾਰੇ ਦੇਸ਼ਾਂ ਦੇ ਕੁੱਲ ਵਿਦੇਸ਼ੀ ਕਰਜ਼ੇ ਦਾ 59 ਫ਼ੀਸਦ ਸੀ।ਸਾਲ 2020 ਦੇ ਅੰਤ ਤਕ ਇਹ ਜੇ ਡੀ ਐਸ ਐਸ ਆਈ ਵੱਲੋਂ ਕਵਰ ਕੀਤੇ ਦੇਸ਼ਾਂ ਦਾ ਗ਼ੈਰ-ਗਾਰੰਟੀਸ਼ੁਦਾ ਨਿੱਜੀ ਵਿਦੇਸ਼ੀ ਕਰਜ਼ਾ 65 ਫ਼ੀਸਦ ਤਕ ਵਧ ਗਿਆ। ਵਿਦੇਸ਼ੀ ਕਰਜ਼ਾ ਦੂਜੇ ਦੇਸ਼ਾਂ, ਵਿੱਤੀ ਸੰਸਥਾਵਾਂ ਜਾਂ ਅੰਤਰਰਾਸ਼ਟਰੀ ਸੰਸਥਾਵਾਂ ਆਦਿ ਤੋਂ ਮਿਲੇ ਕਰਜ਼ਿਆਂ ਬਾਰੇ ਦੱਸਦਾ ਹੈ। ਚੋਟੀ ਦੇ 10 ਸਭ ਤੋਂ ਵੱਡੇ ਵਿਦੇਸ਼ੀ ਕਰਜ਼ਦਾਰ ਦੇਸ਼ਾਂ ਵਿੱਚ ਅੰਗੋਲਾ, ਬੰਗਲਾਦੇਸ਼, ਇਥੋਪੀਆ, ਘਾਨਾ, ਕੀਨੀਆ, ਮੰਗੋਲੀਆ, ਨਾਈਜੀਰੀਆ, ਪਾਕਿ-ਸਤਾਨ, ਉਜ਼ਬੇਕਿਸਤਾਨ ਅਤੇ ਜੈਂਬੀਆ ਹਨ।



# 100 ਸਾਲ ਪੁਰਾਣੀ ਜੇਲ੍ਹ ਨੂੰ ਹੋਟਲ ਬਣਾ ਲਿਆ

ਲੰਡਨ, 14 ਅਕਤੂਬਰ (ਪੋਸਟ ਬਿਊਰੋ)- ਦੁਨੀਆ ਦੇ ਕਈ ਸ਼ਹਿਰਾਂ ਵਿਚ ਥੀਮ ਬੇਸਡ ਹੋਟਲ ਤੇ ਰੈਸਟੋਰੈਂਟ ਦਾ ਰੁਝਾਨ ਕਾਫੀ ਹੋਣ ਬਾਰੇ ਸਭ ਜਾਣਦੇ ਹਨ। ਇਸੇ ਤਰਜ਼ ਉੱਤੇ ਅਕਸਰ ਜੇਲ੍ਹ ਥੀਮ ਵਾਲੇ ਰੈਸਟੋਰੈਂਟ ਤੇ ਹੋਟਲ ਵੀ ਬਣ ਚੁੱਕੇ ਹਨ, ਪਰ ਕਿਸੇ ਅਸਲੀ ਜੇਲ੍ਹ ਨੂੰ ਹੋਟਲ ਬਣਾ ਦਿੱਤਾ ਜਾਏ, ਇਹ ਸ਼ਾਇਦ ਪਹਿਲਾਂ ਕਦੇ ਨਾ ਹੋਇਆ ਹੋਵੇ।



ਬ੍ਰਿਟੇਨ ਵਿੱਚ ਅਜਿਹਾ ਹੋ ਚੱਕਾ ਹੈ। ਇਥੋਂ ਦਾ ਮੇਲਮੇਜਨ ਆਕਸਫੋਰਡ ਹੋਟਲ ਇਨ੍ਹੀਂ ਦਿਨੀਂ ਇਸੇ ਕਾਰਨ ਚਰਚਾ ਵਿੱਚ ਹੈ। ਇਸ ਜਗ੍ਹਾ 100 ਸਾਲ ਪੁਰਾਣੀ ਜੇਲ੍ਹ ਹੁੰਦੀ ਸੀ, ਜਿੱਥੇ ਖਤਰਨਾਕ ਕੈਦੀ ਰੱਖੇ ਜਾਂਦੇ ਸਨ। ਅੱਜਕੱਲ੍ਹ ਇਹ ਹੋਟਲ ਵਿੱਚ ਤਬਦੀਲ ਹੋ ਗਈ ਹੈ। ਇਸ ਕਾਰਨ ਕਈ ਲੋਕ ਇਸ ਨੂੰ ਦੇਖਣ ਆ ਰਹੇ ਹਨ। ਇਹ ਹੋਟਲ ਆਕਸਫੋਰਡ ਕੈਸਲ ਐਂਡ ਪ੍ਰਿਜਨ ਟੂਰਿਜ਼ਮ ਐਟਰੈਕਸ਼ਨ ਦਾ ਹਿੱਸਾ ਹੈ। ਇਸ ਹੋਟਲ ਦੀ ਜਾਣਕਾਰੀ ਇੱਕ ਟਰੈਵਲ ਬਲਾਗਰ ਨੇ ਆਪਣੇ ਸੋਸ਼ਲ ਨੈਟਵਰਕਿੰਗ ਅਕਾਊਂਟ ਉੱਤੇ ਦਿੱਤੀ। ਏਨਾ ਸੇਗਰੇਨਾ ਨਾਂਅ ਦੀ ਲੜਕੀ ਨੇ ਲਿਖਿਆ:'ਇੱਕ ਅਜਿਹੀ ਜੇਲ੍ਹ ਮਿਲੀ, ਜਿਸ ਨੂੰ ਅੱਜਕੱਲ੍ਹ ਲਗਜਰੀ ਹੋਟਲ ਵਿੱਚ ਬਦਲ ਦਿੱਤਾ ਗਿਆ ਹੈ।' ਏਨਾ ਦੀ ਇਸ ਪੋਸਟ ਮਗਰੋਂ ਕਈ ਲੋਕਾਂ ਨੇ ਇਸ ਹੋਟਲ ਵਿੱਚ ਜਾਣ ਦੀ ਇੱਛਾ ਪ੍ਰਗਟਾਈ ਹੈ। ਹੋਟਲ ਵਿੱਚ ਇੱਕ ਰਾਤ ਬਿਤਾ ਕੇ ਆਈ ਇੱਕ ਯੂਜ਼ਰ ਨੇ ਲਿਖਿਆ, ਜੇਲ੍ਹ ਹੋਟਲ ਵਿੱਚ ਇੱਕ ਰਾਤ ਬਿਤਾਉਣ ਦਾ ਤਜਰਬਾ ਕਮਾਲ ਦਾ ਰਿਹਾ। ਹੋਟਲ ਅਧਿਕਾਰੀਆਂ ਨੇ ਜੇਲ੍ਹ ਦੀ ਇਤਿਹਾਸਕ ਇਮਾਰਤ ਵਿੱਚ ਖਾਸ ਬਦਲਾਅ ਨਾ ਕਰ ਕੇ ਵੀ ਇਸ ਨੂੰ ਬੜੇ ਕਮਾਲ ਦੇ ਤਰੀਕੇ ਨਾਲ ਹੋਟਲ ਵਿੱਚ ਬਦਲਿਆ ਹੈ।

### ਇਜ਼ਰਾਈਲ ਦਾ ਨਵਾਂ ਤਜਰਬਾ

# ਦਰਜਨਾਂ ਡਰੋਨਾਂ ਦੇ ਨਾਲ ਪੂਰੇ ਤੇਲ ਅਵੀਵ ਸ਼ਹਿਰ ਵਿੱਚ ਆਈਸਕ੍ਰੀਮ ਪੁਚਾਈ

ਤੇਲ ਅਵੀਵ, 14 ਅਕਤੂਬਰ (ਪੋਸਟ ਬਿਊਰੋ)- ਇਸਰਾਈਲ ਦੇ ਤੇਲ ਅਵੀਵਸ਼ਹਿਰ ਵਿੱਚ ਕੱਲ੍ਹ ਦਰਜਨਾਂ ਡਰੋਨ ਇੱਕੋ ਵਾਰ ਅਸਮਾਨ ਵਿੱਚ ਉਡਦੇ ਦਿਖਾਈ ਦਿੱਤੇ, ਜਿਨ੍ਹਾਂ ਨੇ ਪੂਰੇ ਦੇਸ਼ ਵਿੱਚ ਆਈਸਕ੍ਰੀਮ ਅਤੇ ਸੁਸ਼ੀ (ਵਿਸ਼ੇਸ਼ ਤਰੀਕੇ ਨਾਲ ਪਕਾਇਆ ਚੌਲ) ਪਹੁੰਚਾਇਆ। ਇਸਰਾਈਲ ਦੇ ਸਰਕਾਰੀ ਪ੍ਰੋਗਰਾਮ 'ਰਾਸ਼ਟਰੀ ਡਰੋਨ ਪਹਿਲ' ਵਿੱਚ ਅਜਿਹੀ ਦੁਨੀਆ ਦੀ ਤਿਆਰੀ ਲਈ ਤਜਰਬਾ ਕੀਤਾ ਗਿਆ ਸੀ, ਜਿਸ ਵਿੱਚ ਜ਼ਿਆਦਾਤਰ ਭੀੜ-ਭੜੱਕੇ ਵਾਲੇ ਸ਼ਹਿਰਾਂ ਦੀਆਂ ਸੜਕਾਂ ਉੱਤੇ ਦਬਾਅ ਘੱਟ ਕਰਨ ਲਈ ਡਰੋਨ ਦੀ ਮਦਦ ਨਾਲ ਵੱਡੀ ਮਾਤਰਾ ਵਿੱਚ ਵਪਾਰਕ ਸਪਲਾਈ ਕੀਤੀ ਜਾਏਗੀ।



ਦੋ ਸਾਲ ਦੇ ਇਸ ਪ੍ਰੋਗਰਾਮ ਦਾ ਉਦੇਸ਼ ਇੱਕ ਦੇਸ਼ਵਿਆਪੀ ਨੈਟਵਰਕ ਸਥਾਪਤ ਕਰਨ ਲਈ ਇਸਰਾਈਲ ਡਰੋਨ ਕੰਪਨੀਆਂ ਦੀਆਂ ਸਮਰੱਥਾ ਦੀ ਵਰਤੋਂ ਕਰਨੀ ਹੈ, ਜਿੱਥੇ ਗਾਹਕ ਸਾਮਾਨ ਦਾ ਆਰਡਰ ਕਰ ਸਕਦੇ ਹਨ ਅਤੇ ਮਿਥੇ ਥਾਵਾਂ ਉੱਤੇ ਉਨ੍ਹਾਂ ਨੂੰ ਪੁਚਾਇਆ ਜਾ ਸਕਦਾ ਹੈ। ਅੱਠ ਪੜਾਵਾਂ ਦੇ ਪ੍ਰਾਜੈਕਟ ਦਾ ਇਹ ਤੀਸਰਾ ਪੜਾਅ ਹੈ ਅਤੇ ਇਹ ਵੀ ਆਪਣੀ ਸ਼ੁਰੂ ਦੀ ਅਵਸਥਾ ਵਿੱਚ ਹੈ। ਇਸ ਪ੍ਰਾਜੈਕਟ ਦੇ ਸਾਹਮਣੇ ਅਜੇ ਸੁਰੱਖਿਆ ਤੇ ਰਸਦ ਬਾਰੇ ਕਈ ਸਵਾਲ ਹਨ। ਇਸਰਾਈਲ ਡਰੋਨ ਤਕਨੀਕ ਵਿੱਚ ਦੁਨੀਆ ਵਿੱਚੋਂ ਮੋਹਰੀ ਹੈ ਅਤੇ ਇਸਦੀ ਫ਼ੌਜ ਉਚ ਤਕਨੀਕ ਵਾਲੀ ਹੈ। ਡਰੋਨ ਪਹਿਲ ਵਿੱਚ ਭਾਗ ਲੈਣ ਵਾਲੀਆਂ 16 ਕੰਪਨੀਆਂ ਵਿੱਚੋਂ ਕਈਆਂ ਦੇ ਫ਼ੌਜ ਨਾਲ ਸਬੰਧ ਹਨ।

# ਭਾਰਤ ਦੀ ਵਿਕਾਸ ਦਰਸਭ ਤੋਂ ਤੇਜ਼ ਰਹੇਗੀ:ਆਈ ਐਮ ਐਫ

ਵਾਸ਼ਿੰਗਟਨ, 14 ਅਕਤੂਬਰ (ਪੋਸਟ ਬਿਊਰੋ)- ਅੰਤਰਰਾਸ਼ਟਰੀ ਕਰੰਸੀ ਫੰਡ (ਆਈ ਐਮ ਐਫ) ਨੇ ਇਸ ਸਾਲ ਭਾਰਤ ਦੀ ਆਰਥਿਕ ਵਿਕਾਸ ਦਰ ਦੇ ਅਨੁਮਾਨ ਵਿੱਚ ਕੋਈ ਕਟੌਤੀ ਨਹੀਂ ਕੀਤੀ। ਉਸ ਨੇ ਮੌਜੂਦਾ ਅਤੇ ਅਗਲੇ ਵਿੱਤੀ ਸਾਲ ਦੇ ਲਈ ਆਰਥਿਕ ਵਿਕਾਸ ਦਾ ਅਨੁਮਾਨ ਕਾਇਮ ਰੱਖਿਆ ਹੈ। ਮੌਜੂਦਾ ਵਿੱਤੀ ਸਾਲ ਵਿੱਚਭਾਰਤ ਦੀ ਵਿਕਾਸ ਦਰ 9.5 ਫੀਸਦੀ ਰਹਿ ਸਕਦੀ ਹੈ ਅਤੇ ਅਗਲੇ ਸਾਲ ਇਸ ਦੇ 8.5 ਫੀਸਦੀ ਦੀ ਦਰ ਤੋਂ ਵਧਣ ਦਾ ਅਨੁਮਾਨ ਹੈ।

ਦੂਸਰੇ ਪਾਸੇ ਆਈ ਐਮ ਐਫ ਨੇ ਮੌਜੂਦਾ ਵਿੱਤੀ ਸਾਲ ਵਿੱਚ ਚੀਨ ਦੀ ਅਰਥਵਿਵਸਥਾ ਵਿੱਚ ਮਾਮੂਲੀ ਗਿਰਾਵਟ ਦਾ ਅਨੁਮਾਨ ਪ੍ਰਗਟਾਇਆ ਹੈ। ਕਰੰਸੀ ਫੰਡ ਨੇ ਕਿਹਾ ਹੈ ਕਿ ਚੀਨ ਦੀ ਵਿਕਾਸ ਦਰ ਅੱਠ ਫੀਸਦੀ ਰਹਿ ਸਕਦੀ ਹੈ, ਜਦ ਕਿ ਅਗਲੇ ਸਾਲ ਇਸ ਦੇ 5.6 ਫੀਸਦੀ ਦੀ ਦਰ ਨਾਲ ਵੱਧਣ ਦਾ ਅਨੁਮਾਨ ਹੈ।ਖਾਸ ਗੱਲ ਇਹ ਹੈ ਕਿ ਆਈ ਐਮ ਐਫ ਨੇ ਸੰਸਾਰਕ ਆਰਥਿਕ ਵਿਕਾਸ ਦਰ ਲਈ ਇਸ ਸਾਲ ਦਾ ਅਨੁਮਾਨ ਘਟਾ ਦਿੱਤਾ ਹੈ। ਇਸ ਦਾ ਕਹਿਣਾ ਹੈ ਕਿ ਸਪਲਾਈ ਚੇਨ ਵਿੱਚ ਰੁਕਾਵਟ ਦੇ ਕਾਰਨ ਵਿਕਸਿਤ ਅਰਥਵਿਵਸਥਾ ਦੇ ਵਿਕਾਸ ਦੀ ਚਾਲ ਉੱਤੇ ਅਸਰ ਪਵੇਗਾ, ਅਮੀਰ ਤੇ ਗਰੀਬ ਦੇਸ਼ਾਂ ਵਿੱਚ ਟੀਕਾਕਰਨ ਵਿੱਚ ਨਾ-ਬਰਾਬਰੀ ਵਧੇਗੀ। ਨਵੇਂ ਸੰਸਾਰਕ ਆਰਥਿਕ ਅੰਦਾਜ਼ੇ ਮੁਤਾਬਕ ਇਸ ਸਾਲ ਸੰਸਾਰਕ ਆਰਥਿਕ ਵਿਕਾਸ ਦਰ ਦੇ 5.9 ਫੀਸਦੀ ਉੱਤੇ ਪਹੁੰਚਣ ਦਾ ਅਨੁਮਾਨ ਹੈ, ਜਦ ਕਿ ਜੁਲਾਈ 2021 ਵਿੱਚ ਸੰਸਾਰਕ ਵਾਧੇ ਦੇ ਛੇ ਫੀਸਦੀ ਰਹਿਣ ਦਾ ਅਨੁਮਾਨ ਸੀ।ਆਈ ਐਮ ਐਫ ਨੇ ਸਾਲ 2022 ਵਿੱਚ ਸੰਸਾਰਕ ਆਰਥਿਕ ਵਿਕਾਸ ਦਰ ਦੇ 4.9 ਫੀਸਦੀ ਨਾਲ ਵਧਣ ਦਾ ਅਨੁਮਾਨ ਕਾਇਮ ਰੱਖਿਆ ਹੈ। ਵਿਸ਼ਵ ਦੀ ਸਭ ਤੋਂ ਵੱਡੀ ਅਰਥਵਿਵਸਥਾ ਦੀ ਗੱਲ ਕਰੀਏ ਤਾਂ ਚਾਲੂ ਸਾਲ ਵਿੱਚ ਇਹ ਛੇ ਫੀਸਦੀ ਅਤੇ ਅਗਲੇ ਸਾਲ 5.2 ਫੀਸਦੀ ਦੀ ਦਰ ਨਾਲ ਵਧਣ ਦਾ ਅਨੁਮਾਨ ਹੈ।

# ਡਬਲਿਊਐਚਓ, ਐਫਡੀਏ ਵੱਲੋਂ ਮਨਜ਼ੂਰਸ਼ੁਦਾ ਵੈਕਸੀਨਜ਼ ਲਵਾਉਣ ਵਾਲੇ ਟਰੈਵਲਰਜ਼ ਨੂੰ ਸਵੀਕਾਰੇਗਾ ਅਮਰੀਕਾ

ਓਟਵਾ, 14 ਅਕਤੂਬਰ (ਪੋਸਟ ਬਿਊਰੋ) : ਅਗਲੇ ਮਹੀਨੇ ਤੋਂ ਜਦੋਂ ਅਮਰੀਕਾ ਵੱਲੋਂ ਟਰੈਵਲ ਸਬੰਧੀ ਪਾਬੰਦੀਆਂ ਹਟਾਈਆਂ ਜਾਣਗੀਆਂ ਤਾਂ ਕੋਵਿਡ-19 ਖਿਲਾਫ ਆਕਸਫੋਰਡ ਐਸਟ੍ਰਾਜ਼ੈਨੇਕਾ ਵੈਕਸੀਨ ਦੇ ਸ਼ੌਟ ਲੈ ਚੁੱਕੇ ਕੈਨੇਡੀਅਨ ਉੱਧਰ ਦਾ ਦੌਰਾ ਕਰ ਸਕਣਗੇ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਹੈ ਕਿ ਜਿਨ੍ਹਾਂ ਨੇ ਮਿਕਸਡ ਡੋਜ਼ ਲਵਾਈ ਹੈ ਉਨ੍ਹਾਂ ਨੂੰ ਅਮਰੀਕਾ ਜਾਣ ਦਾ ਮੌਕਾ ਮਿਲੇਗਾ ਜਾਂ ਨਹੀਂ।



ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ ਨੇ ਸੋਮਵਾਰ ਨੂੰ ਇਹ ਜਾਣਕਾਰੀ ਉਨ੍ਹਾਂ ਟਰੈਵਲਰਜ਼ ਨੂੰ ਦਿੱਤੀ ਜਿਨ੍ਹਾਂ ਨੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਤੇ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਵੱਲੋਂ ਮਾਨਤਾ ਪ੍ਰਾਪਤ ਵੈਕਸੀਨ ਦੇ ਸ਼ੌਟਜ਼ ਲਏ ਹਨ। ਇਸ ਵਿੱਚ ਇਹ ਕਿਤੇ ਵੀ ਨਹੀਂ ਆਖਿਆ ਗਿਆ ਕਿ ਮਿਕਸਡ ਡੋਜ਼ ਲਵਾਉਣ ਵਾਲਿਆਂ ਨੂੰ ਵੀ ਟਰੈਵਲ ਕਰਨ ਦੀ ਇਜਾਜ਼ਤ ਹੋਵੇਗੀ। ਤਰਜ਼ਮਾਨ ਜੈਸਮੀਨ ਰੀਡ ਨੇ ਆਖਿਆ ਕਿ ਇੱਕ ਵਾਰੀ ਟਰੈਵਲ ਸਬੰਧੀ ਲੋੜਾਂ ਪੂਰੀਆਂ ਕਰ ਲਏ ਜਾਣ ਤੋਂ ਬਾਅਦ ਸੀਡੀਸੀ ਵਾਧੂ ਗਾਇਡੈਂਸ ਤੇ ਜਾਣਕਾਰੀ ਜਾਰੀ ਕਰੇਗੀ। ਰੀਡ ਨੇ ਇਹ ਵੀ ਆਖਿਆ ਕਿ ਸੀਡੀਸੀ ਆਖਰੀ ਹਫਤੇ ਇਸ ਸਬੰਧ ਵਿੱਚ ਏਅਰਲਾਈਨਜ਼ ਨੂੰ ਸੂਚਿਤ ਕਰੇਗੀ।

ਪਿਛਲੇ ਮਹੀਨੇ ਵ੍ਹਾਈਟ ਹਾਊਸ ਅਧਿਕਾਰੀਆਂ ਨੇ ਆਖਿਆ ਸੀ ਕਿ ਇੰਟਰਨੈਸ਼ਨਲ ਟਰੈਵਲਰਜ਼ ਨਵੰਬਰ ਤੋਂ ਅਮਰੀਕਾ ਆ ਸਕਣਗੇ ਪਰ ਉਨ੍ਹਾਂ ਇਹ ਨਹੀਂ ਸੀ ਦੱਸਿਆ ਕਿ ਕਿਹੜੀ ਵੈਕਸੀਨ ਸਬੰਧੀ ਕੀ ਮਾਪਦੰਡ ਹੋਣਗੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਐਫਡੀਏ ਵੱਲੋਂ ਕੋਵਿਡ-19 ਸਬੰਧੀ ਤਿੰਨ ਵੈਕਸੀਨਜ਼ ਨੂੰ ਮਨਜ਼ੂਰੀ ਦਿੱਤੀ ਗਈ ਹੈ ਤੇ ਐਸਟ੍ਰਾਜ਼ੈਨੇਕਾ ਉਨ੍ਹਾਂ ਵਿੱਚੋਂ ਇੱਕ ਨਹੀਂ ਹੈ। ਪਰ ਐਸਟ੍ਰਾਜ਼ੈਨੇਕਾ ਨੂੰ ਡਬਲਿਊਐਚਓ ਵੱਲੋਂ ਮਨਜ਼ੂਰੀ ਮਿਲੀ ਹੋਈ ਹੈ।

# ਅਰਥਸ਼ਾਸਤਰ ਦਾ ਨੋਬਲ ਪ੍ਰਾਈਜ਼ ਜਿੱਤਣ ਵਾਲਿਆਂ ਵਿੱਚ ਕੈਨੇਡੀਅਨ ਵੀ ਸ਼ਾਮਲ

ਸਟਾਕਹੋਮ, 14 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਸਥਿਤ ਕੈਨੇਡੀਅਨ ਇਕਨੌਮਿਸਟ ਨੇ ਅਰਥਸ਼ਾਸਤਰ ਦੇ ਖੇਤਰ ਵਿੱਚ ਨੋਬਲ ਪ੍ਰਾਈਜ਼ ਜਿੱਤਿਆ ਹੈ।

ਯੂਨੀਵਰਸਿਟੀ ਆਫ ਕੈਲੇਫੋਰਨੀਆ, ਬਰਕਲੇ ਵਿੱਚ ਪੜ੍ਹਾਉਣ ਵਾਲੇ ਕੈਨੇਡਾ ਦੇ ਜੰਮਪਲ ਡੇਵਿਡ ਕਾਰਡ ਨੂੰ ਘੱਟ ਤੋਂ ਘੱਟ ਵੇਜ, ਇਮੀਗ੍ਰੇਸ਼ਨ ਤੇ ਸਿੱਖਿਆ ਦੇ ਲੇਬਰ ਮਾਰਕਿਟ ਉੱਤੇ ਪੈਣ ਵਾਲੇ ਪ੍ਰਭਾਵ ਦੇ ਸਬੰਧ ਵਿੱਚ ਕੀਤੀ ਗਈ ਉਨ੍ਹਾਂ ਦੀ ਰਿਸਰਚ ਦੇ ਸਬੰਧ ਵਿੱਚ ਪ੍ਰਾਈਜ਼ ਦਾ ਅੱਧ ਮਿਲੇਗਾ। ਇਸ ਪ੍ਰਾਈਜ਼ ਦਾ ਦੂਜਾ ਅੱਧ ਮੈਸਾਚਿਊਸੈਟਸ ਇੰਸਟੀਚਿਊਟ ਆਫ ਟੈਕਨੌਲੋਜੀ ਦੇ ਜੋਸ਼ੂਆ ਐਂਗਰਿਸਟ ਤੇ ਸਟੈਨਫੋਰਡ ਯੂਨੀਵਰਸਿਟੀ ਦੇ ਜਰਮਨੀ




ਵਿੱਚ ਪੈਦਾ ਹੋਏ ਗਾਇਡੋ ਇੰਬੈਨਸ ਨੂੰ ਦਿੱਤਾ ਗਿਆ ਹੈ। ਇਨ੍ਹਾਂ ਦੋਵਾਂ ਦੇ ਅਧਿਐਨ ਦਾ ਦਾਇਰਾ ਵੀ ਉਹ ਮੁੱਦੇ ਹਨ ਜਿਹੜੇ ਰਵਾਇਤੀ ਸਾਇੰਟਿਫਿਕ ਮੈਥਡਜ਼ ਨਹੀਂ ਹਨ। ਰਾਇਲ ਸਵੀਡਿਸ਼ ਅਕੈਡਮੀ ਆਫ ਸਰਵਿਸਿਜ਼ ਨੇ ਆਖਿਆ ਕਿ ਇਨ੍ਹਾਂ ਤਿੰਨਾਂ ਨੇ ਇਕਨੌਮਿਕ ਸਾਇੰਸਿਜ਼ ਦੇ ਖੇਤਰ ਵਿੱਚ ਨਵੇਂ ਦਿੱਸਹੱਦੇ ਕਾਇਮ ਕੀਤੇ ਹਨ।

# ਕੈਲੇਫੋਰਨੀਆ ਵਿੱਚ ਜਹਾਜ਼ ਹਾਦਸਾਗ੍ਰਸਤ, 2 ਹਲਾਕ



ਸੈਂਟੀ, ਕੈਲੇਫੋਰਨੀਆ, 14 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਨੂੰ ਸੰਘਣੀ ਆਬਾਦੀ ਵਾਲੇ ਸੈਨ ਡਿਏਗੋ ਸਬਅਰਬ ਵਿੱਚ ਇੱਕ ਨਿੱਕਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਦੋ ਲੋਕ ਮਾਰੇ ਗਏ ਤੇ ਦੋ ਹੋਰ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿੱਚੋਂ ਇੱਕ ਯੂਪੀਐਸ ਡਰਾਈਵਰ ਵੀ ਸੀ। ਜਹਾਜ਼ ਘਰਾਂ ਉੱਤੇ ਡਿੱਗਿਆ ਜਿਸ ਕਾਰਨ ਉੱਥੇ ਵੀ ਕਾਫੀ ਨੁਕਸਾਨ ਪਹੁੰਚਿਆ।

ਚਸ਼ਮਦੀਦਾਂ ਅਨੁਸਾਰ ਸੈਂਟੀ ਵਿੱਚ ਤਬਾਹ ਹੋਏ ਦੋ ਘਰਾਂ ਵਿੱਚੋਂ ਇੱਕ ਵਿੱਚ ਰਹਿਣ ਵਾਲੇ ਬਜ਼ੁਰਗ ਜੋੜੇ ਨੂੰ ਵੀ ਬਚਾਅ ਲਿਆ ਗਿਆ। ਇਸ ਹਾਦਸੇ ਕਾਰਨ ਦਸ ਘਰ ਹੋਰ ਬਰਬਾਦ ਹੋ ਗਏ। ਡਲਿਵਰੀ ਟਰੱਕ ਦੇ ਨਾਲ ਕਈ ਹੋਰ ਗੱਡੀਆਂ ਨੂੰ ਵੀ ਨੁਕਸਾਨ ਪਹੁੰਚਿਆ। ਅਧਿਕਾਰੀਆਂ ਵੱਲੋਂ ਇਸ ਹਾਦਸੇ ਦਰਾਨ ਨੁਕਸਾਨੇ ਗਏ ਡਲਿਵਰੀ ਟਰੱਕ ਕੰਪਨੀ ਦੀ ਪਛਾਣ ਨਹੀਂ ਕੀਤੀ ਗਈ ਤੇ ਨਾ ਹੀ ਦੱਸਿਆ ਕਿ ਇਸ ਟਰੱਕ ਦੇ ਅੰਦਰ ਕੋਈ ਮੌਜੂਦ ਸੀ। ਪਰ ਯੂਨਾਈਟਿਡ ਪਾਰਸਲ ਸਰਵਿਸ ਆਫ ਅਮੈਰਿਕਾ ਇਨਕਾਰਪੋਰੇਸ਼ਨ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਇਸ ਹਾਦਸੇ ਦੌਰਾਨ ਉਨ੍ਹਾਂ ਦਾ ਇੱਕ ਵਰਕਰ ਮਾਰਿਆ ਗਿਆ।

ਫੈਡਰਲ ਏਵੀਏਸ਼ਨ ਐਡਮਨਿਸਟ੍ਰੇਸ਼ਨ ਅਨੁਸਾਰ ਇਹ ਜਹਾਜ਼ ਦੂਹਰੇ ਇੰਜਣ ਵਾਲਾ ਸੈਸਨਾ ਸੀ 340 ਸੀ। ਇਹ ਵੀ ਦੱਸਿਆ ਗਿਆ ਹੈ ਕਿ ਇਹ ਪ੍ਰਾਈਵੇਟ ਜਹਾਜ਼ ਸੀ ਜੋ ਯੂਮਾ, ਐਰੀਜ਼ੋਨਾ ਤੋਂ ਸੈਨ ਡਿਏਗੋ ਵਿੱਚ ਮੌਂਟਗੁਮੀਰ-ਗਿੱਬਜ਼ ਐਗਜ਼ੈਕਟਿਵ ਏਅਰਪੋਰਟ ਜਾ ਰਿਹਾ ਸੀ। ਇਹ ਪਤਾ ਨਹੀਂ ਲੱਗ ਸਕਿਆ ਕਿ ਜਹਾਜ਼ ਉੱਤੇ ਕਿੰਨੇ ਲੋਕ ਸਵਾਰ ਸਨ। ਪਰ ਅਧਿਕਾਰੀਆਂ ਅਨੁਸਾਰ ਕਿਸੇ ਦੇ ਬਚਣ ਦੀ ਸੰਭਾਵਨਾ ਨਹੀਂ ਹੈ। ਇਸ ਹਾਦਸੇ ਦੀ ਜਾਂਚ ਐਫਏਏ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਵੱਲੋਂ ਕੀਤੀ ਜਾਵੇਗੀ।

# ਕੋਵਿਡ-19 ਆਊਟਬ੍ਰੇਕ ਕਾਰਨ ਇਟੋਬੀਕੋ ਦਾ ਸਕੂਲ ਇਨ-ਪਰਸਨ ਲਰਨਿੰਗ ਲਈ ਕੀਤਾ ਗਿਆ ਬੰਦ

ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਆਊਟਬ੍ਰੇਕ ਕਾਰਨ ਟੋਰਾਂਟੋ ਪਬਲਿਕ ਹੈਲਥ ( ਟੀ ਪੀ ਐਚ ) ਵੱਲੋਂ ਇਟੋਬੀਕੋ ਦੇ ਹਾਈ ਸਕੂਲ ਨੂੰ ਇਨ-ਪਰਸਨ ਲਰਨਿੰਗ ਲਈ ਬੰਦ ਕਰ ਦਿੱਤਾ ਗਿਆ ਹੈ। 291 ਮਿੱਲ ਰੋਡ ਉੱਤੇ ਸਥਿਤ ਸਿਲਵਰਥੌਰਨ ਕਾਲਜੀਏਟ ਇੰਸਟੀਚਿਊਟ ਨੂੰ ਵਿਦਿਆਰਥੀਆਂ ਤੇ ਸਟਾਫ ਦੀ ਹਿਫਾਜ਼ਤ ਲਈ ਬੰਦ ਕੀਤਾ ਗਿਆ। ਸੋਮਵਾਰ ਰਾਤ ਨੂੰ ਇੱਕ ਨਿਊਜ਼ ਰਲੀਜ਼ ਵਿੱਚ ਟੀ ਪੀ ਐਚ ਵੱਲੋਂ ਆਖਿਆ ਗਿਆ ਕਿ



ਸਕੂਲ ਵਿੱਚ ਕੋਵਿਡ-19 ਇਨਫੈਕਸ਼ਨ ਫੈਲਣਾ ਕੋਈ ਅਜਿਹੀ ਘਟਨਾ ਨਹੀਂ ਸੀ ਜਿਸਦਾ ਕਿਆਸ ਨਾ ਲਾਇਆ ਜਾ ਸਕਦਾ ਹੋਵੇ। ਤੇਜ਼ੀ ਨਾਲ ਫੈਲਣ ਵਾਲੇ ਡੈਲਟਾ ਵੇਰੀਐਂਟ ਕਾਰਨ ਕਿਸੇ ਵੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸੇ ਲਈ ਟੀ ਪੀ ਐਚ ਵੱਲੋਂ ਸਾਰੇ ਰੈਜ਼ੀਡੈਂਟਸ ਨੂੰ ਜਲਦ ਤੋਂ ਜਲਦ ਟੀਕਾਕਰਣ ਕਰਵਾਉਣ ਲਈ ਆਖਿਆ ਜਾ ਰਿਹਾ ਹੈ।

ਏਜੰਸੀ ਨੇ ਆਖਿਆ ਕਿ ਨਵੇਂ ਮਾਮਲੇ ਵੀਕੈਂਡ ਉੱਤੇ ਰਿਪੋਰਟ ਕੀਤੇ ਗਏ ਤੇ ਇਹ ਐਕਸਪੋਜ਼ਰ ਕਈ ਕਲਾਸਾਂ ਵਿੱਚ ਹੋਣ ਦਾ ਖਦਸ਼ਾ ਪ੍ਰਗਟਾਇਆ ਗਿਆ। ਟੋਰਾਂਟੋ ਡਿਸਟ੍ਰਿਕਟ ਸਕੂਲ ਬਰਡ ਨੇ ਸੋਮਵਾਰ ਰਾਤ ਨੂੰ ਆਖਿਆ ਕਿ ਹੁਣ ਤੋਂ ਸਾਰੇ ਵਿਦਿਆਰਥੀਆਂ ਨੂੰ ਦੂਰ ਬੈਠ ਕੇ ਹੀ ਪੜ੍ਹਨਾ ਹੋਵੇਗਾ। ਟੀ ਪੀ ਐਚ ਨੇ ਆਖਿਆ ਕਿ 21 ਐਕਟਿਵ ਸਕੂਲ ਆਊਟਬ੍ਰੇਕਸ ਹੋਈਆਂ ਹਨ ਤੇ 122 ਸਕੂਲਾਂ ਵਿੱਚ 30 ਐਕਟਿਵ ਜਾਂਚ ਚੱਲ ਰਹੀ ਹੈ। ਉਨ੍ਹਾਂ ਆਖਿਆ ਕਿ ਇਸ ਅਕਾਦਮਿਕ ਵਰ੍ਹੇ ਵਿੱਚ ਇਹ ਪਹਿਲਾ ਸਕੂਲ ਹੈ ਜਿਸ ਨੂੰ ਸਾਰੇ ਨੂੰ ਹੀ ਡਿਸਮਿਸ ਕੀਤਾ ਗਿਆ ਹੈ।

# ਟੀਕਾਕਰਣ ਨਾ ਕਰਵਾਉਣ ਵਾਲੇ ਹੈਲਥ ਸੈਕਟਰ ਦੇ ਕਈ ਵਰਕਰਜ਼ ਦੀਆਂ ਖੁੱਸ ਸਕਦੀਆਂ ਹਨ ਨੌਕਰੀਆਂ

ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ) : ਆਉਣ ਵਾਲੇ ਦਿਨਾਂ ਵਿੱਚ ਹਸਪਤਾਲਾਂ ਤੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੰਮ ਕਰਨ ਵਾਲੇ ਓਨਟਾਰੀਓ ਦੇ ਸੈਂਕੜੇ ਵਰਕਰਜ਼ ਦੀ ਨੌਕਰੀ ਖੁੱਸ ਸਕਦੀ ਹੈ ਕਿਉਂਕਿ ਉਨ੍ਹਾਂ ਵੱਲੋਂ ਅਜੇ ਤੱਕ ਕੋਵਿਡ-19 ਖਿਲਾਫ ਵੈਕਸੀਨੇਸ਼ਨ ਨਹੀਂ ਕਰਵਾਈ ਗਈ। ਇਸ ਨਾਲ ਸਟਾਫ ਦੀ ਘਾਟ ਹੋਰ ਜ਼ਿਆਦਾ ਵੱਧ ਜਾਵੇਗੀ।



ਲਾਂਗ ਟਰਮ ਕੇਅਰ, ਹਸਪਤਾਲਾਂ ਤੇ ਰਿਟਾਇਰਮੈਂਟ ਹੋਮਜ਼ ਵਿੱਚ ਕੰਮ ਕਰਨ ਵਾਲੇ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦੀ ਪ੍ਰੈਜ਼ੀਡੈਂਟ ਨੇ ਆਖਿਆ ਕਿ ਸਟਾਫ ਦੀ ਸਮੱਸਿਆ, ਲੋਅ ਵੇਜਿਜ਼, ਫੁੱਲ ਟਾਈਮ ਜੌਬਜ਼ ਤੇ ਕੰਮ ਕਰਨ ਦੇ ਮਾੜੇ ਹਾਲਾਤ ਦੇ ਚੱਲਦਿਆਂ ਲਾਜ਼ਮੀ ਵੈਕਸੀਨੇਸ਼ਨ ਵਾਲੀ ਸ਼ਰਤ ਕਾਰਨ ਅਜਿਹਾ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਇੱਕ ਇੰਟਰਵਿਊ ਵਿੱਚ ਐਸ ਈ ਆਈ ਯੂ ਹੈਲਥਕੇਅਰ ਦੀ ਸ਼ਰਲੀਨ ਸਟੀਵਾਰਟ ਨੇ ਆਖਿਆ ਕਿ ਪਹਿਲਾਂ ਤੋਂ ਹੀ ਨਾਜ਼ੁਕ ਮੋੜ ਤੋਂ ਲੰਘ ਰਹੇ ਇਨ੍ਹਾਂ ਅਦਾਰਿਆਂ ਵਿੱਚ ਸਟਾਫਿੰਗ ਦੇ ਪੱਧਰ ਉੱਤੇ ਹੋਰ ਮਾੜਾ ਅਸਰ ਪਵੇਗਾ।

ਇੱਥੇ ਦੱਸਣਾ ਬਣਦਾ ਹੈ ਕਿ 15 ਨਵੰਬਰ ਤੱਕ ਓਨਟਾਰੀਓ ਦੇ ਲਾਂਗ ਟਰਮ ਕੇਅਰ ਸਟਾਫ ਨੂੰ ਟੀਕਾਕਰਣ ਕਰਵਾਉਣ ਲਈ ਡੈੱਡਲਾਈਨ ਦਿੱਤੀ ਗਈ ਹੈ ਨਹੀਂ ਤਾਂ ਉਨ੍ਹਾਂ ਨੂੰ ਨੌਕਰੀ ਤੋਂ ਹੱਥ ਧੁਆਉਣੇ ਪੈ ਸਕਦੇ ਹਨ। ਇਸ ਤੋਂ ਬਾਅਦ ਇਹ ਇਨ੍ਹਾਂ ਰਿਟਾਇਰਮੈਂਟ ਹੋਮਜ਼ ਉੱਤੇ ਨਿਰਭਰ ਕਰੇਗਾ ਕਿ ਉਨ੍ਹਾਂ ਵੱਲੋਂ ਅਜਿਹੀ ਸਥਿਤੀ ਵਿੱਚ ਕੀ ਕੀਤਾ ਜਾਵੇਗਾ। ਪਰ ਕਈ ਆਪਰੇਟਰਜ਼ ਨੇ ਅਜਿਹੇ ਸਟਾਫ ਨੂੰ ਛੁੱਟੀ ਉੱਤੇ ਭੇਜਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ ਜਿਨ੍ਹਾਂ ਵੱਲੋਂ ਵੈਕਸੀਨੇਸ਼ਨ ਨਹੀਂ ਕਰਵਾਈ ਗਈ।


ਪ੍ਰੋਵਿੰਸ ਦੇ ਉੱਘੇ ਡਾਕਟਰ ਕੀਰਨ ਮੂਰ ਨੇ ਆਖਿਆ ਕਿ ਲਾਜ਼ਮੀ ਵੈਕਸੀਨੇਸ਼ਨ ਦੀ ਸ਼ਰਤ ਨਾਲ ਸਬੰਧਤ ਸਟਾਫ ਦੀ ਘਾਟ ਦੇ ਨਿਕਲਣ ਵਾਲੇ ਨਤੀਜਿਆਂ ਉੱਤੇ ਓਨਟਾਰੀਓ ਬਰੀਕੀ ਨਾਲ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਕਮਜ਼ੋਰ ਲੋਕਾਂ ਨੂੰ ਬਚਾਉਣ ਲਈ ਕਈ ਨੌਕਰੀਆਂ ਵਿੱਚ ਇਹ ਸ਼ਰਤ ਵੀ ਜ਼ਰੂਰੀ ਹੈ। ਇਸ ਦੌਰਾਨ ਲਾਂਗ ਟਰਮ ਕੇਅਰ ਮਨਿਸਟਰ ਦੀ ਤਰਜ਼ਮਾਨ ਨੇ ਆਖਿਆ ਕਿ ਮੰਤਰਾਲੇ ਨੇ ਲੋੜ ਪੈਣ ਉੱਤੇ ਇਨ੍ਹਾਂ ਹੋਮਜ਼ ਦੀ ਮਦਦ ਦਾ ਫੈਸਲਾ ਕੀਤਾ ਹੈ।

# ਇੱਕ ਨਵੀਂ ਰਿਪੋਰਟ: ਅਮਰੀਕਾ ਦੀ ਚੋਣ ਵਿੱਚ ਪਾਕਿ ਦੇ ਪੱਖ-ਪਾਤ ਤੋਂ ਬਾਇਡੇਨ ਨਾਰਾਜ਼

ਇਸਲਾਮਾਬਾਦ, 14 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਅਤੇ ਅਮਰੀਕਾ ਦੇ ਰਿਸ਼ਤਿਆਂ ਵਿੱਚ ਦੂਰੀ ਦਾ ਅਸਲੀ ਕਾਰਨ ਅਫਗਾਨਿਸਤਾਨ ਨਹੀਂ ਹੈ। ਪਾਕਿਸਤਾਨ ਵੱਲੋਂ ਜਾਰੀ ਤਾਜ਼ਾ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਹੋਈ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਪਾਕਿ-ਸਤਾਨ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੱਖ ਲਏ ਜਾਣ ਕਾਰਨ ਮੌਜੂਦਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦਾ ਮਨ ਖੱਟਾ ਹੋ ਗਿਆ ਹੈ।

ਇਸ ਬਾਰੇ ਪਾਕਿਸਤਾਨ ਦੇ ਸਾਬਕਾ ਗ੍ਰਹਿ ਮੰਤਰੀ ਅਬਦੁਲ ਰਹਿਮਾਨ ਮਲਿਕ ਨੇ ਦਿ ਨਿਊਜ਼ ਇੰਟਰਨੈਸ਼ਨਲ ਨੂੰ ਦੱਸਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਚੋਣ ਦੇ ਦੌਰਾਨ ਇੱਕ ਪਾਕਿਸਤਾਨੀ ਸਨਅਤਕਾਰ ਨੇ ਪਾਕਿ-ਸਤਾਨ ਦੇ ਦੂਤਘਰ ਦੀ ਵਰਤੋਂ ਡੋਨ-ਾਲਡ ਟਰੰਪ ਦੇ ਚੋਣ ਦਫਤਰ ਵਜੋਂ ਕੀਤੀ ਸੀ। ਜਦੋਂ ਰਾਸ਼ਟਰਪਤੀ ਜੋਅ ਬਾਇਡੇਨ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਬਹੁਤ ਨਾਰਾਜ਼ ਹੋਏ। ਅਬਦੁਲ ਰਹਿਮਾਨ ਮਲਿਕ ਨੇ ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਸਲਾਹ ਦਿੱਤੀ ਸੀ ਕਿ ਉਹ ਇਸ ਬਾਰੇ ਆਪਣੀ ਸਥਿਤੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੂੰ ਸਪੱਸ਼ਟ ਕਰ ਦੇਣ। ਸਾਬਕਾ ਮੰਤਰੀ ਨੇ ਕਿਹਾ ਕਿ ਇਸ ਬਾਰੇ ਹਾਲੇ ਤਕ ਦੋਵਾਂ ਦੇਸ਼ਾਂ ਵਿੱਚ ਨਾਰਾਜ਼ਗੀ ਕਾਇਮ ਹੈ, ਵਰਨਾ ਬਾਇਡੇਨ ਨੇ ਇਮਰਾਨ ਨਾਲ ਗੱਲ ਕਰ ਲਈ ਹੁੰਦੀ। ਵਰਨਣ ਯੋਗ ਇਹ ਹੈ ਕਿ ਅਮਰੀਕੀ ਉਪ ਵਿਦੇਸ਼ ਮੰਤਰੀ ਵੈਂਡੀ ਸ਼ਰਮਨ ਨੇ ਹਾਲ ਹੀ ਵਿੱਚ ਪਾਕਿਸਤਾਨ ਦੀ ਯਾਤਰਾ ਕੀਤੀ ਸੀ, ਜੋ ਅਫਗਾਨਿਸਤਾਨ ਦੇ ਮੌਜੂਦਾ ਹਾਲਾਤ ਬਾਰੇ ਮੁੱਦੇ ਤਕ ਸੀਮਿਤ ਰਹੀ ਸੀ।


# ਫਲੈਮਿੰਗਟਨ ਪਾਰਕ ਨੇੜੇ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ



ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਹੋਈ ਘਟਨਾ ਦੇ ਸੰਬੰਧ ਵਿਚ ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਉਹ ਫਲੈਮਿੰਗਟਨ ਪਾਰਕ ਨੇੜੇ ਹੋਈ ਛੁਰੇਬਾਜ਼ੀ ਦੀ ਜਾਂਚ ਕਰ ਰਹੀ ਹੈ।

ਪੁਲਿਸ ਦਾ ਕਹਿਣਾ ਹੈ ਕਿ ਐਤਵਾਰ ਸ਼ਾਮ ਨੂੰ ਉਨ੍ਹਾਂ ਨੂੰ ਡੌਨ ਮਿਲਜ਼ ਰੋਡ ਤੇ ਸੇਂਟ ਡੈਨਿਸ ਡਰਾਈਵ ਇਲਾਕੇ ਵਿੱਚ ਛੁਰੇਬਾਜ਼ੀ ਦੀ ਖਬਰ ਮਿਲੀ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹਾਲਤ ਵਿੱਚ ਮਿਲਿਆ।

ਟੋਰਾਂਟੋ ਪੈਰਾਮੈਡਿਕ ਸਰਵਿਸਿਜ਼ ਵੱਲੋਂ ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਇਸ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।




## ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

## ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ






# ਮਾਂ ਬ੍ਰਜੇਸ਼ਵਰੀ ਦੇਵੀ ਮੰਦਰ ਦੇ ਹਵਨ ਕੁੰਡ ਵਿੱਚ ਵਿਅਕਤੀ ਨੇ ਛਾਲ ਮਾਰ ਦਿੱਤੀ

ਕਾਂਗੜਾ, 14 ਅਕਤੂਬਰ (ਪੋਸਟ ਬਿਊਰੋ)- ਨਰਾਤਿਆਂ ਦੀ ਅਸ਼ਟਮੀ ਉੱਤੇਮਾਤਾ ਬਜੇਸ਼ਵਰੀ ਦੇਵੀ ਮੰਦਰ ਕਾਂਗੜਾ ਦੇ ਹਵਨ ਕੁੰਡ ਵਿੱਚ ਕੱਲ੍ਹ ਦੁਪਹਿਰ ਪਿੱਛੋਂ ਉਤਰ ਪ੍ਰਦੇਸ਼ ਦੇ ਸ਼ਰਧਾਲੂ ਨੇ ਛਲਾਂਗ ਮਾਰ ਦਿੱਤੀ। ਘਟਨਾ ਸਮੇਂ ਹਵਨ ਕੁੰਡ ਵਿੱਚ ਅਸ਼ਟਮੀ ਦੀ ਆਹੂਤੀ ਪਾਈ ਜਾ ਰਹੀ ਸੀ। ਕਰੀਬ ਚਾਲੀ ਫੀਸਦੀ ਝੁਲਸੇ ਸ਼ਰਧਾਲੂ ਨੂੰ ਮੰਦਰ ਦੇ ਸੁਰੱਖਿਆ ਕਰਮਚਾਰੀ ਸਿਵਲ ਹਸਪਤਾਲ ਕਾਂਗੜਾ ਲੈ ਗਏ ਤਾਂ ਡਾਕਟਰ ਰਾਜਿੰਦਰ ਪ੍ਰਸਾਦ ਮੈਡੀਕਲ ਕਾਲਜ ਅਤੇ ਹਸਪਤਾਲ ਟਾਂਡਾ ਰੈਫਰ ਕਰ ਦਿੱਤਾ ਗਿਆ। ਉਸ ਦੀ ਪਛਾਣ 68 ਸਾਲਾ ਮਨਫੂਲ ਸਿੰਘ ਵਾਸੀ ਮੈਨਪੁਰੀ, ਉਤਰ ਪ੍ਰਦੇਸ਼ ਵਜੋਂ ਹੋਈ ਹੈ।

# ਬੀ ਐੱਸ ਐੱਫ ਦਾ ਅਧਿਕਾਰ ਖੇਤਰ ਵਧਾਏ ਜਾਣ ਦਾ ਪੰਜਾਬ ਸਰਕਾਰ ਵੱਲੋਂ ਵਿਰੋਧ

## * ਮੁੱਖ ਮੰਤਰੀ ਚੰਨੀ ਅਤੇ ਡਿਪਟੀ ਮੁੱਖ ਮੰਤਰੀ ਰੰਧਾਵਾ ਵੱਲੋਂ ਨਿੰਦਾ * ਜਾਖੜ ਨੇ ਪੰਜਾਬ ਸਰਕਾਰ ਬਾਰੇ ਵੀ ਸਵਾਲ ਖੜ੍ਹੇ ਕਰ ਦਿੱਤੇ

ਚੰਡੀਗੜ੍ਹ, 14 ਅਕਤੂਬਰ, (ਪੋਸਟ ਬਿਊਰੋ)- ਸੀਮਾ ਸੁਰੱਖਿਆ ਫੋਰਸ (ਬੀ ਐੱਸ ਐੱਫ) ਦੇ ਐਕਟ ਦੀ ਧਾਰਾ 139 ਵਿੱਚ ਕੀਤੀ ਗਈ ਤਾਜ਼ਾ ਸੋਧ, ਜਿਹੜੀ ਫੈਡਰਲ ਢਾਂਚੇ ਉੱਤੇ ਹਮਲੇ ਵਰਗੀ ਹੈ, ਦੀ ਪੰਜਾਬ ਸਰਕਾਰ ਨੇ ਵਿਰੋਧਤਾ ਕੀਤੀ ਅਤੇ ਰਾਜ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਇਸ ਕਦਮ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਾਫ ਕਿਹਾ ਹੈ ਕਿ ਉਹ ਇਹੋ ਜਿਹੇ ਫੈਸਲੇ ਨਾਲ ਸਹਿਮਤ ਨਹੀਂ ਹੋ ਸਕਦੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਰਾਜ ਸਰਕਾਰ ਨੂੰ ਇਸ ਮਾਮਲੇ ਵਿੱਚ ਕੇਂਦਰ ਦੀ ਸਰਕਾਰ ਨੇ ਫੈਸਲਾ ਕਰਨ ਤੋਂ ਪਹਿਲਾਂ ਭਰੋਸੇ ਵਿੱਚ ਨਹੀਂ ਲਿਆ, ਜਦ ਕਿ ਇਸ ਦਾ ਬਹੁਤ ਵੱਡਾ ਅਸਰ ਪੰਜਾਬ ਦੇ ਲੋਕਾਂ ਅਤੇ ਇਸ ਰਾਜ ਦੀ ਸਰਕਾਰ ਦੇ ਨਾਲ ਏਥੋਂ ਦੇ ਆਮ ਹਾਲਾਤ ਉੱਤੇ ਵੀ ਪੈ ਸਕਦਾ ਹੈ।

ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰ ਦੀ ਸਰਕਾਰ ਨੂੰ ਇਹ ਫੈਸਲਾ ਤੁਰੰਤ ਵਾਪਸ ਲੈਣ ਲਈ ਕਿਹਾ ਹੈ। ਇਥੇ ਜਾਰੀ ਕੀਤੇਇੱਕ ਬਿਆਨ ਵਿੱਚ ਸੁਖਜਿੰਦਰ ਸਿੰਘ ਰੰਧਾਵਾ, ਜਿਨ੍ਹਾਂ ਕੋਲ ਗ੍ਰਹਿ ਮਾਮਲਿਆਂ ਦਾ ਵਿਭਾਗ ਵੀ ਹੈ, ਨੇ ਕਿਹਾ ਕਿ ਇਹ ਤਰਕਹੀਣ ਫੈਸਲਾ ਸਰਹੱਦੀ ਸੁਰੱਖਿਆਫੋਰਸਾਂ ਦੇ ਉਭਾਰ ਦੀ ਭਾਵਨਾ ਦੇ ਵਿਰੁੱਧ ਹੈ,ਜਿਹੜੀਆਂ ਕੌਮਾਂਤਰੀ ਸਰਹੱਦ ਉੱਤੇ ਰਹਿ ਕੇ ਰੱਖਿਆ ਦੀ ਮੋਹਰਲੀ ਕਤਾਰ ਵਜੋਂ ਕੰਮ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਅੰਦਰੂਨੀ ਇਲਾਕਿਆਂ ਵਿੱਚ ਪੁਲੀਸਿੰਗ



ਕਰਨਾ ਸਰਹੱਦੀ ਫੋਰਸਾਂ ਦਾ ਕੰਮ ਨਹੀਂ ਤੇ ਇਸ ਤਰ੍ਹਾਂ ਕਰਨਾ ਕੌਮਾਂਤਰੀ ਸਰਹੱਦ ਦੀ ਸੁਰੱਖਿਆ ਦੀ ਉਨ੍ਹਾਂ ਦੀ ਮੁੱਢਲੀ ਡਿਊਟੀ ਨਿਭਾਉਣ ਦੀ ਸਮਰੱਥਾ ਕਮਜ਼ੋਰ ਕਰੇਗਾ। ਰੰਧਾਵਾ ਨੇ ਕਿਹਾ ਕਿ ਉਹ ਇਸ ਫੈਸਲੇ ਤੋਂ ਬਣੇ ਹਾਲਾਤ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣਗੇ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨਾ ਇਹ ਮੁੱਦਾ ਕੇਂਦਰਕੋਲ ਚੁੱਕਿਆ ਅਤੇ ਨਾ ਕੌਮਾਂਤਰੀ ਸਰਹੱਦ ਦੇ ਨਾਲ ਬੀ ਐੱਸ ਐੱਫਦਾ ਅਧਿਕਾਰ ਖੇਤਰ ਵਧਾਉਣ ਨੂੰ ਕਿਹਾ ਹੈ।

ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਆਪਣੀ ਹੀ ਰਾਜ ਸਰਕਾਰਦੇ ਬਾਰੇ ਸਵਾਲ ਚੁੱਕੇ ਅਤੇ ਕਿਹਾ ਹੈ ਕਿ ਅੱਧਾ ਪੰਜਾਬ ਕੇਂਦਰ ਸਰਕਾਰ ਦੇ ਹਵਾਲੇ ਕਰ ਦਿੱਤਾ ਹੈ। ਜਾਖੜ ਨੇ ਇੱਕ ਟਵੀਟ ਵਿੱਚ ਮੁੱਖ ਮੰਤਰੀ ਚਰਨਜੀਤ ਚੰਨੀਵੱਲੋਂ ਅਣਜਾਣੇ ਵਿੱਚ ਅੱਧਾ ਪੰਜਾਬ ਕੇਂਦਰ ਦੇ ਹਵਾਲੇ ਕਰ ਦੇਣ ਦੀ ਗੱਲਕਹੀ ਹੈ।ਉਨ੍ਹਾਂਕਿਹਾ ਕਿ ਪੰਜਾਬ ਦੇ 50000 ਵਰਗ ਕਿਲੋਮੀਟਰ ਵਿੱਚੋਂ 25000 ਵਰਗ ਕਿਲੋਮੀਟਰ ਬੀ ਐੱਸ ਐੱਫ ਦੇ ਅਧਿਕਾਰ ਖੇਤਰ ਵਿੱਚਦੇਦੇਣ ਨਾਲ ਪੰਜਾਬ ਪੁਲਸ ਦੇ ਸਨਮਾਨ ਨੂੰ ਵੀ ਠੇਸ ਪੁੱਜੀ ਹੈ। ਆਪਣੇ ਟਵੀਟ ਨਾਲ ਜਾਖੜ ਨੇ ਉਹ ਖਬਰ ਵੀ ਸ਼ੇਅਰ ਕੀਤੀ ਹੈ, ਜਿਸ ਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਬੈਠਕ ਕਰ ਕੇ ਆਏ ਅਤੇਕਿਹਾ ਸੀ ਕਿ ਪੰਜਾਬ ਸਰਹੱਦੀ ਰਾਜ ਹੋਣ ਕਰਕੇ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਇਸ ਦੀਆਂ ਸਰਹੱਦਾਂ ਸੀਲ ਕਰਨ ਦੀ ਅਪੀਲ ਕੀਤੀ ਸੀ। ਇਸ ਨਾਲ ਪੰਜਾਬ ਕਾਂਗਰਸ ਦਾ ਪਾਟਕ ਵੀ ਬਾਹਰ ਆ ਗਿਆ ਹੈ।


## ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

## ਤੰਦੂਰੀ ਸ਼ੈੱਫ ਦੀ ਲੋੜ

"ਫਿਊਜ਼ਨ ਬੂਥ", 1900 ਆਕਸਫੋਰਡ ਸਟਰੀਟ, ਲੰਡਨ, ਓਨਟਾਰੀਓ ਵਿਖੇ ਫੁਲ ਟਾਈਮ ਲਈ ਤੰਦੂਰੀ ਸ਼ੈੱਫ ਦੀ ਲੋੜ ਹੈ, ਜੋ ਭਾਰਤੀ ਸਟਾਇਲ ਦੇ ਓਵਨ 'ਚ ਬਰੈਡ ਅਤੇ ਮੀਟ ਤਿਆਰ ਕਰਨ ਦੇ ਯੋਗ ਹੋਵੇ। ਘੱਟ ਤੋਂ ਘੱਟ 6 ਮਹੀਨੇ ਦਾ ਤਜਰਬਾ ਹੋਣਾ ਲਾਜ਼ਮੀ ਹੈ, 1 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਤਨਖਾਹ ਤਜ਼ਰਬੇ ਦੇ ਹਿਸਾਬ ਨਾਲ ਹੋਵੇਗੀ।

ਸੰਪਰਕ: 647-638-6347

ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ


## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

# 'ਪਾਣੀ ਚ ਮਧਾਣੀ' ਫਿਲਮ ਦਾ ਧਮਾਕੇਦਾਰ ਟ੍ਰੇਲਰ ਹੋਇਆ ਰਿਲੀਜ਼






ਚੰਡੀਗੜ੍ਹ 14 ਅਕਤੂਬਰ 2021. ਦਾਰਾ ਮੋਸ਼ਨ ਪਿਕਚਰ ਪ੍ਰਾਈਵੇਟ ਲਿਮਟਿਡ ਨੇ 'ਪਾਣੀ ਚ ਮਧਾਣੀ' ਦਾ ਟ੍ਰੇਲਰ ਪੇਸ਼ ਕੀਤਾ ਹੈ, ਜੋ ਕਿ ਹਾਸੇ, ਡਰਾਮੇ ਅਤੇ ਪਿਆਰ ਦਾ ਧਮਾਕੇਦਾਰ ਪਟਾਕਾ ਹੈ. 'ਪਾਣੀ ਚ ਮਧਾਣੀ ' ਪਹਿਲਾਂ ਹੀ ਦਰਸ਼ਕਾਂ ਵਿੱਚ ਪ੍ਰਸਿੱਧ ਹੋ ਚੁੱਕੀ ਹੈ ਕਿਉਂਕਿ ਗਿੱਪੀ ਗਰੇਵਾਲ ਦਾ ਨਵਾਂ ਅਵਤਾਰ ਸੁਰਖੀਆਂ ਵਿੱਚ ਹੈ ਅਤੇ ਨੀਰੂ ਬਾਜਵਾ ਦਾ ਸਦਾਬਹਾਰ ਮੋਹ ਵੱਡੇ ਪਰਦੇ ਤੇ ਤੁਹਾਡੇ ਦਿਲਾਂ ਨੂੰ ਚੋਰੀ ਕਰਨ ਲਈ ਤਿਆਰ ਹੈ. ਇਹ ਫਿਲਮ ਇਸ ਦੀਵਾਲੀ 'ਤੇ 4 ਨਵੰਬਰ, 2021 ਨੂੰ ਦੁਨੀਆ ਭਰ ਦੇ ਸਿਨੇਮਾਘਰਾਂ' ਚ ਵਿਖਾਈ ਜਾਵੇਗੀ।

12 ਸਾਲਾਂ ਬਾਅਦ ਮਸ਼ਹੂਰ ਜੋੜਾ ਗਿੱਪੀ ਗਰੇਵਾਲ ਅਤੇ ਨੀਰੂ ਬਾਜਵਾ ਇਕੱਠੇ ਵੱਡੇ ਪਰਦੇ ਨੂੰ ਸਾਂਝਾ ਕਰਦੇ ਨਜ਼ਰ ਆਉਣਗੇ। ਮੁੱਖ ਜੋੜੀ ਤੋਂ ਇਲਾਵਾ ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਇਫਤਿਖਾਰ ਠਾਕੁਰ ਅਤੇ ਹਾਰਬੀ ਸੰਘਾ ਮੁੱਖ ਭੂਮਿਕਾਵਾਂ ਨਿਭਾਉਂਦੇ ਨਜ਼ਰ ਆਉਣਗੇ। ਫਿਲਮ ਦਾ ਨਿਰਦੇਸ਼ਨ ਵਿਜੇ ਕੁਮਾਰ ਅਰੋੜਾ (ਦਾਦੂ) ਨੇ ਕੀਤਾ ਹੈ ਅਤੇ ਕਹਾਣੀ ਨਰੇਸ਼ ਕਥੂਰੀਆ ਨੇ ਲਿਖੀ ਹੈ। ਸੰਨੀ ਰਾਜ ਅਤੇ ਡਾ: ਪ੍ਰਭਜੋਤ ਸਿੱਧੂ (ਸਿਆਟਲ, ਯੂ ਐਸ ਏ) ਨੇ ਪੂਰੇ ਫਿਲਮ ਦਾ ਨਿਰਮਾਣ ਕੀਤਾ ਹੈ. ਸੰਗੀਤ ਹੰਬਲ ਮਿਊਜ਼ਿਕ 'ਤੇ ਰਿਲੀਜ਼ ਕੀਤਾ ਜਾਵੇਗਾ. ਜਤਿੰਦਰ ਸ਼ਾਹ 'ਪਾਣੀ ਚ ਮਧਾਣੀ' ਦੇ ਸੰਗੀਤ ਨਿਰਦੇਸ਼ਕ ਹਨ। ਹੈਪੀ ਰਾਏਕੋਟੀ ਨੇ ਗੀਤਾਂ ਦੇ ਬੋਲ ਲਿਖੇ ਹਨ।

ਗਿੱਪੀ ਗਰੇਵਾਲ ਨੇ ਕਿਹਾ, "ਸਾਨੂੰ ਭਰੋਸਾ ਹੈ ਕਿ ਸਾਡੀ ਫਿਲਮ ਪਾਣੀ ਚ ਮਧਾਣੀ ਹਰ ਕਿਸੇ ਨੂੰ ਸਾਰੀਆਂ ਭਾਵਨਾਵਾਂ ਤੋਂ ਰੂਬਰੂ ਕਰਵਾਏਗੀ। ਇਹ ਇੱਕ ਸ਼ਾਨਦਾਰ ਪਰਿਵਾਰਕ ਫਿਲਮ ਸਾਬਿਤ ਹੋਏਗੀ . ਸਾਨੂੰ ਭਰੋਸਾ ਹੈ ਕਿ ਦਰਸ਼ਕ ਇਸਦਾ ਉਨਾ ਹੀ ਅਨੰਦ ਲੈਣਗੇ ਜਿੰਨਾ ਅਸੀਂ ਇਸਨੂੰ ਬਣਾਉਣ ਵਿੱਚ ਅਨੰਦ ਲਿਆ ਹੈ ."


ਫਿਲਮ ਦੀ ਪ੍ਰਮੁੱਖ ਅਦਾਕਾਰਾ ਨੀਰੂ ਬਾਜਵਾ ਨੇ ਕਿਹਾ, "12 ਸਾਲਾਂ ਬਾਅਦ ਇਕੱਠੇ ਆਉਣਾ ਬਹੁਤ ਖਾਸ ਹੈ। ਮੈਂ ਦਰਸ਼ਕਾਂ ਦੇ ਇਸ ਨੂੰ ਵੇਖਣ ਦੀ ਉਡੀਕ ਨਹੀਂ ਕਰ ਸਕਦੀ . ਮੈਨੂੰ ਯਕੀਨ ਹੈ ਕਿ ਲੋਕ ਇਸ ਨੂੰ ਪਸੰਦ ਕਰਣਗੇ. ਇਸ ਫਿਲਮ ਨੂੰ ਪੂਰੇ ਪਰਿਵਾਰ ਨਾਲ ਵੇਖਿਆ ਜਾ ਸਕਦਾ ਹੈ ਅਤੇ ਮੈਂ ਉਤਸ਼ਾਹ ਵਿੱਚ ਫਿਲਮ ਬਾਰੇ ਬਹੁਤ ਕੁਝ ਨਹੀਂ ਦੱਸ ਸਕਦੀ "

ਨਿਰਮਾਤਾ ਸੰਨੀ ਰਾਜ ਅਤੇ ਡਾ: ਪ੍ਰਭਜੋਤ ਸਿੱਧੂ ਨੇ ਕਿਹਾ, "ਇਸ ਫਿਲਮ ਦੇ ਨਿਰਮਾਤਾ ਹੋਣ ਦੇ ਨਾਤੇ, ਅਸੀਂ ਆਪਣੇ ਫਿਲਮ ਨੂੰ ਲੈ ਕੇ ਕਾਫੀ ਉਮੀਦ ਹੈ . ਅਜਿਹੇ ਪ੍ਰਤਿਭਾਸ਼ਾਲੀ ਅਦਾਕਾਰ ਨਾਲ ਅਤੇ ਟੀਮ ਵਿੱਚ ਸ਼ਾਮਲ ਹੋਣਾ ਇੱਕ ਸ਼ਾਨਦਾਰ ਤਜਰਬਾ ਸੀ. ਸਾਨੂੰ ਪੂਰਾ ਭਰੋਸਾ ਹੈ ਕਿ ਇਹ ਫਿਲਮ ਪੋਲੀਵੁਡ ਵਿੱਚ ਇੱਕ ਵਖਰਾ ਇਤਿਹਾਸ ਬਣਾਏਗੀ "

ਫਿਲਮ ਦੇ ਨਿਰਦੇਸ਼ਕ ਵਿਜੇ ਕੁਮਾਰ ਅਰੋੜਾ (ਦਾਦੂ) ਨੇ ਕਿਹਾ, "ਫਿਲਮ ਦੇ ਨਿਰਮਾਣ ਵਿੱਚ 12 ਸਾਲਾਂ ਬਾਅਦ ਇਸ ਪਿਆਰੇ ਜੋੜੇ ਨੂੰ ਇਕੱਠੇ ਲਿਆ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ। ਇਹ ਹਰ ਉਸ ਆਦਮੀ ਦੀ ਕਹਾਣੀ ਹੈ ਜਿਸਨੇ ਕਦੇ ਸਫਲ ਹੋਣ ਦਾ ਸੁਪਨਾ ਦੇਖਿਆ ਅਤੇ ਉਸ ਸੁਪਨੇ ਨੂੰ ਪੂਰਾ ਕਰਨ ਦਾ ਜਤਨ ਕੀਤਾ। "

'ਪਾਣੀ ਚ ਮਧਾਣੀ' ਇਸ ਦੀਵਾਲੀ, 4 ਨਵੰਬਰ 2021 ਨੂੰ ਸਿਨੇਮਾ ਘਰਾਂ ਵਿਚ ਆਪਣਾ ਰੰਗ ਭਰਨ ਲਈ ਤਿਆਰ ਹੈ।

# ਦੱਬੀਆਂ ਉਜਰਤਾਂ ਨਾ ਮਿਲਣ 'ਤੇ ਇੰਟਰਨੈਸ਼ਨਲ ਵਿਦਿਆਰਥੀਆਂ ਤੇ ਕਾਮਿਆਂ ਵੱਲੋਂ ਕੀਤੀ ਗਈ ਭਰਵੀਂ ਰੈਲੀ




ਬਰੈਂਪਟਨ, (ਡਾ. ਝੰਡ) – ਪ੍ਰਾਪਤ ਸੂਚਨਾ ਅਨੁਸਾਰ ਲੰਘੇ 2 ਅਕਤੂਬਰ ਸ਼ਨੀਵਾਰ ਨੂੰ ਇੰਟਰਨੈਸ਼ਨਲ ਵਿਦਿਆਰਥੀਆਂ ਅਤੇ ਹੋਰ ਕਾਮਿਆਂ ਵੱਲੋਂ ਨੌਜੁਆਨ ਸੁਪੋਰਟ ਨੈੱਟਵਰਕ ਦੀ ਅਗਵਾਈ ਵਿਚ ਇਕ ਭਰਵੀਂ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਦਾ ਮੁੱਖ ਕਾਰਨ ਇਹ ਦੱਸਿਆ ਗਿਆ ਕਿ ਵੱਖ-ਵੱਖ ਖ਼ੇਤਰਾਂ ਵਿਚ ਕਈ ਅਦਾਰਿਆਂ ਵੱਲੋਂ ਕੰਮ ਕਰਵਾ ਕੇ ਬਾਅਦ ਵਿਚ ਕੋਈ ਨਾ ਕੋਈ ਬਹਾਨਾ ਲਗਾ ਕੇ ਉਨ੍ਹਾਂ ਦੀ ਤਨਖ਼ਾਹ ਰੱਖ ਲਈ ਜਾਂਦੀ ਹੈ ਅਤੇ ਇਹ ਤਨਖ਼ਾਹ ਉਨ੍ਹਾਂ ਨੂੰ ਨਹੀਂ ਦਿੱਤੀ ਜਾਂਦੀ।

ਇਹ ਰੈਲੀ ਬਰੈਂਪਟਨ ਦੇ 161 ਸੰਨੀਮੈਡੋ ਪਾਰਕ ਵਿਚ ਰੱਖੀ ਗਈ ਜਿੱਥੇ ਲੱਗਭੱਗ 300 ਅੰਤਰ-ਰਾਸ਼ਟਰੀ ਵਿਦਿਆਰਥੀ ਅਤੇ ਹੋਰ ਕਾਮੇ ਇਕੱਠੇ ਹੋਏ। ਇਨ੍ਹਾਂ ਵਿਚ ਵੱਡੀ ਗਿਣਤੀ ਟਰੱਕਿੰਗ ਇੰਡਸਟਰੀ ਵਿਚ ਕੰਮ ਕਰਨ ਵਾਲੇ ਡਰਾਈਵਰਾਂ ਦੀ ਸੀ ਪਰ ਕੁਝ ਹੋਰ ਖ਼ੇਤਰਾਂ ਜਿਵੇਂ, ਰੈਸਟੋਰੈਂਟਾਂ ਅਤੇ ਕੰਨਸਟਰੱਕਸ਼ਨ ਖ਼ੇਤਰ ਵਿਚ ਕੰਮ ਕਰਨ ਵਾਲੇ ਕਾਮੇਂ ਵੀ ਇਸ ਰੈਲੀ ਵਿਚ ਸ਼ਾਮਲ ਹੋਏ। ਰੈਲੀ ਵਿਚ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਹੋਇਆਂ ਕਈ ਮਾਲਕਾਂ ਉੱਪਰ ਪੂਰੀਆਂ ਤਨਖ਼ਾਹਾਂ ਨਾ ਦੇਣ ਦੇ ਦੋਸ਼ ਲਗਾਏ ਅਤੇ ਉਸ ਤੋਂ ਬਾਅਦ ਉਹ ਚਾਰ ਟਰੱਕ ਕੰਪਨੀਆਂ ਦੇ ਮਾਲਕਾਂ ਦੇ ਘਰਾਂ ਦੇ ਅੱਗੇ ਰੋਸ-ਪ੍ਰਦਰਸ਼ਨ ਕਰਨ ਲਈ ਚੱਲ ਪਏ।

ਇਸ ਪਾਰਕ ਦੇ ਨੇੜੇ ਹੀ ਫ਼ਲੋਅ ਬੋਆਏ ਟਰੱਕ ਕੰਪਨੀ ਦੇ ਮਾਲਕ ਬੂਟਾ ਸਿੰਘ ਅਤੇ ਕਾਰਗੋ ਕਾਊਂਟੀ ਕੰਪਨੀ ਦੇ ਮਾਲਕ ਰਮਨਪ੍ਰੀਤ ਦੇ ਘਰ ਸਨ ਜਿੱਥੇ ਮੁਜ਼ਾਹਰਾਕਾਰੀਆਂ ਵੱਲੋਂ ਸੱਭ ਤੋਂ ਪਹਿਲਾਂ ਰੋਸ-ਮੁਜ਼ਾਹਰਾ ਕੀਤਾ ਗਿਆ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਬੂਟਾ ਸਿੰਘ ਨੇ ਆਪਣੇ ਡਰਾਈਵਰ ਗਗਨਦੀਪ ਸਿੱਧੂ ਦੇ 5562 ਡਾਲਰ ਅਤੇ ਕਾਰਗੋ ਕਾਊਂਟੀ ਦੇ ਮਾਲਕ ਰਮਨਪ੍ਰੀਤ ਵੱਲੋਂ ਚਾਰ ਡਰਾਈਵਰਾਂ ਦੇ ਬਣਦੇ 70,000 ਡਾਲਰ ਉਨ੍ਹਾਂ ਨੂੰ ਅਜੇ ਤੱਕ ਨਹੀਂ ਦਿੱਤੇ ਗਏ। ਇਸ ਤੋਂ ਬਾਅਦ ਇਹ ਰੋਸ-ਮੁਜ਼ਾਹਰੇ 'ਕੈਨੇਡਾ ਵਾਈਡ' ਕੰਪਨੀ ਦੇ ਮਾਲਕ ਗਗਨਦੀਪ ਧਾਲੀਵਾਲ ਅਤੇ ਕਾਰਗੋ ਟ੍ਰਾਂਸਪੋਰਟ ਕੰਪਨੀਆਂ ਦੇ ਮਾਲਕਾਂ ਮਨਪ੍ਰੀਤ ਸਿੱਧੂ ਤੇ ਹਰਦੀਪ ਭੁੱਲਰ ਦੇ ਘਰਾਂ ਦੇ ਸਾਹਮਣੇ ਵੀ ਕੀਤੇ ਗਏ ਜਿਨ੍ਹਾਂ ਨੇ ਹਜ਼ਾਰਾਂ ਡਾਲਰ ਡਰਾਈਵਰਾਂ ਦੇ ਦੱਬੇ ਹੋਏ ਹਨ।

# ਟ੍ਰਿੱਪਲ ਕਰਾਊਨ ਸੀਨੀਅਰਜ਼ ਕਲੱਬ ਵਲੋਂ ਬਲੱਫਰਜ਼ ਪਾਰਕ ਦਾ ਟੂਰ





ਬਰੈਂਪਟਨ, (ਡਾ. ਝੰਡ) -ਕਰੋਨਾ ਦੇ ਕਾਰਨ ਪਿਛਲੇ ਲੱਗਭੱਗ ਡੇਢ ਸਾਲ ਤੋਂ ਘਰਾਂ ਵਿਚ ਬੰਦ ਰਹਿਣ ਤੋਂ ਬਾਅਦ ਟ੍ਰਿੱਪਲ ਕਰਾਊਨ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਓਦੋਂ ਕਾਫ਼ੀ ਰਾਹਤ ਮਹਿਸੂਸ ਕੀਤੀ ਜਦੋਂ ਕੋਵਿਡ-19 ਦੀਆਂ ਬੰਦਸ਼ਾਂ ਵਿਚ ਕੁਝ ਢਿੱਲ ਮਿਲਣ 'ਤੇ ਇਸ ਕਲੱਬ ਦੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਬਲੱਫ਼ਰਜ਼ ਪਾਰਕ ਦੇ ਟੂਰ 'ਤੇ ਲਿਜਾਣ ਦਾ ਫ਼ੈਸਲਾ ਕੀਤਾ ਗਿਆ। ਸੀਨੀਅਰਾਂ ਵਿਚ ਹੋ ਰਹੀ ਇਸ ਹਿੱਲਜੁਲ ਵਿਚ ਹੋਰ ਵੀ ਵਾਧਾ ਹੋ ਗਿਆ ਜਦੋਂ ਬਰੈਂਪਟਨ ਦੇ ਵਾਰਡ ਨੰਬਰ 7 ਅਤੇ 8 ਦੇ ਰੀਜਨਲ ਕਾਊਂਸਲਰ ਪੈਟ ਫ਼ੋਰਟਿਨੀ ਵੱਲੋਂ ਵਾਰਡ ਦੀ ਹਰੇਕ ਸੀਨੀਅਰ ਕਲੱਬ ਨੂੰ ਆਪਣੇ ਮੈਂਬਰਾਂ ਨੂੰ ਟੂਰ 'ਤੇ ਲਿਜਾਣ ਲਈ 500 ਡਾਲਰ ਦੀ ਸਹਾਇਤਾ ਰਾਸ਼ੀ ਜਾਰੀ ਕਰ ਦਿੱਤੀ ਗਈ।

ਮੀਂਹ ਕਾਰਣ ਨਿਆਗਰਾ ਫ਼ਾਲਜ਼ ਲਿਜਾਣ ਦਾ ਪ੍ਰੋਗਰਾਮ ਕੈਂਸਲ ਕਰਕੇ ਕਲੱਬ ਦੇ ਪ੍ਰਬੰਧਕਾਂ ਨੇ ਇਹ ਟੂਰ ਬਲੱਫ਼ਰਜ਼ ਪਾਰਕ ਲਿਜਾਣ ਦਾ ਫ਼ੈਸਲਾ ਕਰ ਲਿਆ ਜਿਸ ਦਾ ਸਾਰੇ ਮੈਂਬਰਾਂ ਵੱਲੋਂ ਸੁਆਗ਼ਤ ਕੀਤਾ ਗਿਆ। ਸਵੇਰੇ ਸਾਢੇ ਨੌਂ ਵਜੇ ਸਾਰੇ ਮੈਂਬਰ ਜੈਕਾਰਿਆਂ ਦੀ ਗੂੰਜ ਵਿਚ ਮੰਜ਼ਲ ਵੱਲ ਰਵਾਨਗੀ ਕਰ ਦਿੱਤੀ ਗਈ।

ਲੱਗਭੱਗ ਡੇਢ ਘੰਟੇ ਦੇ ਸਫ਼ਰ ਪਿੱਛੋਂ ਆਪਣੀ ਮੰਜ਼ਲ 'ਤੇ ਪਹੁੰਚ ਗਏ। ਰੁਕ-ਰੁਕ ਕੇ ਥੋੜ੍ਹੀ-ਥੋੜ੍ਹੀ ਬਾਰਸ਼ ਵੀ ਹੋ ਰਹੀ ਸੀ। ਲੱਗਭੱਗ ਢਾਈ ਘੰਟੇ ਦੀ ਲੰਮੀ ਸੈਰ ਤੋਂ ਬਾਅਦ ਸਾਰਿਆਂ ਨੇ ਦੁਪਹਿਰ ਦਾ ਭੋਜਨ ਮਿਲ ਕੇ ਛਕਿਆ। ਕੁਝ ਮੈਂਬਰਾਂ ਨੇ ਕਵਿਤਾਵਾਂ, ਗੀਤਾਂ ਅਤੇ ਗੱਲਾਂ-ਬਾਤਾਂ ਦੇ ਰੂਪ ਵਿਚ ਆਪਣੇ ਵਿਚਾਰ ਸਾਂਝੇ ਕੀਤੇ। ਕਲੱਬ ਦੇ ਖ਼ਜ਼ਾਨਚੀ ਮੁਖਤਾਰ ਸਿੰਘ ਸੰਧਾ ਅਤੇ ਮੀਤ-ਪ੍ਰਧਾਨ ਮਨਜੀਤ ਸਿੰਘ ਬੋਇਲ ਨੇ ਇਸ ਟੂਰ ਨੂੰ ਸਫ਼ਲ ਬਨਾਉਣ ਵਿਚ ਵੱਡਾ ਯੋਗਦਾਨ ਪਾਇਆ।

ਇਸ ਦੌਰਾ ਚਾਰ ਵਜੇ ਵਾਪਸੀ ਸਫ਼ਰ ਸ਼ੁਰੂ ਕਰ ਦਿੱਤਾ ਗਿਆ। ਕਲੱਬ ਦੇ ਪ੍ਰਧਾਨ ਪ੍ਰੋ. ਨਿਰਮਲ ਸਿੰਘ ਧਾਰਨੀ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਦਾ ਧੰਨਵਾਦ ਕੀਤਾ ਗਿਆ।






## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8






**CASTLEMORE/GOREWAY**

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




**8337 ਗਲਫ ਲਾਈਨ**


401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




**26 Yellow RomeRd**

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

## Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**INVISALIGN & BRACES INCLUDING CLEAR BRACES**
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# Great Invetsment Opportunity

## In The Region of Timminis,ON

### 8 ACRE OF lAND CAN BE SEVERD IN TWO LOTS OF 4 ACRE

### Apartment Building For Sale:

| | | |
|---|---|---|
| 4 units 3 bedroom | 2 units 1 bedroom | 1 unit bachelor |








## For More Details Call: 416-970-5005/647-242-8667



Jas Toor
Sales Repersentative

Sutton Group-Realty Experts
Brokerage*

Jagdish Grewal
Sales Repersentative

President Realty Inc.
Brokerage*



Chapel Ridge
FUNERAL HOME
& CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



## 2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**
**647-966-0093**
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON



ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON


$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

BRAMPTON



$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



$749,905
William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON



34 Winterfold Dr
CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



